# ਪਿੰਡਾਂ ਦੇ ਵਿਕਾਸ ਵਿਚ ਰੋਜ਼ਾਨਾ 'ਅਜੀਤ' ਦੀ ਭੂਮਿਕਾ

—੦ ਇਕ ਅਧਿਐਨ ੦—

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚ

**ਡਾਕਟਰ ਆਫ਼ ਫ਼ਿਲਾਸਫ਼ੀ ਇਨ ਜਰਨਲਇਜ਼ਮ**

ਦੀ ਡਿਗਰੀ ਲਈ ਪ੍ਰਸਤੁਤ ਕੀਤੇ ਜਾਣ ਵਾਲਾ

## ਸ਼ੋਧ ਪ੍ਰਬੰਧ

ਖੋਜਾਰਥੀ

**ਕਮਲਜੀਤ ਕੌਰ**

ਨਿਗਰਾਨ

**ਡਾ. ਲਖਵਿੰਦਰ ਸਿੰਘ ਜੌਹਲ**

**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਪੰਜਾਬ**

(2013)

# DECLARATION

ਮੈਂ ਬਿਆਨ ਕਰਦੀ ਹਾਂ ਕਿ "ਪਿੰਡਾਂ ਦੇ ਵਿਕਾਸ ਵਿਚ ਰੋਜ਼ਾਨਾ 'ਅਜੀਤ' ਦੀ ਭੂਮਿਕਾ : ਇਕ ਅਧਿਐਨ" ਸ਼ੋਧ ਪ੍ਰਬੰਧ ਮੇਰੇ ਵੱਲੋਂ ਡਾਕਟਰ ਲਖਵਿੰਦਰ ਸਿੰਘ ਜੌਹਲ ਦੀ ਨਿਗਰਾਨੀ ਅਧੀਨ ਤਿਆਰ ਕੀਤਾ ਗਿਆ ਹੈ। ਇਸ ਸ਼ੋਧ ਪ੍ਰਬੰਧ ਦਾ ਕੋਈ ਵੀ ਹਿੱਸਾ ਕਿਸੇ ਵੀ ਰੂਪ ਵਿਚ ਕਿਸੇ ਵੀ ਡਿਗਰੀ ਜਾਂ ਫੈਲੋਸ਼ਿਪ ਲਈ ਪਹਿਲਾਂ ਕਦੇ ਕਿਤੇ ਵੀ ਪ੍ਰਸਤੁਤ ਨਹੀਂ ਕੀਤਾ ਗਿਆ।

**ਕਮਲਜੀਤ ਕੌਰ**

# CERTIFICATE

ਤਸਦੀਕ ਕੀਤਾ ਜਾਂਦਾ ਹੈ ਕਿ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਦੇ ਜਰਨਲਇਜ਼ਮ ਵਿਭਾਗ ਵਿਚ ਪੀ ਐੱਚ. ਡੀ. ਦੀ ਡਿਗਰੀ ਲਈ ਪ੍ਰਸਤੁਤ ਕੀਤੇ ਜਾਣ ਵਾਲਾ ਸ਼ੋਧ ਪ੍ਰਬੰਧ—"ਪਿੰਡਾਂ ਦੇ ਵਿਕਾਸ ਵਿਚ ਰੋਜ਼ਾਨਾ 'ਅਜੀਤ' ਦੀ ਭੂਮਿਕਾ : ਇਕ ਅਧਿਐਨ" ਮੇਰੀ ਨਿਗਰਾਨੀ ਅਧੀਨ ਤਿਆਰ ਕੀਤਾ ਗਿਆ ਹੈ।

**ਨਿਗਰਾਨ**

**(ਲਖਵਿੰਦਰ ਸਿੰਘ ਜੌਹਲ)**

**20 ਪ੍ਰੋਫ਼ੈਸਰ ਕਾਲੋਨੀ,**

**ਖੁਰਲਾ ਕਿੰਗਰਾ ਰੋਡ,**

**ਜਲੰਧਰ।**

# ACKNOWLEDGEMENT

– ਮੈਂ ਧੰਨਵਾਦੀ ਹਾਂ ਆਪਣੇ ਨਿਗਰਾਨ ਡਾ. ਲਖਵਿੰਦਰ ਸਿੰਘ ਜੌਹਲ ਦੀ, ਜਿਨ੍ਹਾਂ ਦੀ ਸੁਯੋਗ ਅਗਵਾਈ ਅਤੇ ਮਾਰਗ ਦਰਸ਼ਨ ਨੇ ਮੈਨੂੰ ਇਹ ਸ਼ੋਧ ਪ੍ਰਬੰਧ ਲਿਖਣ ਦੇ ਯੋਗ ਬਣਾਇਆ।

– ਮੈਂ ਆਪਣੇ ਪ੍ਰੇਰਨਾ ਸਰੋਤ ਰੋਜ਼ਾਨਾ 'ਅਜੀਤ' ਅਖ਼ਬਾਰ ਦੇ ਮੁਖੀ ਡਾ. ਬਰਜਿੰਦਰ ਸਿੰਘ ਹਮਦਰਦ ਜੀ ਦੀ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਪੱਤਰਕਾਰੀ ਦੀਆਂ ਬਾਰੀਕੀਆਂ ਅਤੇ ਅਖ਼ਬਾਰ ਦੀ ਕਾਰਜਸ਼ੈਲੀ ਬਾਰੇ ਮੈਨੂੰ ਜਾਣੂ ਕਰਵਾਇਆ, ਜਿਸ ਨਾਲ ਮੇਰੇ ਲਈ ਇਹ ਸਾਰਾ ਕਾਰਜ ਸੰਪਨ ਕਰਨਾ ਸਹਿਜ ਹੋ ਗਿਆ।

– ਡਾ. ਜਸਦੀਪ ਕੌਰ ਧਾਮੀ, ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਦਾ ਵੀ ਵਿਸ਼ੇਸ਼ ਧੰਨਵਾਦ ਹੈ, ਜਿਨ੍ਹਾਂ ਨੇ ਮੈਨੂੰ ਸ਼ੋਧ ਕਾਰਜ ਦੀ ਸੂਤਰਬੱਧਤਾ ਬਾਰੇ ਭਰਪੂਰ ਜਾਣਕਾਰੀ ਦਿੱਤੀ।

**(ਕਮਲਜੀਤ ਕੌਰ)**

# ਭੂਮਿਕਾ : ਸ਼ੋਧ ਪ੍ਰਬੰਧ ਦਾ ਸਾਰੰਸ਼

"ਪਿੰਡਾਂ ਦੇ ਵਿਕਾਸ ਵਿਚ ਰੋਜ਼ਾਨਾ 'ਅਜੀਤ' ਦੀ ਭੂਮਿਕਾ : ਇਕ ਅਧਿਐਨ" ਸ਼ੋਧ ਪ੍ਰਬੰਧ ਦਾ ਵਿਸ਼ਾ ਏਨਾ ਵਿਸ਼ਾਲ ਹੈ ਕਿ ਇਸ ਵਾਸਤੇ ਢੁੱਕਵੀਂ ਖੋਜ ਵਿਧੀ ਅਪਨਾਉਣਾ, ਇਸ ਦੀਆਂ ਸੀਮਾਵਾਂ ਅਤੇ ਸਥਾਪਨਾਵਾਂ ਵੱਲ ਅਗਰਸਰ ਹੋਣਾ ਅਤੇ ਅਧਿਐਨ ਦੇ ਵਿਭਿੰਨ ਪੜਾਵਾਂ ਵਿਚੀਂ ਗੁਜ਼ਰਨਾ ਬਹੁਤ ਹੀ ਬਿਖੜਾ, ਪਰ ਦਿਲਚਸਪ ਕਾਰਜ ਸੀ।

ਦੁਨੀਆ ਵਿਚ ਸਭ ਤੋਂ ਵੱਧ ਛਪਣ ਵਾਲਾ 'ਅਜੀਤ' ਅਖ਼ਬਾਰ, ਪੰਜਾਬ ਦਾ ਪਹਿਲਾ ਅਜਿਹਾ ਅਖ਼ਬਾਰ ਹੈ, ਜਿਸ ਨੇ ਪੰਜਾਬੀ ਜਨਜੀਵਨ ਦੀਆਂ ਭਾਵਨਾਵਾਂ ਨੂੰ ਇਸ ਤਰ੍ਹਾਂ ਜਾਣਿਆ ਅਤੇ ਪਛਾਣਿਆ ਹੈ ਕਿ ਇਹ ਅਖ਼ਬਾਰ ਪੰਜਾਬ ਦੀ ਆਵਾਜ਼ ਹੈ।

ਇਸ ਦੀ ਸ਼ੁਰੂਆਤ ਦੇਸ਼ ਦੀ ਵੰਡ ਤੋਂ ਪਹਿਲਾਂ ਸੰਨ 1941 ਵਿਚ ਅਣਵੰਡੇ ਪੰਜਾਬ ਦੀ ਰਾਜਧਾਨੀ ਤੋਂ ਲਾਹੌਰ ਉਰਦੂ ਭਾਸ਼ਾ ਵਿਚ  ਹੋਈ ਸੀ। ਉਦੋਂ ਇਸ ਦੇ ਸੰਪਾਦਕ ਸ. ਲਾਲ ਸਿੰਘ ਕਮਲਾ ਅਕਾਲੀ ਸਨ। 1947 ਤੋਂ ਬਾਅਦ ਉਰਦੂ 'ਅਜੀਤ' ਦੀ ਪ੍ਰਕਾਸ਼ਨਾ ਜਲੰਧਰ ਤੋਂ ਸ਼ੁਰੂ ਕੀਤੀ ਗਈ, ਜਿਸ ਦੇ ਮੁੱਖ ਸੰਪਾਦਕ ਬਣੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਲੰਬਰਦਾਰ ਸ. ਸਾਧੂ ਸਿੰਘ ਹਮਦਰਦ। ਸੰਨ 1955 ਵਿਚ ਸ਼ੁਰੂ ਹੋਈ ਇਸ ਪ੍ਰਕਾਸ਼ਨਾ ਵੇਲੇ ਇਸ ਅਖ਼ਬਾਰ ਦਾ ਨਾਂਅ 'ਅਜੀਤ ਪੱਤ੍ਰਿਕਾ' ਰੱਖਿਆ ਗਿਆ। ਸਿਰਫ਼ ਦੋ ਸਾਲ ਬਾਅਦ ਹੀ ਸੰਨ 1957 ਵਿਚ ਇਸ ਦਾ ਨਾਂਅ ਬਦਲ ਕੇ 'ਅਜੀਤ ਕਰ ਦਿੱਤਾ ਗਿਆ। ਡਾ. ਸਾਧੂ ਸਿੰਘ ਹਮਦਰਦ ਦੀ ਸ਼ਖ਼ਸੀਅਤ, ਸਖ਼ਤ ਮਿਹਨਤ ਅਤੇ ਪੱਕੇ ਇਰਾਦੇ ਨੇ ਇਸ ਅਖ਼ਬਾਰ ਨੂੰ ਪੰਜਾਬੀਅਤ ਦੀ ਰੂਹ ਨਾਲ ਓਤਪੋਤ ਕਰ ਦਿੱਤਾ।

29 ਜੁਲਾਈ 1984 ਨੂੰ ਜਦੋਂ ਡਾਕਟਰ ਸਾਧੂ ਸਿੰਘ ਹਮਦਰਦ ਵਿਛੋੜਾ ਦੇ ਗਏ ਤਾਂ ਇਸ ਅਖ਼ਬਾਰ ਦੇ ਮੈਨੇਜਿੰਗ ਐਡੀਟਰ ਉਨ੍ਹਾਂ ਦੇ ਸਪੁੱਤਰ ਸ: ਬਰਜਿੰਦਰ ਸਿੰਘ ਹਮਦਰਦ ਬਣੇ। ਉਨ੍ਹਾਂ ਕੋਲ ਆਪਣੇ ਪਿਤਾ ਜੀ ਨਾਲ ਕੰਮ ਕਰਨ ਉਪਰੰਤ ਮਾਸਿਕ ਪੱਤਰ 'ਦ੍ਰਿਸ਼ਟੀ' ਅਤੇ 'ਅੰਨਦਾਤਾ' ਚਲਾਉਣ ਤੇ ਫੇਰ 'ਪੰਜਾਬੀ ਟ੍ਰਿਬਿਊਨ' ਦੇ ਬਾਨੀ ਸੰਪਾਦਕ ਹੋਣ ਦਾ ਇਕ ਲੰਮਾ ਤਜਰਬਾ ਸੀ। ਇਨ੍ਹਾਂ ਹੱਥਾਂ ਵਿਚ ਆ ਕੇ 'ਅਜੀਤ' ਨੇ ਨਵੀਂ ਤਕਨਾਲੋਜੀ ਨਾਲ ਲੈੱਸ ਹੋ ਕੇ ਪੰਜਾਬੀ ਪੱਤਰਕਾਰੀ ਵਿਚ ਨਵੀਆਂ ਸਿਖਰਾਂ ਛੋਹਣੀਆਂ ਸ਼ੁਰੂ ਕੀਤੀਆਂ।

ਇਸ ਸ਼ੋਧ ਪ੍ਰਬੰਧ ਲਈ ਵਿਆਪਕ ਅਧਿਐਨ ਕਰਦਿਆਂ, ਜਿਹੜੀ ਗੱਲ ਵਿਸ਼ੇਸ਼ ਰੂਪ ਵਿਚ ਉੱਭਰ ਕੇ ਸਾਹਮਣੇ ਆਈ, ਉਹ ਹੈ, ਇਸ ਅਖ਼ਬਾਰ ਦੀ ਤਰਕ-ਸੰਗਤ ਪਹੁੰਚ। ਸਰਬ ਸਾਂਝੀਵਾਲਤਾ ਦੇ ਸੰਕਲਪ ਨਾਲ ਸ਼ੁਰੂ ਹੋਇਆ ਇਸ ਅਖ਼ਬਾਰ ਦਾ ਸਫ਼ਰ, ਪੰਜਾਬੀ ਮਾਨਸਿਕਤਾ ਦੇ ਅਨੁਰੂਪ ਹੈ। ਪੰਜਾਬ ਏਸ਼ੀਆ ਦਾ ਉਹ ਖਿੱਤਾ ਹੈ, ਜੋ ਭਾਰਤ ਦੇ ਉੱਤਰ-ਪੱਛਮ ਵਿਚ ਸਥਿਤ ਹੈ ਅਤੇ ਇਸ ਛੋਟੇ ਜਿਹੇ ਪ੍ਰਾਂਤ ਦਾ ਇਕ ਲੰਬਾ ਇਤਿਹਾਸ ਹੈ। ਪਿਛਲੇ ਪੰਜ ਸੌ ਸਾਲ ਅਜਿਹੇ ਹਨ, ਜੋ ਸਰਬ ਧਰਮ ਸਦਭਾਵ ਅਤੇ ਸਾਂਝੀਵਾਲਤਾ ਦੇ ਫ਼ਲਸਫ਼ੇ ਦੀ ਦ੍ਰਿਸ਼ਟੀ ਵਾਲੇ ਹਨ। ਇਸੇ ਫ਼ਲਸਫ਼ੇ ਨੂੰ ਸੂਫ਼ੀ ਸ਼ਾਇਰਾਂ ਅਤੇ ਸਿੱਖ ਗੁਰੂ ਸਾਹਿਬਾਨ ਨੇ ਇਸ ਦੀਆਂ ਰਹਿਤਲਾਂ ਤੱਕ ਪਛਾਣਿਆ ਅਤੇ ਇਸ ਨੂੰ ਨਵੀਆਂ ਬੁਲੰਦੀਆਂ ਤੱਕ ਪਹੁੰਚਾਇਆ।

'ਅਜੀਤ' ਦੇ ਬਾਨੀ ਸੰਪਾਦਕ ਡਾ. ਸਾਧੂ ਸਿੰਘ ਹਮਦਰਦ ਨੇ ਇਸ ਪਛਾਣ ਨੂੰ 'ਅਜੀਤ' ਦੀ ਪਛਾਣ ਬਣਾ ਲਿਆ। ਹੋਰ ਅਖ਼ਬਾਰ, ਭਾਵੇਂ ਉਹ ਵੱਡੇ ਵੱਡੇ ਟਰੱਸਟਾਂ ਜਾਂ ਘਰਾਣਿਆਂ ਵੱਲੋਂ ਚਲਾਏ ਜਾਂਦੇ ਹੋਣ, ਕੋਈ ਵੀ ਅਜਿਹੀ ਬੁਲੰਦੀ ਨੂੰ ਨਾ ਪਹੁੰਚ ਪਾਇਆ, ਜਿਹੜੀ ਬੁਲੰਦੀ 'ਅਜੀਤ' ਨੇ ਹਾਸਲ ਕੀਤੀ। ਇਸ ਖਿੱਤੇ ਵਿਚੋਂ ਉੱਠੀ ਕੋਈ ਵੀ ਲਹਿਰ ਚਾਹੇ ਉਹ ਆਰਥਿਕ-ਸਮਾਜਿਕ ਵਿਕਾਸ ਨਾਲ ਜੁੜੀ ਹੋਈ ਹੋਵੇ ਅਤੇ ਚਾਹੇ ਉਹ ਸੱਭਿਆਚਾਰਕ ਪਛਾਣ ਨੂੰ ਪ੍ਰਣਾਈ ਹੋਈ ਹੋਵੇ 'ਅਜੀਤ' ਦੀ ਆਵਾਜ਼ ਨਾਲ ਉਸ ਦੀ ਇਕਸੁਰਤਾ ਹਮੇਸ਼ਾ ਕਾਇਮ ਰਹੀ ਹੈ।

'ਅਜੀਤ' ਵੱਲੋਂ ਸਮਾਜ ਪ੍ਰਤੀ ਨਿਭਾਈ ਜਾ ਰਹੀ ਜ਼ਿੰਮੇਵਾਰੀ ਦੇ ਵਿਭਿੰਨ ਪਹਿਲੂਆਂ ਵਿਚ ਪਿੰਡਾਂ ਦੇ ਵਿਕਾਸ ਨਾਲ ਜੁੜਿਆ ਹੋਇਆ ਪਹਿਲੂ, ਇਸ ਕਰਕੇ ਵਿਲੱਖਣ ਹੈ ਕਿ ਇਸ ਨਾਲ ਪੰਜਾਬੀਆਂ ਦੀ ਪ੍ਰਗਤੀ ਦਾ ਭਵਿੱਖ ਜੁੜਿਆ ਹੋਇਆ ਹੈ। ਇਸ ਅਖ਼ਬਾਰ ਵਿਚ ਜਿਸ ਤਰ੍ਹਾਂ ਦੀ ਸਮੱਗਰੀ ਛਪਦੀ ਹੈ, ਜਿਸ ਤਰ੍ਹਾਂ ਖ਼ਬਰਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਅਤੇ ਜਿਸ ਤਰ੍ਹਾਂ ਦੇ ਸੰਪਾਦਕੀ ਲਿਖੇ ਜਾ ਰਹੇ ਹਨ, ਉਸ ਉੱਤੇ ਝਾਤ ਪਾ ਕੇ, ਉਨ੍ਹਾਂ ਵਿਚ ਵਿਦਮਾਨ ਪੰਜਾਬ ਦੇ ਵਿਕਾਸ ਦੀ ਚਿੰਤਾ ਨੂੰ ਉਜਾਗਰ ਕਰਨ ਦੇ ਯਤਨਾਂ ਨੂੰ ਇਸ ਸ਼ੋਧ ਪ੍ਰਬੰਧ ਵਿਚ ਵਿਸ਼ੇਸ਼ ਤੌਰ 'ਤੇ ਅੰਕਿਆ ਗਿਆ ਹੈ। ਸੰਪਾਦਕੀ ਲੇਖਾਂ ਵਿਚ ਇਸ ਅਖ਼ਬਾਰ ਦੀ ਬਹੁਰੰਗੀ ਤਸਵੀਰ ਉੱਭਰਦੀ ਹੈ। ਉਸ ਨੂੰ ਨਿਹਾਰ ਕੇ, ਉਸ ਦਾ ਵਿਸ਼ਲੇਸ਼ਣ ਕਰਕੇ ਨਵੀਆਂ ਸਥਾਪਨਾਵਾਂ ਵੱਲ ਅੱਗੇ ਵਧਿਆ ਗਿਆ ਹੈ। ਇਸ ਅਖ਼ਬਾਰ ਦੇ ਵਰਤਮਾਨ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਵੱਲੋਂ ਲਿਖੇ ਗਏ ਸੰਪਾਦਕੀ ਲੇਖਾਂ ਦਾ ਵਿਆਪਕ ਅਧਿਐਨ, ਇਸ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਇਹ ਸੰਪਾਦਕੀ ਲੇਖ ਵੱਖ-ਵੱਖ ਪੁਸਤਕਾਂ ਵਿਚ ਸੰਕਲਿਤ ਕੀਤੇ ਹੋਏ ਵੀ ਪ੍ਰਾਪਤ ਹਨ ਅਤੇ ਅਖ਼ਬਾਰ ਦੇ ਪੰਨਿਆਂ ਉੱਤੇ ਵੀ ਅੰਕਿਤ ਹਨ।

'ਅਜੀਤ' ਅਜਿਹਾ ਅਖ਼ਬਾਰ ਹੈ, ਜਿਸ ਵਿਚ ਪਿੰਡਾਂ ਦੀ ਰੂਹ ਹੈ। 'ਅਜੀਤ' ਦੇ ਮੁਹਾਂਦਰੇ ਨੂੰ ਪਛਾਨਣ ਦਾ ਯਤਨ ਕਰਨ ਵਾਲੇ ਇਸ ਸ਼ੋਧ ਪ੍ਰਬੰਧ ਵਿਚ ਪਿੰਡਾਂ ਦੀ ਇਤਿਹਾਸਕ ਹੋਂਦ ਨੂੰ ਵੀ ਪੜ੍ਹਨ ਦਾ ਯਤਨ ਕੀਤਾ ਗਿਆ ਹੈ ਅਤੇ ਇਨ੍ਹਾਂ ਵਿਚ ਸਮੋਏ ਹੋਏ ਪੰਜਾਬੀ ਸੁਭਾਅ ਨੂੰ ਨਿਹਾਰਦੇ ਹੋਏ, ਪਿੰਡਾਂ ਵਿਚ ਵੱਸਦੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਸਮਝਦੇ ਹੋਏ, ਉਨ੍ਹਾਂ ਦੀਆਂ ਬੌਧਿਕ ਅਤੇ ਵਿਹਾਰਕ ਲੋੜਾਂ ਅਨੁਸਾਰ ਅਖ਼ਬਾਰ ਦੇ ਸੰਕਲਪ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਪੰਜਾਬ ਦੇ ਵਿਭਿੰਨ ਖੇਤਰਾਂ, ਜਿਵੇਂ ਮਾਲਵਾ, ਦੁਆਬਾ ਅਤੇ ਮਾਝਾ ਦੇ ਕੁਝ ਇਕ ਪਿੰਡਾਂ ਨੂੰ ਨਮੂਨੇ ਦੇ ਪਿੰਡ ਖਿਆਲ ਕਰਕੇ, ਉਨ੍ਹਾਂ ਦੇ ਅਤੀਤ ਨੂੰ ਵਰਤਮਾਨ ਨਾਲ ਜੋੜਨ ਦੀਆਂ ਕੜੀਆਂ ਦੀ ਤਲਾਸ਼ ਕਰਦੇ ਹੋਏ, ਉਨ੍ਹਾਂ ਦੇ ਭਵਿੱਖ ਨੂੰ ਵੀ ਨਿਹਾਰਿਆ ਗਿਆ ਹੈ।

ਪੱਤਰਕਾਰੀ ਦੇ ਜਿਸ ਮੁਕਾਮ ਨੂੰ 'ਅਜੀਤ' ਪਹੁੰਚ ਚੁੱਕਿਆ ਹੈ, ਉਸ ਦੀ ਨਿਰਖ-ਪਰਖ ਕਰਨ ਲਈ ਉਸ ਦੇ ਪਾਠਕਾਂ ਤੱਕ ਪਹੁੰਚ ਕੀਤੀ ਗਈ ਹੈ। ਅਜਿਹੇ ਕਾਰਜ ਲਈ ਇਕ ਵਿਆਪਕ ਪ੍ਰਸ਼ਨਾਵਲੀ ਦੇ ਆਧਾਰ ਉੱਤੇ ਇਕ ਸਰਵੇਖਣ ਕਰਵਾਇਆ ਗਿਆ। ਇਹ ਸਰਵੇਖਣ ਦਸ ਪਿੰਡਾਂ ਦੇ ਪਾਠਕਾਂ ਉੱਤੇ ਆਧਾਰਿਤ ਹੈ। ਇਨ੍ਹਾਂ ਪਿੰਡਾਂ ਵਿਚ ਮਾਲਵਾ, ਦੁਆਬਾ ਅਤੇ ਮਾਝਾ ਖੇਤਰ ਦੇ ਵੱਡੇ ਪਿੰਡ ਵੀ ਸ਼ਾਮਿਲ ਹਨ ਅਤੇ ਛੋਟੇ ਪਿੰਡ ਵੀ। ਪਾਠਕਾਂ ਦੇ ਵਿਆਪਕ ਘੇਰੇ ਵਿਚ 'ਅਜੀਤ' ਅਖ਼ਬਾਰ ਪੜ੍ਹਨ ਵਾਲਿਆਂ ਨੂੰ ਕੁਝ ਅਜਿਹੇ ਪ੍ਰਸ਼ਨ ਦਿੱਤੇ ਗਏ, ਜਿਨ੍ਹਾਂ ਦੇ ਉੱਤਰਾਂ ਵਿਚ 'ਅਜੀਤ' ਅਖ਼ਬਾਰ ਦੀ ਭੂਮਿਕਾ ਦੀ ਸਮੁੱਚੀ ਅਤੇ ਵਿਆਪਕ ਝਲਕ ਸਾਹਮਣੇ ਆ ਗਈ। ਵਿਭਿੰਨ ਪ੍ਰਸ਼ਨਾਂ ਵਾਲੀ

ਇਸ ਪ੍ਰਸ਼ਨਾਵਲੀ ਦੇ ਲੇਖੇ-ਜੋਖੇ ਨੇ ਪੰਜਾਬ ਦੇ ਵਿਕਾਸ ਨਾਲ ਸੰਬੰਧਿਤ ਅਜਿਹੇ ਨੁਕਤਿਆਂ ਨੂੰ ਉਜਾਗਰ ਕਰ ਦਿੱਤਾ, ਜਿਨ੍ਹਾਂ ਨਾਲ ਪੰਜਾਬ ਦੇ ਸਰੋਕਾਰ ਜੁੜੇ ਹੋਏ ਹਨ।

ਇਸ ਪ੍ਰਸ਼ਨਾਵਲੀ ਦੇ ਸਵਾਲਾਂ ਦੇ ਉੱਤਰ ਦਿੰਦਿਆਂ ਪਾਠਕਾਂ ਨੇ 'ਅਜੀਤ' ਵੱਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਉਠਾਈ ਆਵਾਜ਼ ਉੱਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਸੰਪਾਦਕੀ ਲੇਖਾਂ ਵਿਚ ਸੁਝਾਏ ਗਏ ਵਿਕਾਸ ਸਬੰਧੀ ਨੁਕਤਿਆਂ ਉੱਤੇ ਵੀ ਸੰਤੁਸ਼ਟੀ ਜਤਾਈ ਹੈ। ਇਨ੍ਹਾਂ ਪਾਠਕਾਂ ਦੀ ਰਾਏ ਹੈ ਕਿ 'ਅਜੀਤ' ਵੱਲੋਂ ਵਿਕਾਸਮਈ ਯੋਜਨਾਵਾਂ ਸੰਬੰਧੀ ਆਮ ਆਦਮੀ ਨੂੰ ਗਿਆਨ ਦੇਣ ਵਿਚ ਨਿਭਾਈ ਗਈ ਭੂਮਿਕਾ ਤਸੱਲੀਬਖ਼ਸ਼ ਹੈ। ਨਵੀਆਂ ਨੌਕਰੀਆਂ ਸਬੰਧੀ ਪਾਠਕਾਂ ਨੂੰ ਦਿੱਤੀ ਜਾਣ ਵਾਲੀ ਜਾਣਕਾਰੀ ਵੀ ਕਾਫ਼ੀ ਮੁੱਲਵਾਨ ਹੈ। ਇਸ ਸਰਵੇਖਣ ਰਾਹੀਂ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਈ ਹੈ ਕਿ 'ਅਜੀਤ' ਵੱਲੋਂ ਖੇਤੀਬਾੜੀ ਨੂੰ ਨਵੀਂ ਤਕਨਾਲੋਜੀ ਨਾਲ ਜੋੜਨ ਵਿਚ ਬੇਹੱਦ ਮਹੱਤਵਪੂਰਨ ਭੂਮਿਕਾ ਨਿਭਾਈ ਗਈ ਹੈ ਅਤੇ ਪੰਜਾਬ ਵਿਚ ਖੇਤੀਬਾੜੀ ਦੇ ਵਿਕਾਸ ਨਾਲ ਸੰਬੰਧਿਤ ਸਮੱਗਰੀ ਨੂੰ ਅਖ਼ਬਾਰ ਦੇ ਕਾਲਮਾਂ ਵਿਚ ਜਗ੍ਹਾ ਦੇਣ ਬਾਰੇ ਵੀ ਪਾਠਕਾਂ ਵੱਲੋਂ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਇਹ ਤੱਥ 'ਅਜੀਤ' ਦੀ ਨੀਤੀ ਅਤੇ ਨੀਤ ਦੇ ਆਮ ਆਦਮੀ ਦੇ ਪੱਖੀ ਹੋਣ ਦੀ ਤਰਜਮਾਨੀ ਕਰਦਾ ਹੈ। ਇਹ ਸਵਾਲ ਬਹੁਤ ਮਹੱਤਵਪੂਰਨ ਹੈ ਕਿ ਪੰਜਾਬ ਦਾ ਆਮ ਆਦਮੀ ਕੀ ਸੋਚਦਾ ਹੈ? ਇਹ ਜਵਾਬ ਉਸ ਤੋਂ ਵੀ ਮਹੱਤਵਪੂਰਨ ਹੈ ਕਿ ਪੰਜਾਬ ਦਾ ਆਮ ਆਦਮੀ 'ਅਜੀਤ' ਦਾ ਪਾਠਕ ਹੈ। ਅਖ਼ਬਾਰ ਦੇ ਕਾਲਮਾਂ ਵਿਚੋਂ ਉਹ ਆਪਣੀ ਅਕਾਂਖਿਆ ਦੇ ਅਨੁਕੂਲ ਸਮੱਗਰੀ ਪਾ ਰਿਹਾ ਹੈ ਅਤੇ ਇਸ ਨੂੰ ਪ੍ਰਸ਼ਨਾਵਲੀ ਦਾ ਉੱਤਰ ਦਿੰਦਿਆਂ ਪ੍ਰਗਟਾਅ ਰਿਹਾ ਹੈ। ਇਹੀ ਨੁਕਤਾ ਇਸ ਅਖ਼ਬਾਰ ਦੀ ਵੱਖਰੀ ਪਛਾਣ ਸਥਾਪਤ ਕਰਦਾ ਹੈ।

ਪੰਜਾਬੀ ਪੱਤਰਕਾਰੀ ਦਾ ਇਹ ਸਫ਼ਰ ਪਿੰਡਾਂ ਦੇ ਵਿਕਾਸ ਵਿਚ ਨਿਭਾਈ ਗਈ ਭੂਮਿਕਾ ਦੀ ਇਕ ਅਜਿਹੀ ਕਹਾਣੀ ਹੈ, ਜਿਸ ਦੀ ਸ਼ੁਰੂਆਤ ਇਸ ਦੇ ਬਾਨੀ ਸੰਪਾਦਕ ਡਾ. ਸਾਧੂ ਸਿੰਘ ਹਮਦਰਦ ਨੇ ਸਰਬ ਸਾਂਝੀਵਾਲਤਾ ਦੇ ਫਲਸਫ਼ੇ ਨੂੰ ਅਪਣਾ ਕੇ ਅੱਧੀ ਸਦੀ ਤੋਂ ਵੀ ਪਹਿਲਾਂ ਕਰ ਦਿੱਤੀ ਗਈ ਸੀ। ਇਸ ਇਤਿਹਾਸਕ ਅਤੇ ਵਿਚਾਰਧਾਰਕ ਪਹਿਲੂ ਨੇ ਇਸ ਅਖ਼ਬਾਰ ਨੂੰ ਬੁਲੰਦੀਆਂ ਉੱਤੇ ਪਹੁੰਚਣ ਦਾ ਰਾਹ ਪੱਧਰਾ ਕਰ ਦਿੱਤਾ। ਇਸ ਰਾਹ ਉੱਤੇ ਤੁਰਦਿਆਂ ਡਾ. ਬਰਜਿੰਦਰ ਸਿੰਘ ਹਮਦਰਦ ਨੇ ਇਸ ਅਖ਼ਬਾਰ ਨੂੰ ਨਵੀਆਂ ਸਮਾਜਕ, ਰਾਜਨੀਤਕ ਅਤੇ ਸੱਭਿਆਚਾਰਕ ਹਾਲਤਾਂ ਦੇ ਅਨੁਕੂਲ ਢਾਲ ਕੇ ਇਸ ਨੂੰ ਨਵੀਆਂ ਬੁਲੰਦੀਆਂ ਉੱਤੇ ਪਹੁੰਚਾ ਦਿੱਤਾ ਅਤੇ ਵਿਸ਼ਵੀਕਰਨ ਦੇ ਯੁੱਗ ਵਿਚ ਆਮ ਆਦਮੀ ਦੀਆਂ ਅਕਾਂਖਿਆਵਾਂ ਨਾਲ ਜੋੜ ਦਿੱਤਾ।

'ਅਜੀਤ' ਦੇ ਇਤਿਹਾਸਕ ਅਤੇ ਵਿਚਾਰਧਾਰਕ ਪਿਛੋਕੜ ਦੀ ਨਿਸ਼ਾਨਦੇਹੀ ਕਰਨ ਤੋਂ ਸ਼ੁਰੂ ਹੋਇਆ ਇਹ ਸ਼ੋਧ ਕਾਰਜ, ਵਿਕਾਸ ਦੇ ਸੰਕਲਪ ਅਤੇ ਪਿੰਡਾਂ ਦੇ ਵਿਕਾਸ ਪ੍ਰਤੀ 'ਅਜੀਤ' ਦੀ ਪਹੁੰਚ ਨੂੰ ਉਜਾਗਰ ਕਰਦਾ ਹੋਇਆ 'ਅਜੀਤ' ਦੇ ਸੰਪਾਦਕੀ ਲੇਖਾਂ ਵਿਚ ਉੱਭਰ ਰਹੀ ਪਿੰਡਾਂ ਦੇ ਵਿਕਾਸ ਪ੍ਰਤੀ 'ਅਜੀਤ' ਦੀ ਪ੍ਰਤੀਬੱਧਤਾ ਨੂੰ ਅੰਕਣ ਦੀ ਸਥਿਤੀ ਤੱਕ ਪਹੁੰਚ ਸਕਿਆ ਹੈ।

ਇਸ ਤਰ੍ਹਾਂ ਇਸ ਸ਼ੋਧ ਪ੍ਰਬੰਧ ਵਿਚ ਪ੍ਰਸਤੁਤ ਕੀਤਾ ਗਿਆ ਸਰਵੇਖਣ ਅਤੇ ਵਿਸ਼ਲੇਸ਼ਣ ਇਸ ਸ਼ੋਧ ਕਾਰਜ ਨੂੰ ਇਕ ਨਿਵੇਕਲੇ ਯਤਨ ਵਜੋਂ ਸਥਾਪਿਤ ਕਰਦਾ ਹੈ। ਪੰਜਾਬ ਦੇ ਪਿੰਡਾਂ ਵਿਚ ਪਿਛਲੇ ਕੁਝ ਦਹਾਕਿਆਂ ਵਿਚ ਹੋਏ ਵਿਕਾਸ ਦੀ ਸਥਿਤੀ ਪੰਜਾਬੀਆਂ ਦੀ ਉਸ ਜਾਗ੍ਰਿਤੀ ਨਾਲ ਜੁੜੀ ਹੋਈ ਹੈ, ਜਿਸ ਨੂੰ ਸਹੀ ਸੇਧ ਵਿਚ ਉੱਭਾਰਨ ਦਾ ਯਤਨ ਪਿੰਡ ਪਿੰਡ ਤੱਕ ਪਹੁੰਚਦੀਆਂ ਅਖ਼ਬਾਰਾਂ ਨੇ ਕੀਤਾ ਹੈ। ਨਿਰਸੰਦੇਹ ਰੋਜ਼ਾਨਾ 'ਅਜੀਤ' ਪੰਜਾਬ ਦੇ ਪਿੰਡਾਂ ਦੀ ਪ੍ਰਤੀਨਿਧ ਅਖ਼ਬਾਰ ਹੈ ਅਤੇ ਇਸ ਦੀ ਪੰਜਾਬ ਨਾਲ ਪ੍ਰਤੀਬੱਧਤਾ ਇਸ ਨੂੰ ਪੰਜਾਬ ਦੇ ਉਜਲੇ ਭਵਿੱਖ ਦੀ ਚਿੰਤਾ ਲਗਾਈ ਰੱਖਦੀ ਹੈ। ਇਹ ਸ਼ੋਧ ਕਾਰਜ ਸਰਵੇਖਣ ਅਤੇ ਵਿਸ਼ਲੇਸ਼ਣ ਦੀ ਵਿਧੀ ਰਾਹੀਂ ਰੋਜ਼ਾਨਾ 'ਅਜੀਤ' ਦੇ ਅਜਿਹੇ ਸੰਕਲਪ ਨੂੰ ਸਮਝਣ ਅਤੇ ਇਸ ਦੀ ਵਾਸਤਵਿਕਤਾ ਨੂੰ ਪਛਾਣਨ ਦੇ ਯੋਗ ਹੋ ਸਕਿਆ ਹੈ।

●●

# ਅਧਿਆਏ ਵੰਡ


1. **ਜਾਣ ਪਛਾਣ : ਅਜੀਤ ਦਾ ਪਿਛੋਕੜ** 1-16

— ਇਤਿਹਾਸਕ ਅਤੇ ਵਿਚਾਰਧਾਰਕ ਵਿਰਸਾ, ਵਿਸ਼ੇ ਦਾ ਮਹੱਤਵ, ਵਿਸ਼ੇ ਦਾ ਉਦੇਸ਼, ਸ਼ੋਧ ਵਿਧੀ, ਪਰਿਕਲਪਨਾਵਾਂ ਅਤੇ ਸੀਮਾਵਾਂ

2. **ਪ੍ਰਾਪਤ ਸਾਹਿਤ ਸਮੱਗਰੀ ਦਾ ਅਧਿਐਨ** 17-32

3. **ਵਿਕਾਸ ਦਾ ਸੰਕਲਪ ਅਤੇ 'ਅਜੀਤ' ਦੀ ਪਹੁੰਚ** 33-50

— ਆਮ ਆਦਮੀ ਦੇ ਮਸਲੇ, ਹੜ੍ਹਾਂ ਦੀ ਮਾਰ, ਕਾਰਗਿਲ ਸ਼ਹੀਦ ਫੰਡ, ਹਰਿਆਵਲ ਲਹਿਰ

4. **'ਅਜੀਤ' ਦੇ ਸੰਪਾਦਕੀ ਲੇਖਾਂ ਦਾ ਅਧਿਐਨ** 51-68

5. **ਪਿੰਡਾਂ ਦੇ ਵਿਕਾਸ ਵਿਚ 'ਅਜੀਤ' ਦੀ ਭੂਮਿਕਾ** 69-107

— ਸਰਵੇਖਣ ਅਤੇ ਵਿਸ਼ਲੇਸ਼ਣ

6. **ਸਥਾਪਨਾਵਾਂ ਅਤੇ ਨਿਸ਼ਕਰਸ਼** 108-111

**ਪੁਸਤਕ ਸੂਚੀ** 112-115

# ਜਾਣ ਪਛਾਣ : ਅਜੀਤ ਦਾ ਪਿਛੋਕੜ

"ਪਿੰਡਾਂ ਦੇ ਵਿਕਾਸ ਵਿਚ 'ਅਜੀਤ' ਦੀ ਭੂਮਿਕਾ ਦਾ ਲੇਖਾ-ਜੋਖਾ ਕਰਨ ਲਈ ਇਸ ਦੀ ਵਿਆਪਕ ਜਾਣ-ਪਛਾਣ ਜ਼ਰੂਰੀ ਹੈ। ਇਹ ਵਿਸ਼ਾ ਏਨਾ ਵਿਸ਼ਾਲ ਹੈ ਕਿ ਇਸ ਵਾਸਤੇ ਢੁੱਕਵੀਂ ਖੋਜ ਵਿਧੀ ਅਪਨਾਉਣਾ, ਇਸ ਦੀਆਂ ਸੀਮਾਵਾਂ ਅਤੇ ਸਥਾਪਨਾਵਾਂ ਵੱਲ ਅਗਰਸਰ ਹੋਣਾ ਅਤੇ ਅਧਿਐਨ ਦੇ ਵਿਭਿੰਨ ਪੜਾਵਾਂ ਵਿਚੀਂ ਗੁਜ਼ਰਨਾ ਪਵੇਗਾ। ਇਸ ਸਾਰੇ ਅਧਿਐਨ ਨੂੰ 'ਅਜੀਤ' ਦੀ ਸ਼ੁਰੂਆਤ ਤੋਂ ਲੈ ਕੇ ਅੱਜ ਤੱਕ ਦੀ ਸਮੁੱਚੀ ਭੂਮਿਕਾ ਦੇ ਸੰਦਰਭ ਵਿਚ ਵੇਖਣ ਦੇ ਨਾਲ-ਨਾਲ ਸੰਨ 2001 ਤੋਂ ਸੰਨ 2010 ਤੱਕ ਦੇ ਦਹਾਕੇ ਉੱਤੇ ਵਿਸ਼ੇਸ਼ ਰੂਪ ਵਿਚ ਕੇਂਦਰਿਤ ਕੀਤਾ ਗਿਆ ਹੈ। ਇਨ੍ਹਾਂ ਦਸਾਂ ਸਾਲਾਂ ਵਿਚ ਪੰਜਾਬ ਵਿਚ ਹੋਈ ਤਰੱਕੀ ਦਾ ਲੇਖਾ-ਜੋਖਾ ਅਤੇ 'ਅਜੀਤ' ਅਖ਼ਬਾਰ ਦੀ ਪਿੰਡਾਂ ਦੇ ਵਿਕਾਸ ਵਿਚ ਨਿਭਾਈ ਗਈ ਭੂਮਿਕਾ ਦਾ ਲੇਖਾ-ਜੋਖਾ ਕਰਨ ਦਾ ਯਤਨ ਕੀਤਾ ਗਿਆ ਹੈ ਪਰ ਭੂਮਿਕਾ ਦੇ ਅਧਿਐਨ ਲਈ ਸਭ ਤੋਂ ਪਹਿਲਾਂ ਇਸ ਦੇ ਇਤਿਹਾਸਕ ਅਤੇ ਵਿਚਾਰਧਾਰਕ ਪਿਛੋਕੜ ਨੂੰ ਸਮਝ ਲਈਏ।

## ਇਤਿਹਾਸਕ ਅਤੇ ਵਿਚਾਰਧਾਰਕ ਵਿਰਸਾ

ਦੁਨੀਆ ਵਿਚ ਸਭ ਤੋਂ ਵੱਧ ਗਿਣਤੀ ਵਿਚ ਛਪਣ ਵਾਲਾ ਇਹ ਰੋਜ਼ਾਨਾ ਪੰਜਾਬੀ ਅਖ਼ਬਾਰ, ਪੰਜਾਬ ਦਾ ਸਭ ਤੋਂ ਪਹਿਲਾ ਅਜਿਹਾ ਅਖ਼ਬਾਰ ਹੈ, ਜਿਸ ਨੇ ਪੰਜਾਬ ਦੇ ਇਤਿਹਾਸਕ, ਵਿਚਾਰਧਾਰਕ ਅਤੇ ਸੱਭਿਆਚਾਰਕ ਵਿਰਸੇ ਨੂੰ ਉਸ ਦੀਆਂ ਰਹਿਤਲਾਂ ਤੱਕ ਸਮਝ ਕੇ ਆਪਣਾ ਮਾਣਮੱਤਾ ਸਫ਼ਰ ਆਰੰਭ ਕੀਤਾ। ਇਸ ਅਖ਼ਬਾਰ ਨੇ ਪੰਜਾਬੀ ਜਨਜੀਵਨ ਦੀਆਂ ਭਾਵਨਾਵਾਂ ਨੂੰ ਇਸ ਤਰ੍ਹਾਂ ਜਾਣਿਆ ਅਤੇ ਪਛਾਣਿਆ ਹੈ ਕਿ ਇਹ ਸਹੀ ਅਰਥਾਂ ਵਿਚ ਪੰਜਾਬ ਦੀ ਆਵਾਜ਼ ਬਣ ਗਿਆ ਹੈ। ਵਿਸ਼ਵੀਕਰਨ ਦੇ ਯੁੱਗ ਵਿਚ ਪਲ-ਪਲ ਬਦਲਦੀ ਦੁਨੀਆ ਉੱਤੇ ਨਜ਼ਰ ਰੱਖ ਕੇ, ਦੇਸ਼ ਦੀ ਰਾਸ਼ਟਰੀ ਪ੍ਰੈੱਸ ਅਤੇ ਦੇਸ਼ ਦੀਆਂ ਦੂਸਰੀਆਂ ਭਾਸ਼ਾਵਾਂ, ਇਥੋਂ ਤੱਕ ਕਿ ਅੰਗਰੇਜ਼ੀ ਪ੍ਰੈੱਸ ਨਾਲ ਵੀ ਕਦਮ ਮੇਲ ਕੇ ਅੱਗੇ ਵਧ ਰਿਹਾ 'ਅਜੀਤ' ਨਾ ਸਿਰਫ਼ ਤਾਜ਼ਾਤਰੀਨ ਖ਼ਬਰਾਂ ਅਤੇ ਤਸਵੀਰਾਂ ਛਾਪਣ ਕਰਕੇ ਦੁਨੀਆ ਦੀਆਂ ਬੇਹਤਰੀਨ ਅਖ਼ਬਾਰਾਂ ਵਿਚੋਂ ਇਕ ਹੈ ਸਗੋਂ ਵਧੀਆ ਕਾਗਜ਼ ਉੱਤੇ ਸੁੰਦਰ ਛਪਾਈ ਵਾਲੀ ਨਿਵੇਕਲੀ ਸਜਾਵਟ ਕਰਕੇ ਵੀ ਇਸ ਦਾ ਕੋਈ ਸਾਨੀ ਨਹੀਂ ਹੈ। ਭਾਰਤ ਦੀ ਸਭ ਤੋਂ ਪ੍ਰਸਿੱਧ ਅਤੇ ਦੇਸ਼ ਭਰ ਦੇ ਵੱਡੇ ਅਖ਼ਬਾਰਾਂ ਦੀ ਪ੍ਰਤੀਨਿਧਤਾ ਕਰਦੀ ਕੰਪਨੀAudit Bureau of Circulation (ABC), Mumbai ਵੱਲੋਂ ਅਗਸਤ 2013 ਵਿਚ ਜਾਰੀ ਕੀਤੀ ਗਈ ਰਿਪੋਰਟ ਮੁਤਾਬਿਕ ਇਸ ਅਖ਼ਬਾਰ ਦੀ ਰੋਜ਼ਾਨਾ ਛਪਣ ਗਿਣਤੀ ਚਾਰ ਲੱਖ ਦਸ ਹਜ਼ਾਰ ਸੱਤ ਸੌ ਨੱਬੇ ਸੀ ਜਦੋਂ ਕਿ ਐਤਵਾਰ ਅੰਕ ਇਸ ਤੋਂ ਵੀ 25 ਤੋਂ 30 ਹਜ਼ਾਰ ਵਧੇਰੇ ਛਪ ਰਿਹਾ ਹੈ। ਪਿਛਲੇ ਰਿਕਾਰਡ ਅਨੁਸਾਰ ਇਹ ਛਪਣ ਗਿਣਤੀ ਹਰ ਸਾਲ ਵਧਦੀ ਹੀ ਜਾ ਰਹੀ ਹੈ।

This Certificate is issued subject to the provisions of the bye-law dated 10th July 1957 made by the Bureau's Council of Management in exercise of the powers conferred on it by Articles 42 and 43 of the Articles of Association of the Bureau.

**Audit Bureau of Circulations**
Wakefield House, Sprott Road, Ballard Estate, Mumbai 400 001.

Certificate No.
129 / 578

**ABC Certificate of : AJIT**

**Address** : AJIT BHAVAN, NEHRU GARDEN ROAD, JALANDHAR
**Published/Estd** : JALANDHAR - 1955
**Language** : PUNJABI  **Frequency :** DAILY
**Cover Price** : **Single Copy** : RS. 3.00 / 4.00
**Auditors** : O.P. GARG & CO., B-19, 643/2, MALERKOTLA HOUSE, CIVIL LINES, LUDHIANA - 141001

| | JANUARY - JUNE 2013 | | | | |
|---|---|---|---|---|---|
| Edition(s) | Total Qualifying Sales | No. of Publishing Days | Average Qualifying Sales | Weekdays | Sundays |
| Jalandhar | 7,35,31,493 | 179 | 4,10,790 | 4,08,418 | 4,25,402 |
| | 7,35,31,493 | | | | |
| Average Qualifying Sales | | | 4,10,790 | 4,08,418 | 4,25,402 |

| Jul-Dec 2012 : | Jan-Jun 2012 : |
|---|---|
| 4,03,548 ( 182 ISSUES ) | 3,95,292 ( 180 ISSUES ) |

Qualifying sales represents all sales above the NRR as well as compliant with all prescribed audit guidelines framed by the Bureau.

| | Average Copies |
|---|---|
| **A) Non subscription sales** | |
| • Single copy sales | 4,10,599 |
| • Combo sales | Nil |
| **B) Subscription sales** | |
| • Subscription copy sales (Single) | 191 |
| • Subscription copy sales (Joint) | Nil |
| • Institutional Subscription Sales | Nil |
| **C) Institutional sales** | Nil |
| **Total Qualifying Sales :** | 4,10,790 |

Dated : 21-08-2013  AUTHORISED FOR ISSUE BY THE COUNCIL OF THE BUREAU

Secretary General

This certificate is the COPYRIGHT property of
SADHU SINGH HAMDARD TRUST
and the AUDIT BUREAU OF CIRCULATIONS

ABC ਵੱਲੋਂ ਪ੍ਰਦਾਨ ਕੀਤਾ ਗਿਆ ਇਹ ਪ੍ਰਮਾਣ ਪੱਤਰ ਸਾਬਤ ਕਰਦਾ ਹੈ ਕਿ 'ਅਜੀਤ' ਅਖ਼ਬਾਰ ਪੰਜਾਬ ਵਿਚ ਛਪਦੇ ਅਖ਼ਬਾਰਾਂ ਵਿਚੋਂ ਕਿਵੇਂ ਆਪਣੇ-ਆਪ ਨੂੰ ਛਪਣ ਗਿਣਤੀ ਦੇ ਹਿਸਾਬ ਨਾਲ ਵੀ ਵੱਖਰਾ ਸਥਾਪਤ ਕਰ ਰਿਹਾ ਹੈ। ਇਸ ਦੇ ਨਾਲ-ਨਾਲ ਪੰਜਾਬ ਦੇ ਵਿਕਾਸ ਅਤੇ ਖਾਸ ਕਰਕੇ ਪੰਜਾਬ ਦੇ ਪਿੰਡਾਂ ਦੇ ਵਿਕਾਸ ਵਿਚ 'ਅਜੀਤ'

ਵੱਲੋਂ ਨਿਭਾਈ ਗਈ ਅਤੇ ਲਗਾਤਾਰ ਨਿਭਾਈ ਜਾ ਰਹੀ ਭੂਮਿਕਾ ਕਰਕੇ ਵੀ ਇਸ ਅਖ਼ਬਾਰ ਦੀ ਨਿਵੇਕਲੀ ਪਛਾਣ ਹੈ। ਇਹ ਪਛਾਣ ਇਸ ਨੂੰ ਪੰਜਾਬੀਅਤ ਦੇ ਇਕ ਸ਼ਕਤੀਸ਼ਾਲੀ ਬੁਲਾਰੇ ਵਜੋਂ ਸਥਾਪਤ ਕਰਦੀ ਹੈ। ਪੰਜਾਬੀਅਤ ਦੀ ਨਿਧੜਕ ਆਵਾਜ਼ ਵਜੋਂ ਇਸ ਦੀ ਪਛਾਣ ਇਸ ਦੇ ਇਤਿਹਾਸ ਨਾਲ ਜੁੜੀ ਹੋਈ ਹੈ। 'ਅਜੀਤ' ਅਖ਼ਬਾਰ ਪੰਜਾਬੀਅਤ ਦੇ ਇਕ ਅਜਿਹੇ ਗੌਰਵ ਦਾ ਨਾਂ ਹੈ, ਜਿਸ ਨੂੰ ਕਿਸੇ ਹੋਰ ਸੰਗਿਆ ਦੀ ਜ਼ਰੂਰਤ ਨਹੀਂ ਪੈਂਦੀ।

ਇਸ ਦੇ ਇਤਿਹਾਸ ਨੂੰ ਨਿਹਾਰੀਏ ਤਾਂ ਇਸ ਦੀ ਸ਼ੁਰੂਆਤ ਦੇਸ਼ ਦੀ ਵੰਡ ਤੋਂ ਪਹਿਲਾਂ ਸੰਨ 1941 ਵਿਚ ਅਣਵੰਡੇ ਪੰਜਾਬ ਦੀ ਰਾਜਧਾਨੀ ਲਾਹੌਰ ਤੋਂ ਹੋਈ ਸੀ। ਉਦੋਂ ਇਸ ਨੂੰ ਉਰਦੂ ਭਾਸ਼ਾ ਵਿਚ ਛਾਪਿਆ ਜਾਂਦਾ ਸੀ। ਛੋਟੇ ਆਕਾਰ ਵਾਲੇ ਚਾਰ ਸਫ਼ਿਆਂ ਦੇ ਇਸ ਹਫ਼ਤਾਵਾਰੀ ਅਖ਼ਬਾਰ ਨੇ ਮੁੱਢਲੇ ਦਿਨਾਂ ਵਿਚ ਹੀ ਆਪਣੀ ਵੱਖਰੀ ਪਛਾਣ ਸਥਾਪਤ ਕਰਨੀ ਆਰੰਭ ਦਿੱਤੀ ਸੀ। ਉਸ ਵੇਲੇ ਹੀ ਇਹ ਅਜਿਹਾ ਇਕੋ-ਇਕ ਅਖ਼ਬਾਰ ਬਣ ਕੇ ਉਭਰਨਾ ਸ਼ੁਰੂ ਹੋ ਗਿਆ ਸੀ, ਜਿਹੜਾ ਪੰਜਾਬੀਆਂ ਦੀ ਨਿਵੇਕਲੀ ਪਛਾਣ ਅਤੇ ਉਨ੍ਹਾਂ ਦੇ ਕੌਮੀ ਹਿੱਤਾਂ ਦਾ ਪਹਿਰੇਦਾਰ ਬਣਨ ਦਾ ਦਮ ਰੱਖਦਾ ਸੀ। ਇਸ ਅਖ਼ਬਾਰ ਦੀ ਅਜਿਹੀ ਨੀਤੀ ਅਤੇ ਬੇਖ਼ੌਫ਼ ਆਵਾਜ਼ ਨੂੰ ਪੰਜਾਬੀਆਂ ਦਾ ਅਜਿਹਾ ਹੁੰਗਾਰਾ ਮਿਲਿਆ ਕਿ ਅਗਲੇ ਹੀ ਸਾਲ 1942 ਵਿਚ ਇਸ ਨੂੰ ਰੋਜ਼ਾਨਾ ਅਖ਼ਬਾਰ ਬਣਾ ਦਿੱਤਾ ਗਿਆ। ਇਸ ਅਖ਼ਬਾਰ ਦੇ ਪ੍ਰਬੰਧਕਾਂ ਵਿਚ ਸਃ ਬਲਦੇਵ ਸਿੰਘ ਸ਼ਾਮਿਲ ਸਨ, ਜਿਹੜੇ ਬਾਅਦ ਵਿਚ ਇਸ ਦੇਸ਼ ਦੇ ਰੱਖਿਆ ਮੰਤਰੀ ਵੀ ਬਣੇ। ਪ੍ਰਸਿੱਧ ਵਾਰਤਕ ਲੇਖਕ ਸਰਦਾਰ ਲਾਲ ਸਿੰਘ ਕਮਲਾ ਅਕਾਲੀ, ਜਿਹੜੇ ਬਾਅਦ ਵਿਚ ਐਮ. ਐਲ. ਏ. ਵੀ ਬਣੇ, ਇਸ ਦੇ ਮੁੱਖ ਸੰਪਾਦਕ ਸਨ। ਉਦੋਂ ਇਸ ਅਖ਼ਬਾਰ ਦਾ ਪ੍ਰਬੰਧ 'ਪੰਜਾਬ ਨਿਊਜ਼ ਪੇਪਰ ਲਿਮਟਿਡ ਸੁਸਾਇਟੀ' ਚਲਾਉਂਦੀ ਸੀ।

> ਉਰਦੂ 'ਅਜੀਤ' ਰੋਜ਼ਾਨਾ, ਲਾਹੌਰ ਤੋਂ ਜਾਰੀ ਕਰਨ ਦਾ ਫੈਸਲਾ ਹੋ ਗਿਆ। ਗਿਆਨੀ (ਕਰਤਾਰ ਸਿੰਘ) ਜੀ ਦੇ ਯਤਨਾਂ ਨਾਲ ਇਹ ਕੰਮ ਸਰਦਾਰ ਬਲਦੇਵ ਸਿੰਘ ਨੂੰ ਸੌਂਪਿਆ ਗਿਆ। ਉਨ੍ਹਾਂ ਨੇ ਇਸ ਨੂੰ ਚਲਾਉਣ ਲਈ 'ਦੀ ਪੰਜਾਬ ਨਿਊਜ਼ ਪੇਪਰਜ਼ ਲਿਮਟਿਡ' ਬਣਾ ਲਈ ਜਿਸ ਦੇ ਚੇਅਰਮੈਨ ਸ. ਸੰਪੂਰਨ ਸਿੰਘ ਲਾਇਲਪੁਰੀ ਸਨ ਤੇ ਉਹ ਸ. ਬਲਦੇਵ ਸਿੰਘ ਦੇ ਭਰਾ ਦੇ ਸਹੁਰਾ ਸਾਹਿਬ ਸਨ। ਬਲਦੇਵ ਸਿੰਘ ਉਦੋਂ ਪੰਜਾਬ ਦੇ ਸਿਵਲ ਸਪਲਾਈ ਵਜ਼ੀਰ ਸਨ ਤੇ ਉਨ੍ਹਾਂ ਨੇ ਅਕਾਲੀ ਹਾਈ ਕਮਾਨ ਤੋਂ ਇਹ ਵਾਅਦਾ ਲੈ ਲਿਆ ਸੀ ਕਿ ਇਸ ਨੇ ਪ੍ਰਬੰਧ ਵਿਚ ਅਕਾਲੀ ਲੀਡਰ ਮੁਦਾਖਲਤ ਨਹੀਂ ਕਰਨਗੇ। ਸ. ਲਾਲ ਸਿੰਘ ਕਮਲਾ ਅਕਾਲੀ ਜੋ ਐਮ. ਐਲ. ਏ. ਸਨ ਤੇ ਪੰਥਕ ਅਸੰਬਲੀ ਪਾਰਟੀ ਦੇ ਆਨਰੇਰੀ ਸੈਕਟਰੀ ਸਨ, ਨੂੰ ਇਸ ਦਾ ਐਡੀਟਰ ਬਣਾਉਣ ਦਾ ਫੈਸਲਾ ਹੋ ਗਿਆ।

ਇਸ ਤਰ੍ਹਾਂ ਇਸ ਅਖ਼ਬਾਰ ਦੇ ਮੁੱਢਲੇ ਦਿਨਾਂ ਤੋਂ ਹੀ ਇਸ ਦੀ ਮੁੱਖ ਨੀਤੀ ਪੰਜਾਬ ਦੇ ਹਿੱਤਾਂ ਨੂੰ ਪ੍ਰਣਾਈ ਹੋਈ ਸੀ ਪਰ ਇਸ ਦੇ ਨਾਲ-ਨਾਲ ਸਿੱਖ ਸਿਆਸਤ ਅਤੇ ਸਰਬ ਸਾਂਝੀਵਾਲਤਾ ਦੀ ਵਿਚਾਰਧਾਰਾ ਵੀ ਇਸ ਦਾ ਮੁੱਖ ਅਕੀਦਾ ਰਹੀ ਹੈ। ਡਾ. ਸਾਧੂ ਸਿੰਘ ਹਮਦਰਦ ਇਸ ਦੇ ਮੁਢਲੇ ਦਿਨਾਂ ਤੋਂ ਹੀ ਇਸ ਦੇ ਅੰਗ ਸੰਗ ਰਹੇ। ਉਹ ਖ਼ੁਦ ਇਸ ਸਬੰਧੀ ਲਿਖਦੇ ਹਨਃ

> ਮੇਰੀ ਜ਼ਿੰਦਗੀ ਵਿਚ 'ਅਜੀਤ' ਉਰਦੂ 'ਰੋਜ਼ਾਨਾ' ਦੇ ਦਫ਼ਤਰ ਵਿਚ ਬਤੌਰ ਸਬ-ਐਡੀਟਰ ਕੰਮ ਕਰਨ ਦਾ ਪਹਿਲਾ ਦਿਨ ਬਹੁਤ ਅਹਿਮ ਸੀ। ਇਸ ਲਈ ਜਦੋਂ ਤੋਂ ਮੈਂ ਸੁਰਤ ਸੰਭਾਲੀ ਸੀ, ਤਾਂਘ ਰਿਹਾ ਸੀ। ਮੇਰਾ ਉਹ ਸੁਪਨਾ ਜੋ ਮੈਂ ਬਚਪਨ ਤੋਂ ਹੀ ਦੇਖਿਆ ਕਰਦਾ ਸੀ, ਪੂਰਾ ਹੋ ਰਿਹਾ ਸੀ। ਜਦੋਂ ਦਫ਼ਤਰ ਵਿਚ ਪੈਰ ਧਰ ਰਿਹਾ ਸਾਂ ਤੇ ਅਰਦਾਸ ਕਰ ਰਿਹਾ ਸਾਂ ਕਿ ਵਾਹਿਗੁਰੂ ਮੈਨੂੰ ਇਹ ਕੰਮ ਸੰਭਾਲਣ ਦੇ ਲਾਇਕ ਬਣਾਏ। ਉਸ ਵੇਲੇ ਖਿਆਲ ਆਇਆ ਕਿ ਵਾਹਿਗੁਰੂ ਨੇ ਤਾਂ ਮੌਕਾ ਦੇ ਦਿੱਤਾ ਹੈ ਤੇ ਹੁਣ ਇਹ ਮੇਰਾ ਕੰਮ ਹੈ ਮੈਂ ਉਸ ਨੂੰ ਸੰਭਾਲਾਂ। ਇਹ ਵੀ ਜਾਣਦਾ ਸਾਂ ਕਿ ਮੌਕਾ ਸੰਭਾਲਣ ਲਈ ਮੈਨੂੰ ਤਪ, ਤਿਆਗ, ਲਗਨ ਅਤੇ ਮਿਹਨਤ ਤੋਂ ਕੰਮ ਲੈਣਾ ਪਵੇਗਾ। ਇਸ ਮਨੋਰਥ ਲਈ ਮੈਂ ਪ੍ਰਣ ਕਰ ਚੁੱਕਾ ਸਾਂ।

ਤਪ, ਤਿਆਗ, ਲਗਨ ਅਤੇ ਮਿਹਨਤ ਦੇ ਮੁਜਸਮੇ ਸਾਧੂ ਸਿੰਘ ਹਮਦਰਦ ਦੇ ਇਸ ਆਧਾਰ ਨਾਲ ਲਗਾਉ ਨੇ ਇਸ ਅਖ਼ਬਾਰ ਨੂੰ ਭਵਿੱਖ ਵਿਚ ਪੰਜਾਬ ਦੀ ਆਵਾਜ਼ ਵਜੋਂ ਸਥਾਪਿਤ ਕਰਨਾ ਹੈ, ਇਸ ਦੇ ਆਸਾਰ ਇਸ ਦੇ ਮੁੱਢਲੇ ਦਿਨਾਂ ਵਿਚ ਹੀ ਉਜਾਗਰ ਹੋਣੇ ਸ਼ੁਰੂ ਹੋ ਗਏ ਸਨ। ਸਾਧੂ ਸਿੰਘ ਹਮਦਰਦ ਨੇ ਇਸ ਅਖ਼ਬਾਰ ਨੂੰ ਪ੍ਰਫੁੱਲਿਤ ਕਰਨ ਲਈ ਸਖ਼ਤ ਮਿਹਨਤ ਕੀਤੀ :-

> ਉਰਦੂ ਅਖ਼ਬਾਰ 'ਅਜੀਤ' ਲਈ ਮੈਂ ਸਭ ਕੁਝ ਦਾਉ 'ਤੇ ਲਗਾ ਦਿੱਤਾ। ਰੋਜ਼ 15-16 ਘੰਟੇ ਕੰਮ ਕਰਦਾ ਸਾਂ। ਕਿਸੇ ਮੁਆਵਜ਼ੇ ਲਈ, ਤਨਖ਼ਾਹ 'ਚ ਵਾਧਾ ਕਰਾਉਣ ਲਈ ਜਾਂ ਕਿਸੇ ਹੋਰ ਲਾਲਚ ਨੂੰ ਨਹੀਂ ਸਗੋਂ ਅਖ਼ਬਾਰ ਮੇਰੇ ਜੀਵਨ ਮਨੋਰਥ ਦਾ ਸਾਧਨ ਬਣ ਚੁੱਕਾ ਸੀ। ਇਹ ਮੇਰਾ ਈਮਾਨ ਸੀ।... ਔਕੜਾਂ ਆਈਆਂ, ਮੈਂ ਉਨ੍ਹਾਂ ਨੂੰ ਇਕ ਪਾਸੇ ਛੱਡ ਕੇ ਅੱਗੇ ਵਧਣ ਦਾ ਮਨ ਬਣਾਇਆ- ਰੁਕਾਵਟਾਂ ਆਈਆਂ ਪਰ ਮੈਂ ਉਨ੍ਹਾਂ ਨੂੰ ਰੌਂਦ ਕੇ ਅਗਾਂਹ ਵਧ ਜਾਣ ਦਾ ਪੱਕਾ ਇਰਾਦਾ ਬਣਾ ਲਿਆ ਸੀ।

ਔਕੜਾਂ ਅਤੇ ਪਰੇਸ਼ਾਨੀਆਂ ਨਾਲ ਜੂਝਦਾ ਹੋਇਆ ਇਹ ਅਖ਼ਬਾਰ ਆਪਣੀ ਪੈਂਠ ਬਣਾ ਹੀ ਰਿਹਾ ਸੀ ਕਿ ਦੇਸ਼ ਦੀ ਵੰਡ ਦਾ ਸੰਤਾਪ ਪੰਜਾਬੀਆਂ ਨੂੰ ਹਲੂਣ ਗਿਆ। ਫੇਰ ਇਸ ਅਖ਼ਬਾਰ ਨੂੰ ਅੰਮ੍ਰਿਤਸਰ ਤੋਂ ਛਾਪਣ ਦੇ ਯਤਨ ਆਰੰਭ ਹੋਏ ਪਰ ਇਸ ਦੀ ਬਾਕਾਇਦਾ ਪ੍ਰਕਾਸ਼ਨਾ 1952 ਵਿਚ ਹੀ ਸ਼ੁਰੂ ਹੋ ਸਕੀ। ਸਾਧੂ ਸਿੰਘ ਹਮਦਰਦ 'ਅਜੀਤ' (ਉਰਦੂ) ਦੇ ਮੁੱਖ ਸੰਪਾਦਕ ਬਣੇ। ਫੇਰ ਤਿੰਨ ਸਾਲ ਬੀਤਣ ਉਪਰੰਤ ਇਸ ਅਖ਼ਬਾਰ ਨੂੰ ਪੰਜਾਬੀ ਵਿਚ ਕੱਢਣ ਦਾ ਫੈਸਲਾ ਕੀਤਾ ਗਿਆ।

> ਰੋਜ਼ਾਨਾ 'ਅਜੀਤ' (ਪੰਜਾਬੀ) ਦਾ ਪਹਿਲਾ ਪਰਚਾ ਪਹਿਲੀ ਨਵੰਬਰ 1955 ਨੂੰ ਨਿਕਲਿਆ। ਇਹ ਉਹੋ ਦਿਨ ਸੀ ਜਦੋਂ ਅਸੀਂ ਤੇਰਾਂ ਸਾਲ ਪਹਿਲਾਂ ਲਾਹੌਰ ਤੋਂ ਰੋਜ਼ਾਨਾ 'ਅਜੀਤ' (ਉਰਦੂ) ਦਾ ਪਹਿਲਾ ਪਰਚਾ ਪ੍ਰਕਾਸ਼ਿਤ ਕੀਤਾ ਸੀ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸਰੋਕਾਰਾਂ ਦਾ 'ਅਜੀਤ' ਨਾਲ ਗਹਿਰਾ ਸੰਬੰਧ ਇਸ ਦੇ ਜਨਮ ਤੋਂ ਹੀ ਜੁੜਿਆ ਹੋਇਆ ਹੈ, ਜਿਹੜਾ ਇਸ ਨੂੰ ਇਨ੍ਹਾਂ ਸਰੋਕਾਰਾਂ ਦੇ ਪ੍ਰਤੀ ਸਾਧੂ ਸਿੰਘ ਹਮਦਰਦ ਦੇ ਹੱਥਾਂ ਰਾਹੀਂ ਨੇਪਰੇ ਚਾੜ੍ਹਨ ਦੇ ਮੌਕੇ ਬਣਾਉਂਦਾ ਰਿਹਾ ਹੈ।

ਇਹ ਕੋਈ ਚਾਣਚੱਕ ਵਾਪਰਿਆ ਹਾਦਸਾ ਜਾਂ ਕੋਈ ਮੌਕਾ ਮੇਲਾ ਨਹੀਂ ਸੀ। ਇਸ ਦੇ ਪਿੱਛੇ ਇਕ ਗਹਿਰੀ ਵਿਚਾਰਧਾਰਕ ਸੂਝ ਅਤੇ ਪ੍ਰਤੀਬੱਧਤਾ ਦਾ ਆਲਮ ਸੀ, ਜਿਹੜਾ ਪੰਜਾਬੀਆਂ ਦੇ ਮੁਢਲੇ ਸਰੋਕਾਰਾਂ ਨੂੰ ਆਪਣੇ ਵਿਚ ਸਮੋਈ ਬੈਠਾ ਸੀ। ਸਾਧੂ ਸਿੰਘ ਹਮਦਰਦ ਦਾ ਇਸ ਅਖ਼ਬਾਰ ਨੂੰ ਅਪਨਾਉਣਾ ਅਸਲ ਵਿਚ ਇਕ ਨਿਸ਼ਕਾਮ ਸੇਵਾ ਭਾਵਨਾ ਦਾ ਪਰਤੌਂ ਹੀ ਸੀ।

ਮੁਢਲੇ ਦੌਰ ਦੀ ਅਜਿਹੀ ਪੱਕੀ ਬੁਨਿਆਦ ਨੇ ਹੀ 'ਅਜੀਤ' ਨੂੰ ਉਰਦੂ ਤੋਂ ਪੰਜਾਬੀ ਤੱਕ ਪਹੁੰਚਾਇਆ ਅਤੇ ਲਾਹੌਰ ਤੋਂ ਜਲੰਧਰ ਤੱਕ ਪਹੁੰਚਦਿਆਂ ਅਜਿਹੀ ਪਰਪੱਕਤਾ ਤੱਕ ਬੁਲੰਦ ਕਰ ਦਿੱਤਾ ਕਿ ਫੇਰ ਇਸ ਦੀ ਵਿਚਾਰਧਾਰਾ ਵਿਚ ਕਿਧਰੇ ਵੀ ਕੋਈ ਝੋਲ ਨਹੀਂ ਆਈ। ਅਜਿਹੇ ਵਿਰਸੇ ਨੂੰ ਪ੍ਰਣਾਇਆ ਹੋਇਆ 'ਅਜੀਤ' ਅਖ਼ਬਾਰ ਆਜ਼ਾਦੀ ਤੋਂ ਬਾਅਦ ਦੇ ਦੌਰ ਵਿਚ ਪੰਜਾਬੀਅਤ ਦੀ ਬੁਲੰਦੀ ਲਈ ਹੋਰ ਵੀ ਗੂੜ੍ਹੀਆਂ ਪੈੜਾਂ ਪਾਉਣ ਲਈ ਅੱਗੇ ਵਧਣ ਲੱਗਾ।

ਡਾ: ਸਾਧੂ ਸਿੰਘ ਹਮਦਰਦ ਦੀ ਅਦੁੱਤੀ ਸ਼ਖ਼ਸੀਅਤ, ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਪੱਕੇ ਇਰਾਦੇ ਨੇ ਇਸ ਅਖ਼ਬਾਰ ਨੂੰ ਪੰਜਾਬੀਅਤ ਦੀ ਰੂਹ ਨਾਲ ਇਸ ਤਰ੍ਹਾਂ ਓਤਪੋਤ ਕਰ ਦਿੱਤਾ ਕਿ ਇਹ ਅਖ਼ਬਾਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਪ੍ਰਤੀਕ ਬਣ ਗਿਆ। 'ਅਜੀਤ' ਦਾ ਇਹ ਲੰਮਾ ਸਫ਼ਰ ਬੇਹੱਦ ਵੰਗਾਰਾਂ ਭਰਿਆ ਹੈ। ਇਨ੍ਹਾਂ ਵਿਚ ਵਿਦਮਾਨ ਹਨ : ਆਰਥਕ, ਸੱਭਿਆਚਾਰਕ, ਰਾਜਨੀਤਕ ਅਤੇ ਸਮਾਜਿਕ ਵੰਗਾਰਾਂ ਦੇ ਵਿਭਿੰਨ ਰੂਪ, ਜੋ ਸਮੇਂ-ਸਮੇਂ ਇਸ ਅਖ਼ਬਾਰ ਨੂੰ ਦਰਪੇਸ਼ ਰਹੇ ਹਨ। ਇਸ ਲੰਮੇ ਦੌਰ ਵਿਚ ਪੰਜਾਬ ਵਿਚ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਕਾਇਮ ਰੱਖਣ ਅਤੇ ਇਸ ਨੂੰ ਹੋਰ ਪ੍ਰਫੁੱਲਿਤ ਕਰਨ ਦੀਆਂ ਲੜਾਈਆਂ ਵੀ ਲੜੀਆਂ ਗਈਆਂ, ਭਾਸ਼ਾ ਦੇ ਆਧਾਰ ਉੱਤੇ ਪੰਜਾਬੀ ਸੂਬੇ ਦੀ ਸਥਾਪਨਾ ਲਈ ਲੜਾਈ ਵੀ ਲੜੀ ਗਈ। ਕੌਮ ਦੀ ਪਛਾਣ ਬਣਾਈ ਰੱਖਣ ਲਈ ਤਿੱਖੇ ਸੰਘਰਸ਼ ਵੀ ਲੜੇ ਗਏ, ਸਾਕਾ ਨੀਲਾ ਤਾਰਾ ਵਰਗਾ ਅਤਿ ਦਰਦਨਾਕ ਦੌਰ ਵੀ ਆਇਆ। ਪਰ ਇਨ੍ਹਾਂ ਸਾਰੇ ਸਮਿਆਂ ਵਿਚ 'ਅਜੀਤ' ਦੀ ਆਵਾਜ਼ ਪੰਜਾਬੀਅਤ ਦੀ ਆਵਾਜ਼ ਬਣ ਕੇ ਬੁਲੰਦ ਹੁੰਦੀ ਰਹੀ।

29 ਜੁਲਾਈ 1984 ਨੂੰ ਜਦੋਂ ਡਾਕਟਰ ਸਾਧੂ ਸਿੰਘ ਹਮਦਰਦ ਵਿਛੋੜਾ ਦੇ ਗਏ ਤਾਂ ਇਸ ਅਖ਼ਬਾਰ ਦੀ ਵਾਗਡੋਰ ਉਨ੍ਹਾਂ ਦੇ ਸਪੁੱਤਰ ਸ: ਬਰਜਿੰਦਰ ਸਿੰਘ ਹਮਦਰਦ ਦੇ ਤਜਰਬੇਕਾਰ ਅਤੇ ਮਜ਼ਬੂਤ ਹੱਥਾਂ ਵਿਚ ਆਈ। ਡਾ: ਸਾਧੂ ਸਿੰਘ ਹਮਦਰਦ ਨੇ ਆਪਣੀ ਲਗਨ ਅਤੇ ਸਿਰੜ ਨਾਲ ਇਸ ਅਖ਼ਬਾਰ ਨੂੰ ਜੋ ਪੱਕੀ ਅਤੇ ਨਿਵੇਕਲੀ ਬੁਨਿਆਦ ਪ੍ਰਦਾਨ ਕੀਤੀ ਸੀ, ਉਸ ਵਿਚ ਡਾ: ਬਰਜਿੰਦਰ ਸਿੰਘ ਹਮਦਰਦ ਨੇ ਆਪਣੀ ਸਿਰਜਣਾਤਮਕ ਸ਼ਕਤੀ ਨਾਲ ਹੋਰ ਗੂੜ੍ਹੇ ਰੰਗ ਭਰਨੇ ਆਰੰਭ ਕੀਤੇ।

ਇਹ ਸਮਾਂ ਪੰਜਾਬੀਆਂ ਲਈ ਨਵੀਆਂ ਵੰਗਾਰਾਂ ਦਾ ਸਮਾਂ ਸੀ। ਇਕ ਪਾਸੇ ਆਪਣੀ ਵੱਖਰੀ ਪਛਾਣ ਦੀ ਸਲਾਮਤੀ ਦਾ ਸਵਾਲ ਸੀ ਅਤੇ ਦੂਸਰੇ ਪਾਸੇ ਪੰਜਾਬ ਦੀ ਖੁਸ਼ਹਾਲੀ ਨੂੰ ਲੀਹ ਉੱਤੇ ਪਾਉਣ ਦਾ ਮਸਲਾ ਸੀ। ਇਸ ਤਵਾਜ਼ਨ ਨੂੰ ਕਾਇਮ ਰੱਖਣਾ ਅਤੇ ਪੰਜਾਬੀਆਂ ਨੂੰ ਨਵੀਂ ਦੁਨੀਆ ਨਾਲ ਕਦਮ ਮੇਚ ਕੇ ਚੱਲਣ ਲਈ ਤਿਆਰ

ਕਰਨਾ, ਅਜਿਹੀ ਬੌਧਿਕ ਅਤੇ ਵਿਹਾਰਕ ਜ਼ਿੰਮੇਵਾਰੀ ਸੀ, ਜਿਸ ਨੂੰ ਅੰਜ਼ਾਮ ਦੇਣ ਲਈ ਇਕ ਨਿਵੇਕਲੀ ਦੂਰ-ਅੰਦੇਸ਼ੀ ਦੀ ਜ਼ਰੂਰਤ ਸੀ। ਨਿਰਸੰਦੇਹ ਅਜਿਹੀ ਦੂਰ-ਅੰਦੇਸ਼ੀ ਡਾਃ ਬਰਜਿੰਦਰ ਸਿੰਘ ਹਮਦਰਦ ਵਿਚ ਵਿਦਮਾਨ ਸੀ। ਉਨ੍ਹਾਂ ਕੋਲ ਪਹਿਲਾਂ ਆਪਣੇ ਪਿਤਾ ਜੀ ਨਾਲ ਕੰਮ ਕਰਨ, ਫੇਰ ਮਾਸਿਕ ਪੱਤਰ 'ਦ੍ਰਿਸ਼ਟੀ' ਅਤੇ 'ਅੰਨਦਾਤਾ' ਚਲਾਉਣ ਤੇ ਫੇਰ 'ਪੰਜਾਬੀ ਟ੍ਰਿਬਿਊਨ' ਦੇ ਬਾਨੀ-ਸੰਪਾਦਕ ਹੋਣ ਦਾ ਇਕ ਲੰਮਾ (ਛੇ ਸਾਲ) ਤਜਰਬਾ ਵੀ ਸੀ ਅਤੇ ਇਕ ਸਿਰਜਣਾਤਮਿਕ ਰੌਸ਼ਨ ਦਿਮਾਗ਼ ਵੀ।

> ਸ. ਬਰਜਿੰਦਰ ਸਿੰਘ ਹਮਦਰਦ ਦੀ ਪੱਤਰਕਾਰੀ ਦਾ ਚਰਿੱਤਰ ਮਾਨਵਵਾਦੀ ਅਤੇ ਸਹਿਜ ਸੰਵੇਦਨਾ ਵਾਲਾ ਹੈ। ਉਹ ਕਿਸੇ ਵੀ ਸਮੱਸਿਆ ਦੇ ਲਕੀਰੀ ਪਾਸਾਰਾਂ ਤੱਕ ਹੀ ਸੀਮਤ ਨਹੀਂ ਰਹਿੰਦਾ ਬਲਕਿ ਉਹ ਸਮੱਸਿਆ ਦੇ ਬਹੁਦਿਸ਼ਾਵੀ ਚਰਿੱਤਰ ਅਤੇ ਉਸ ਅੰਦਰਲੇ ਵਿਭਿੰਨ ਅੰਤਰ ਵਿਰੋਧਾਂ ਨੂੰ ਪਕੜਦਾ ਹੈ। ਇੰਜ ਉਸ ਦੀ ਪੱਤਰਕਾਰੀ ਦੀ ਯਾਤਰਾ ਸਮੱਸਿਆ ਤੋਂ ਉਸ ਦੇ ਰਚਨਾਤਮਿਕ ਹੱਲ ਤੱਕ ਦੀ ਬਣ ਜਾਂਦੀ ਹੈ। ਉਸ ਦੀ ਮਾਨਵਵਾਦੀ ਸੁਰ ਇਸ ਯਾਤਰਾ ਵਿਚ ਉਸ ਦੇ ਅੰਗ ਸੰਗ ਰਹਿੰਦੀ ਹੈ।... ... ਉਸ ਦੀ ਪੱਤਰਕਾਰੀ ਕੇਵਲ ਵਰਤਮਾਨ ਦੀ ਗੱਲ ਨਹੀਂ ਕਰਦੀ ਸਗੋਂ ਅਤੀਤ ਅਤੇ ਭਵਿੱਖ ਦੋਵੇਂ ਵਰਤਮਾਨ ਦੀ ਵਿਆਖਿਆ ਕਰਦੇ ਹਨ। ... ਉਹ ਸਥਿਤੀ ਦੀ ਡੂੰਘਾਈ ਵਿਚ ਉਤਰਦਾ ਹੈ, ਫਿਰ ਤਹਿਆਂ ਫਰੋਲਦਾ ਹੋਇਆ ਇਕ ਸਿਰਜਨਾਤਮਕ ਵਿਵੇਕ ਉਸਾਰਦਾ ਹੈ... ਉਹ ਪੰਜਾਬ ਦਾ ਇਕੋ ਇਕ ਪੱਤਰਕਾਰ ਹੈ ਜੋ ਧਰਤੀ ਨੂੰ ਮਾਨਵੀ ਸਰੋਕਾਰਾਂ ਨਾਲ ਜੋੜਦਾ ਅਤੇ ਨਿਖਾਰਦਾ ਹੈ।

ਇਨ੍ਹਾਂ ਹੱਥਾਂ ਵਿਚ ਆ ਕੇ 'ਅਜੀਤ' ਨੇ ਨਵੀਂ ਤਕਨਾਲੋਜੀ ਨਾਲ ਲੈੱਸ ਹੋ ਕੇ ਪੰਜਾਬੀ ਪੱਤਰਕਾਰੀ ਵਿਚ ਨਵੀਆਂ ਸਿਖਰਾਂ ਛੋਹਣੀਆਂ ਸ਼ੁਰੂ ਕਰ ਦਿੱਤੀਆਂ। ਨਿੱਤ ਨਵੇਂ ਅਡੀਸ਼ਨਾਂ ਦੀ ਸ਼ੁਰੂਆਤ ਹੋਈ ਅਤੇ ਨਿੱਤ ਨਵੇਂ ਖੇਤਰਾਂ ਵਿਚ 'ਅਜੀਤ' ਦਾ ਪਾਸਾਰ ਹੋਇਆ। ਦੁਨੀਆ ਵਿਚ ਜਿਥੇ-ਜਿਥੇ ਵੀ ਪੰਜਾਬੀ ਵੱਸਦੇ ਹਨ, ਉਥੇ-ਉਥੇ ਹੀ 'ਅਜੀਤ' ਪਹੁੰਚਣ ਲੱਗਾ। ਗੁਆਂਢੀ ਰਾਜਾਂ ਤੋਂ ਲੈ ਕੇ ਭਾਰਤ ਭਰ ਦੇ ਸਾਰੇ ਪ੍ਰਦੇਸ਼ਾਂ ਤੱਕ ਫੈਲਿਆ ਹੋਇਆ ਇਹ ਪਾਸਾਰ ਹੁਣ ਇੰਟਰਨੈੱਟ ਰਾਹੀਂ ਵੀ ਦੁਨੀਆ ਦੇ ਕੋਨੇ-ਕੋਨੇ ਤੱਕ ਆਪਣੀ ਰਸਾਈ ਰੱਖਦਾ ਹੈ।

ਇਸ ਵਿਆਪਕ ਪਾਸਾਰ ਵਿਚ ਜਿਹੜੀ ਗੱਲ ਉੱਭਰ ਕੇ ਸਾਹਮਣੇ ਆ ਰਹੀ ਹੈ, ਉਹ ਹੈ 'ਅਜੀਤ' ਦੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪ੍ਰਫੁੱਲਤਾ ਨੂੰ ਵੇਖਣ ਦੀ ਚੇਸ਼ਟਾ। ਇਸ ਚੇਸ਼ਟਾ ਨੂੰ ਸਾਕਾਰ ਵੇਖਣ ਲਈ 'ਅਜੀਤ' ਆਪਣੇ ਤੌਰ ਉੱਪਰ ਜੋ ਯੋਗਦਾਨ ਪਾ ਰਿਹਾ ਹੈ, ਇਸ ਦੀ ਇਕ ਵੱਖਰੀ ਪਛਾਣ ਹੈ। ਇਹ ਪਛਾਣ ਪੰਜਾਬੀਆਂ ਦੇ ਸਿਰੜ ਅਤੇ ਸਿਦਕ ਨਾਲ ਵੀ ਜੁੜੀ ਹੋਈ ਹੈ ਅਤੇ ਦੁੱਖਾਂ, ਤਕਲੀਫ਼ਾਂ ਨਾਲ ਵੱਖ-ਵੱਖ ਮੋਰਚਿਆਂ ਉੱਤੇ ਲੜਦੇ ਹੋਏ ਆਪਣੇ ਆਪ ਨੂੰ ਸਾਲਮ ਸਬੂਤੇ ਰੱਖਣ ਦੀ ਸੋਝੀ ਨਾਲ ਵੀ ਜੁੜੀ ਹੋਈ ਹੈ। ਨਿਰਸੰਦੇਹ ਡਾ. ਬਰਜਿੰਦਰ ਸਿੰਘ ਹਮਦਰਦ ਦੀ ਬਹੁਪੱਖੀ ਸ਼ਖ਼ਸੀਅਤ ਇਸ ਅਖ਼ਬਾਰ ਲਈ ਇਕ ਵਰਦਾਨ ਵਾਂਗ ਹੈ। ਉੱਘੇ ਪੱਤਰਕਾਰ ਕੁਲਦੀਪ ਨਈਅਰ ਨੇ ਡਾ. ਬਰਜਿੰਦਰ ਸਿੰਘ ਹਮਦਰਦ ਨੂੰ ਇਕ ਨਿਧੜਕ ਪੱਤਰਕਾਰ ਵਜੋਂ ਪਛਾਣਦਿਆਂ ਲਿਖਿਆ ਹੈ—

> ਬਰਜਿੰਦਰ ਸਿੰਘ ਹਮਦਰਦ ਦੇ ਸੰਪਾਦਕੀ ਲੇਖਾਂ ਨੂੰ ਪੜ੍ਹਦਿਆਂ ਮੈਂ ਇਕ ਗੱਲ ਵਿਸ਼ੇਸ਼ ਤੌਰ 'ਤੇ ਨੋਟ ਕੀਤੀ ਹੈ ਕਿ ਉਸ ਦੀ ਕਲਮ ਤਲਵਾਰ ਵਾਂਗ ਆਮ ਲੋਕਾਂ ਦੇ ਹੱਕ ਵਿਚ ਚਲਦੀ ਹੈ। ਉਹ ਆਮ ਲੋਕਾਂ ਦਾ ਜੀਵਨ-ਪੱਧਰ ਉੱਚਾ ਹੋਇਆ ਦੇਖਣਾ ਚਾਹੁੰਦਾ ਹੈ। ਉਹ ਦੇਸ਼ ਵਿਚ ਚਲ ਰਹੇ ਵਿਸ਼ਵੀਕਰਨ ਅਤੇ ਨਿੱਜੀਕਰਨ ਦੇ ਰੁਝਾਨ ਨੂੰ ਵੀ ਇਸ ਦ੍ਰਿਸ਼ਟੀ ਤੋਂ ਪਰਖਦਾ ਹੈ। ਉਸ ਦਾ ਮੱਤ ਹੈ ਕਿ ਜੇਕਰ ਇਹ ਆਰਥਿਕ ਸੁਧਾਰ ਆਮ ਮਨੁੱਖ ਦੀ ਆਰਥਿਕ ਸਥਿਤੀ ਵਿਚ ਸੁਧਾਰ ਲਿਆਉਣ ਵਿਚ ਅਸਫ਼ਲ ਰਹਿੰਦੇ ਹਨ, ਉਸ ਲਈ ਰੁਜ਼ਗਾਰ ਦੇ ਮੌਕਿਆਂ ਵਿਚ ਵਾਧਾ ਨਹੀਂ ਕਰਦੇ, ਸਿੱਖਿਆ ਅਤੇ ਸਿਹਤ ਦੀਆਂ ਸਹੂਲਤਾਂ ਉਸ ਦੀ ਪਹੁੰਚ ਵਿਚ ਨਹੀਂ ਰਹਿੰਦੀਆਂ ਤਾਂ ਇਨ੍ਹਾਂ ਦਾ ਕੋਈ ਲਾਭ ਹੋਣ ਵਾਲਾ ਨਹੀਂ।

ਅਜਿਹੀ ਦੂਰਅੰਦੇਸ਼ੀ ਨੂੰ ਸਮਝਦਿਆਂ ਹੋਇਆਂ ਡਾ. ਬਰਜਿੰਦਰ ਸਿੰਘ ਹਮਦਰਦ ਨੇ ਇਸ ਅਖ਼ਬਾਰ ਨੂੰ ਨਵੇਂ ਸਿਰੇ ਤੋਂ, ਨਵੀਆਂ ਲੋੜਾਂ ਅਨੁਸਾਰ ਡਿਜ਼ਾਈਨ ਕਰਨ ਦਾ ਕਾਰਜ ਅਰੰਭਿਆ। ਇਸੇ ਕਰਕੇ ਪੰਜਾਬ ਦੇ ਦੂਰ-ਦੁਰਾਡੇ ਪਿੰਡਾਂ ਤੱਕ ਵੀ ਆਪਣੇ ਪੱਤਰਕਾਰਾਂ/ਰਿਪੋਰਟਰਾਂ ਨੂੰ ਤਾਇਨਾਤ ਕਰਨਾ, ਉਨ੍ਹਾਂ ਨੂੰ ਇਸ ਜ਼ਮੀਨ ਦੀਆਂ ਲੋੜਾਂ ਨੂੰ ਸਮਝ ਕੇ, ਪੱਤਰਕਾਰੀ ਦੀਆਂ ਨਵੀਆਂ ਪੈੜਾਂ ਪਾਉਣ ਲਈ ਤਿਆਰ ਕਰਨਾ ਅਤੇ ਪਿੰਡਾਂ ਦੇ ਵਿਕਾਸ ਲਈ ਆਵਾਜ਼ ਬੁਲੰਦ ਕਰਨਾ ਵੀ 'ਅਜੀਤ' ਦਾ ਅਕੀਦਾ ਬਣ ਗਿਆ। ਪੰਜਾਬ ਨੂੰ ਸਭ ਤੋਂ ਖ਼ੁਸ਼ਹਾਲ ਰਾਜ ਦੇਖਣ ਦੀ ਇਸ ਚੇਸ਼ਟਾ ਨੇ 'ਅਜੀਤ' ਦੇ ਨੈੱਟਵਰਕ ਨੂੰ ਏਨਾ ਫੈਲਾ ਦਿੱਤਾ ਹੈ ਕਿ ਪੰਜਾਬ ਦੇ ਛੋਟੇ ਤੋਂ ਛੋਟੇ ਪਿੰਡ ਦਾ ਬੁਨਿਆਦੀ ਵਿਕਾਸ ਵੀ 'ਅਜੀਤ' ਵੱਲੋਂ ਉਠਾਈ ਜਾ ਰਹੀ ਆਵਾਜ਼ ਨਾਲ ਇਕਸੁਰ ਹੁੰਦਾ ਦਿਸਦਾ ਹੈ। ਇਹ ਇਕਸੁਰਤਾ ਪੰਜਾਬੀ ਜਾਗ੍ਰਿਤੀ ਦੀ ਲਹਿਰ ਵਾਂਗ ਹੈ, ਜੋ ਪੰਜਾਬੀਅਤ ਦੇ ਸਮੁੰਦਰ ਵਿਚੋਂ ਸਹਿਜ ਰੂਪ ਵਿਚ ਹੀ ਉੱਠਦੀ ਹੈ ਅਤੇ ਦੂਰ-ਦੂਰ ਤੱਕ ਫੈਲਦੀ ਹੈ।

ਇਸ ਵੇਲੇ ਪੰਜਾਬ ਦੇ ਕੋਨੇ-ਕੋਨੇ ਵਿਚ 'ਅਜੀਤ' ਦੇ ਪੱਤਰਕਾਰ ਤਾਇਨਾਤ ਹਨ। ਪੰਜਾਬ ਦੇ 22 ਜ਼ਿਲ੍ਹਿਆਂ ਨੂੰ ਪੱਤਰਕਾਰੀ ਦੇ ਨੈੱਟਵਰਕ ਨਾਲ ਜੋੜਿਆ ਗਿਆ ਹੈ ਅਤੇ ਖਿੱਤਾਵਾਰ ਅੰਕ ਕੱਢ ਕੇ ਸਥਾਨਕ ਸਮੱਸਿਆਵਾਂ ਨੂੰ ਵਧ ਤੋਂ ਵੱਧ ਮਾਤਰਾ ਵਿਚ ਅਖ਼ਬਾਰ ਦੇ ਕਾਲਮਾਂ ਵਿਚ ਜਗ੍ਹਾ ਦੇਣੀ ਅਤੇ ਹਰ ਖਿੱਤੇ ਦੇ ਮਸਲਿਆਂ ਨੂੰ ਉਭਾਰ ਕੇ ਪੇਸ਼ ਕਰਦਿਆਂ ਸਰਕਾਰ ਦੇ ਕੰਨਾਂ ਤੱਕ ਅਵਾਮ ਦੀ ਆਵਾਜ਼ ਨੂੰ ਪਹੁੰਚਾਉਣਾ ਇਸ ਅਖ਼ਬਾਰ ਦਾ ਉਦੇਸ਼ ਹੈ।

'ਅਜੀਤ' ਦੇ ਜਲੰਧਰ ਵਿਚਲੇ ਮੁੱਖ ਦਫ਼ਤਰ ਤੋਂ ਇਲਾਵਾ ਸਬ ਡਵੀਜ਼ਨਾਂ ਤੱਕ ਇਸ ਦੇ ਉੱਪ ਦਫ਼ਤਰ ਹਨ ਅਤੇ ਇਥੋਂ ਤੱਕ ਕਿ ਵੱਖ-ਵੱਖ ਦੇਸ਼ਾਂ ਵਿਚ ਵੀ ਪੱਤਰਕਾਰਾਂ ਨੂੰ ਨਿਯੁਕਤ ਕੀਤਾ ਗਿਆ ਹੈ। ਪਿੰਡਾਂ ਦੇ ਵਿਕਾਸ ਦੇ ਵਿਦੇਸ਼ਾਂ ਨਾਲ ਜੁੜੇ ਸਰੋਕਾਰਾਂ ਨੂੰ ਵਿਸ਼ੇਸ਼ ਰੂਪ ਵਿਚ ਉਭਾਰ ਕੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਪੰਜਾਬ ਦੇ ਪਿੰਡਾਂ ਵਿਚ ਪੂੰਜੀ ਲਗਾ ਕੇ ਪਿੰਡਾਂ ਨੂੰ ਵਿਕਸਤ ਕਰਨ ਦੀ ਪ੍ਰੇਰਨਾ ਦੇਣਾ ਵੀ ਇਸ ਅਖ਼ਬਾਰ ਦੀਆਂ ਚਿੰਤਾਵਾਂ ਵਿਚ ਸ਼ਾਮਲ ਹੈ।

ਬਿੱਖੜੇ ਰਾਹਾਂ ਦੇ ਇਸ ਸਫ਼ਰ ਦੇ ਵਿਭਿੰਨ ਪਾਸਾਰ ਹਨ ਅਤੇ ਇਸ ਦੇ ਘਰ-ਘਰ ਦਾ ਅਖ਼ਬਾਰ ਬਣ ਜਾਣ ਦਾ ਰਹੱਸ ਬਹੁਤ ਗਹਿਰਾ ਹੈ। ਇਸ ਅਖ਼ਬਾਰ ਦੀ ਨੀਤੀ ਅਤੇ ਨੀਤ ਵਿਚ ਬਹੁਤ ਕੁਝ ਅਜਿਹਾ ਹੈ, ਜਿਸ ਨੂੰ ਪੰਜਾਬੀਆਂ ਨੇ ਇਸ ਕਦਰ ਅਪਣਾਇਆ ਕਿ ਕੋਈ ਹੋਰ ਇਸ ਦਾ ਸਾਨੀ ਨਹੀਂ ਹੋ ਸਕਿਆ।

ਇਸ ਸੰਦਰਭ ਵਿਚ ਜਿਹੜੀ ਗੱਲ ਵਿਸ਼ੇਸ਼ ਰੂਪ ਵਿਚ ਉੱਭਰ ਕੇ ਸਾਹਮਣੇ ਆ ਰਹੀ ਹੈ ਉਹ ਹੈ ਇਸ ਅਖ਼ਬਾਰ ਦੀ ਤਰਕ-ਸੰਗਤ ਪਹੁੰਚ। ਸਰਬ ਸਾਂਝੀਵਾਲਤਾ ਦੇ ਸੰਕਲਪ ਨੂੰ ਪੱਲੇ ਬੰਨ੍ਹ ਕੇ ਸ਼ੁਰੂ ਹੋਇਆ ਇਸ ਅਖ਼ਬਾਰ ਦਾ ਸਹਿਜ ਸਫ਼ਰ, ਪੰਜਾਬੀ ਮਾਨਸਿਕਤਾ ਦੇ ਅਨੁਰੂਪ ਹੈ। ਆਪਣੀ ਬੋਲੀ, ਆਪਣਾ ਸੱਭਿਆਚਾਰ, ਆਪਣਾ ਵਿਰਸਾ, ਆਪਣਾ ਇਤਿਹਾਸ, ਆਪਣਾ ਦੇਸ਼ ਅਤੇ ਆਪਣਾ ਵੇਸ—ਅਜਿਹੇ ਸੰਕਲਪ ਹਨ, ਜਿਹੜੇ ਇਸ ਅਖ਼ਬਾਰ ਦੇ ਇਕ ਇਕ ਸਫ਼ੇ, ਇਕ ਇਕ ਕਾਲਮ ਅਤੇ ਇਕ ਇਕ ਸ਼ਬਦ ਵਿਚੋਂ ਸਾਕਾਰ ਹੁੰਦੇ ਹਨ।

> ਪੰਜਾਬੀ ਪਿਆਰਿਆਂ ਨੇ ਪੰਜਾਬੀ ਅਤੇ ਪੰਜਾਬੀਅਤ ਦੀ ਲੋਅ ਨੂੰ ਹਮੇਸ਼ਾ ਰੌਸ਼ਨ ਰੱਖਣ ਦਾ ਯਤਨ ਕੀਤਾ ਹੈ ਪਰ ਪੰਜਾਬੀ ਵਿਰੋਧੀਆਂ ਨੇ ਇਸ ਲੋਅ ਦੇ ਤੇਜ ਨੂੰ ਵੱਧ ਤੋਂ ਵੱਧ ਘੱਟ ਕਰਨ ਦਾ ਯਤਨ ਕੀਤਾ ਹੈ। ਕਈ ਵਾਰੀ ਤਾਂ ਇਹ ਕਾਫ਼ੀ ਹੱਦ ਤੱਕ ਮਧਮ ਵੀ ਹੋ ਗਈ ਜਾਪਦੀ ਰਹੀ, ਪਰ ਪੰਜਾਬੀਅਤ ਦੇ ਰੰਗ ਵਿਚ ਰੰਗੇ ਲੋਕਾਂ ਨੇ ਇਸ ਦੀ ਚਮਕ ਨੂੰ ਦੁਬਾਰਾ ਫਿਰ ਤੇਜ਼ ਕਰ ਦਿੱਤਾ। ਅੱਜ ਮੁੜ ਪੰਜਾਬੀ ਨੂੰ ਗੁੱਠੇ ਲਾਉਣ ਦੇ ਯਤਨ ਕੀਤੇ ਜਾ ਰਹੇ ਹਨ। ਸਾਨੂੰ ਦੁੱਖ ਇਸ ਗੱਲ ਦਾ ਹੈ ਕਿ ਇਸ ਛੋਟੇ ਜਿਹੇ ਸੂਬੇ ਵਿਚ ਲਗਾਤਾਰ ਇਹ ਯਤਨ ਕੀਤੇ ਜਾ ਰਹੇ ਹਨ ਕਿ ਪੰਜਾਬ ਅਤੇ ਪੰਜਾਬੀਅਤ ਨੂੰ ਪੂਰੀ ਤਰ੍ਹਾਂ ਦਫ਼ਨਾ ਦਿੱਤਾ ਜਾਵੇ। ...(ਅਸੀਂ) ਵਿਰੋਧੀ ਦਲਾਂ, ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਦੀ ਪ੍ਰਸ਼ੰਸਾ ਕਰਦੇ ਹਾਂ ਕਿ ਉਨ੍ਹਾਂ ਨੇ ਵੀ ਇਸ ਮਸਲੇ 'ਤੇ ਸਹੀ ਸਟੈਂਡ ਲਿਆ ਹੈ। ਅਸੀਂ ਉਮੀਦ ਕਰਦੇ ਹਾਂ ਕਿ ਭਵਿੱਖ ਵਿਚ ਵੀ ਉਹ ਪੰਜਾਬੀਅਤ ਦੀ ਜੋਤ ਜਗਾਈ ਰੱਖਣਗੇ ਅਤੇ ਇਸੇ ਤਰ੍ਹਾਂ ਯੋਗਦਾਨ ਪਾਉਂਦੇ ਰਹਿਣਗੇ।

ਪੰਜਾਬ ਦੱਖਣੀ ਏਸ਼ੀਆ ਦਾ ਉਹ ਖਿੱਤਾ ਹੈ ਜੋ ਭਾਰਤ ਭੂਮੀ ਦੇ ਉੱਤਰ-ਪੱਛਮ ਵਿਚ ਸਥਿਤ ਹੈ। ਇਸ ਛੋਟੇ ਜਿਹੇ ਪ੍ਰਾਂਤ ਦਾ ਇਕ ਲੰਬਾ ਇਤਿਹਾਸ ਵਿਭਿੰਨ ਸੱਭਿਅਤਾਵਾਂ ਦੇ ਸੁਮੇਲ ਨਾਲ ਓਤਪੋਤ ਹੈ। ਇਸ ਦੇ ਇਤਿਹਾਸ ਦੇ ਪਿਛਲੇ ਪੰਜ ਸੌ ਸਾਲ ਅਜਿਹੇ ਹਨ, ਜੋ ਸਰਬ ਧਰਮ ਸਦਭਾਵ ਵਿਚ ਸਾਂਝੀਵਾਲਤਾ ਦੇ ਫਲਸਫ਼ੇ ਨੂੰ ਬਹੁਤ ਗਹਿਰੀ ਤਰ੍ਹਾਂ ਪਛਾਣਦੇ ਅਤੇ ਪਸਾਰਦੇ ਹਨ। ਇਹ ਸਾਂਝੀਵਾਲਤਾ ਦਾ ਫ਼ਲਸਫ਼ਾ ਹੀ ਹੈ, ਜਿਸ ਨੂੰ ਸੂਫ਼ੀ ਸ਼ਾਇਰਾਂ ਅਤੇ ਸਿੱਖ ਗੁਰੂ ਸਾਹਿਬਾਨ ਨੇ ਇਸ ਦੀਆਂ ਰਹਿਤਲਾਂ ਤੱਕ ਪਛਾਣਿਆ ਅਤੇ ਇਸ ਨੂੰ ਨਵੀਆਂ ਬੁਲੰਦੀਆਂ ਤੱਕ ਪਹੁੰਚਾਇਆ।

ਸਤਾਰ੍ਹਵੀਂ ਸਦੀ ਦੇ ਅਰੰਭ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਸੰਕਲਪ ਅਤੇ ਸੰਪਾਦਨਾ ਇਸ ਦੀ ਚਰਮ ਸੀਮਾ ਹੈ। ਫੇਰ ਇਹ ਫ਼ਲਸਫ਼ਾ ਇਸ ਖਿੱਤੇ ਦੇ ਸਹਿਜ ਜਨਜੀਵਨ ਦੀ ਜੀਵਨ ਜਾਚ ਬਣ ਗਿਆ। 'ਅਜੀਤ' ਦੇ ਬਾਨੀ ਸੰਪਾਦਕ ਡਾ: ਸਾਧੂ ਸਿੰਘ ਹਮਦਰਦ ਨੇ ਪੰਜਾਬੀਅਤ ਦੀ ਇਸ ਪਛਾਣ ਨੂੰ 'ਅਜੀਤ' ਦੀ ਪਛਾਣ ਬਣਾ ਲਿਆ ਸੀ। ਉਨ੍ਹਾਂ ਨੇ ਭਾਰਤ ਦੇ ਉੱਤਰੀ-ਪੱਛਮੀ ਭੂਖੰਡ ਵਿਚ ਵਸਣ ਵਾਲੇ ਸਰਬਹਾਰੇ ਦੀ ਮਾਨਸਿਕਤਾ ਦੇ

ਅਨੁਕੂਲ, ਇਕ ਅਜਿਹੇ ਸ਼ਕਤੀਸ਼ਾਲੀ ਬੁਲਾਰੇ ਦੀ ਅਧਾਰਸ਼ਿਲਾ ਰੱਖ ਦਿੱਤੀ ਸੀ, ਜਿਸ ਨੇ ਆਪਣੀ ਸਹਿਜ ਅਤੇ ਮਸਤ ਤੋਰ ਤੁਰਦਿਆਂ ਆਪਣੇ ਆਪ ਨੂੰ ਇਕ ਨਿਵੇਕਲੀ ਪਛਾਣ ਤੱਕ ਵਿਕਸਤ ਕਰ ਲਿਆ। ਇਸ ਭੂਖੰਡ ਵਿਚ ਵਸਦੇ ਸਰਬਹਾਰੇ ਦੀ ਰੂਹ ਨੂੰ ਪਛਾਣ ਕੇ, ਉਸ ਦੀਆਂ ਬੁਨਿਆਦੀ ਲੋੜਾਂ ਸਮਝ ਕੇ, ਉਸ ਦੀ ਮਾਨਸਿਕਤਾ ਨਾਲ ਜੁੜ ਕੇ, ਖਿੱਤੇ ਦੇ ਸਰਬਪੱਖੀ ਵਿਕਾਸ ਨੂੰ ਆਪਣਾ ਉਦੇਸ਼ ਬਣਾ ਲੈਣਾ—ਇਸ ਅਖ਼ਬਾਰ ਦੀ ਬੁਨਿਆਦੀ ਨੀਤੀ ਬਣ ਗਿਆ। ਸਰਬ ਸਾਂਝੀਵਾਲਤਾ ਦੇ ਸੰਕਲਪ ਨੂੰ ਆਪਣੀ ਨੀਤ ਵਿਚ ਵਸਾ ਕੇ ਗੁਰਮਤਿ ਦੇ ਅਸੂਲਾਂ ਅਨੁਸਾਰ ਇਕ ਚੰਗੇ ਮਨੁੱਖ ਦੀ ਸਿਰਜਣਾ ਕਰਨ ਵਿਚ ਆਪਣਾ ਯੋਗਦਾਨ ਪਾਉਣ ਲਈ ਹਮੇਸ਼ਾ ਤੱਤਪਰ ਰਹਿਣਾ, ਇਸ ਅਖ਼ਬਾਰ ਦਾ ਅਕੀਦਾ ਬਣ ਗਿਆ। ਅਜਿਹੀ ਨੀਤੀ, ਨੀਤ ਅਤੇ ਅਕੀਦੇ ਨੇ ਇਸ ਅਖ਼ਬਾਰ ਨੂੰ ਇਸ ਖਿੱਤੇ ਦੇ ਆਮ ਆਦਮੀ ਦੀ ਆਵਾਜ਼ ਵਜੋਂ ਸਥਾਪਤ ਕਰ ਦਿੱਤਾ।

> ਜੇਕਰ ਕਿਸੇ ਸਮਾਜ ਨੇ ਅੱਗੇ ਵਧਣਾ ਹੈ, ਜੇਕਰ ਉਸ ਨੇ ਵੱਖ-ਵੱਖ ਖੇਤਰਾਂ ਵਿਚ ਤਰੱਕੀ ਕਰਨੀ ਹੈ, ਜੇਕਰ ਉਸ ਨੇ ਆਪਣੀ ਧਰਤੀ ਨੂੰ ਖ਼ੁਸ਼ਹਾਲ ਕਰਨਾ ਹੈ ਤਾਂ ਉਸ ਨੂੰ ਵਿੱਦਿਆ ਦੇ ਚਾਨਣ ਦੇ ਬੀਜ ਹਰ ਥਾਂ 'ਤੇ ਬਖੇਰਨੇ ਪੈਣਗੇ ਤਾਂ ਜੋ ਬਾਅਦ ਵਿਚ ਉਹ ਬੀਜ ਇਸ ਧਰਤੀ ਨੂੰ ਸੁੰਦਰ ਅਤੇ ਮਹਿਕਾਂ ਭਰਿਆ ਬਣਾਉਣ ਵਾਲੇ ਫੁੱਲਾਂ ਦੇ ਰੂਪ ਵਿਚ ਵਿਕਸਿਤ ਹੋ ਸਕਣ। ਅਸੀਂ ਇਸ ਰੁਝਾਨ ਨੂੰ ਚੰਗਾ ਸਮਝਦੇ ਹਾਂ ਕਿ ਬਹੁਤ ਸਾਰੀਆਂ ਧਾਰਮਿਕ ਅਤੇ ਸਮਾਜ-ਸੇਵੀ ਸੰਸਥਾਵਾਂ ਦਾ ਰੁਝਾਨ ਵੀ ਹੁਣ ਇਸ ਪਾਸੇ ਹੋਣ ਲੱਗਾ ਹੈ ਅਤੇ ਚੰਗੇ-ਚੰਗੇ ਵਿਦਿਅਕ ਸੰਸਥਾਨ ਥਾਂ-ਪੁਰ ਥਾਂ ਖੁੱਲ੍ਹਣ ਲੱਗੇ ਹਨ। ਪਰ ਵਿੱਦਿਆ ਦੇ ਪ੍ਰਸਾਰ ਦੀ ਚਾਹਨਾ ਕਰਦੇ ਹੋਏ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਅਸੀਂ ਆਪਣੇ ਸੱਭਿਆਚਾਰ ਅਤੇ ਬੋਲੀ ਨਾਲ ਜੁੜੇ ਰਹੀਏ।

ਇਸ ਖਿੱਤੇ ਵਿਚੋਂ ਛਪਦੇ ਦਰਜਨਾਂ ਹੋਰ ਅਖ਼ਬਾਰ ਭਾਵੇਂ ਉਹ ਵੱਡੇ ਵੱਡੇ ਟਰੱਸਟਾਂ ਵੱਲੋਂ ਚਲਾਏ ਜਾਂਦੇ ਹੋਣ ਅਤੇ ਭਾਵੇਂ ਹੋਰ ਵੱਡੇ ਘਰਾਣਿਆਂ ਵੱਲੋਂ, ਕੋਈ ਵੀ ਅਜਿਹੀ ਬੁਲੰਦੀ ਨੂੰ ਨਾ ਪਹੁੰਚ ਪਾਇਆ, ਜਿਹੜੀ ਬੁਲੰਦੀ ਆਮ ਆਦਮੀ ਦੀ ਆਵਾਜ਼ ਜਿੰਨੀ ਉਚਾਈ ਰੱਖਦੀ ਹੋਵੇ। ਆਮ ਆਦਮੀ ਦੀ ਆਤਮਾ ਜਿੰਨੀ ਡੂੰਘਾਈ ਰੱਖਦੀ ਹੋਵੇ। ਆਮ ਆਦਮੀ ਦੀ ਆਹ ਜਿੰਨੀ ਸ਼ਕਤੀ ਦੀ ਮਾਲਕ ਹੋਵੇ। ਇਸੇ ਕਰਕੇ ਇਸ ਖਿੱਤੇ ਵਿਚੋਂ ਉੱਠੀ ਕੋਈ ਵੀ ਲਹਿਰ, ਚਾਹੇ ਉਹ ਆਰਥਿਕ-ਸਮਾਜਿਕ ਵਿਕਾਸ ਨਾਲ ਜੁੜੀ ਹੋਈ ਹੋਵੇ, ਚਾਹੇ ਉਹ ਸੱਭਿਆਚਾਰਕ ਪਛਾਣ ਨੂੰ ਪ੍ਰਣਾਈ ਹੋਈ ਹੋਵੇ, 'ਅਜੀਤ' ਦੀ ਆਵਾਜ਼ ਨਾਲ ਉਸ ਦੀ ਇਕਸੁਰਤਾ ਹਮੇਸ਼ਾ ਕਾਇਮ ਰਹੀ ਹੈ। ਇਹ ਇਕਸੁਰਤਾ ਹੀ 'ਅਜੀਤ' ਨੂੰ 'ਅਖ਼ਬਾਰ' ਸ਼ਬਦ ਦੇ ਪਰਿਆਏਵਾਚੀ ਵਜੋਂ ਹਮੇਸ਼ਾ ਸਥਾਪਤ ਕਰਦੀ ਆਈ ਹੈ।

> ਹੁਣ ਇਹ ਗੱਲ ਵੱਡੀ ਚਿੰਤਾ ਦਾ ਵਿਸ਼ਾ ਬਣਦੀ ਨਜ਼ਰ ਆ ਰਹੀ ਹੈ ਕਿ ਜੇਕਰ ਧਰਤੀ ਹੇਠਲੇ ਪਾਣੀ ਦੀ ਵਰਤੋਂ ਏਨੀ ਬੇਦਰੇਗੀ ਨਾਲ ਜਾਰੀ ਰਹੀ ਤਾਂ ਉਹ ਸਮਾਂ ਦੂਰ ਨਹੀਂ ਜਦੋਂ ਪੰਜਾਬ ਰੇਗਿਸਤਾਨ ਬਣਦਾ ਨਜ਼ਰ ਆਵੇਗਾ। ਪੰਜਾਬ ਦੀ ਆਰਥਿਕਤਾ ਸਿੱਧੇ ਰੂਪ ਵਿਚ ਖੇਤੀਬਾੜੀ ਦੇ ਧੰਦੇ ਨਾਲ ਜੁੜੀ ਹੋਈ ਹੈ ਅਤੇ ਖੇਤੀ ਦੇ ਧੰਦੇ ਲਈ ਪਾਣੀ ਮੁਢਲੀ ਜ਼ਰੂਰਤ ਹੁੰਦੀ ਹੈ। ਜੇਕਰ ਪਾਣੀ ਹੀ ਘਟ ਗਿਆ ਤਾਂ ਇਸ ਖੇਤਰ ਵਿਚ ਸਭ ਕੁਝ ਚੌਪਟ ਹੋ ਜਾਏਗਾ, ਜਿਸ ਨੂੰ ਮੁੜ ਲੀਹ

’ਤੇ ਲਿਆਉਣਾ ਬੇਹੱਦ ਮੁਸ਼ਕਿਲ ਹੋਵੇਗਾ। ਪਰ ਇਸ ਖੇਤਰ ’ਚ ਸੁਧਾਰ ਲਈ ਨਾ ਤਾਂ ਸਾਡੀਆਂ ਸਰਕਾਰਾਂ ਹੀ ਚਿੰਤਾਵਾਨ ਨਜ਼ਰ ਆਉਂਦੀਆਂ ਹਨ ਅਤੇ ਨਾ ਹੀ ਕਿਸਾਨ, ਜਦੋਂ ਕਿ ਚਾਹੀਦਾ ਇਹ ਹੈ ਕਿ ਦੋਵੇਂ ਹੀ ਇਸ ਮਾਮਲੇ ਵਿਚ ਸਹਿਯੋਗ ਦੇਣ ਤਾਂ ਜੋ ਇਸ ਖੇਤਰ ਵਿਚ ਹੁਣ ਤੱਕ ਹੋਈ ਪ੍ਰਾਪਤੀ ਕੱਲ੍ਹ ਨੂੰ ਅਸਫ਼ਲਤਾ ਵਿਚ ਨਾ ਬਦਲ ਜਾਵੇ।

ਅਜਿਹੇ ਵਿਚਾਰਧਾਰਕ ਪਿਛੋਕੜ ਨੂੰ ਆਪਣੇ ਨਾਲ-ਨਾਲ ਲੈ ਕੇ ਚੱਲਣ ਵਾਲਾ ਇਹ ਸਫ਼ਰ ਨਿੱਤ ਨਵੀਆਂ ਬੁਲੰਦੀਆਂ ਦਾ ਸਫ਼ਰ ਹੈ-ਜਿਹੜਾ ਪਿਛਲੇ ਕੁਝ ਸਾਲਾਂ ਵਿਚ ਹੁਣ ਪਿੰਡ-ਪਿੰਡ, ਸ਼ਹਿਰ-ਸ਼ਹਿਰ, ਗਲੀ-ਗਲੀ ਤੋਂ ਹੁੰਦਾ ਹੋਇਆ ਘਰ-ਘਰ ਦਾ ਸਫ਼ਰ ਬਣ ਤੁਰਿਆ ਹੈ।

## ਵਿਸ਼ੇ ਦਾ ਮਹੱਤਵ

ਇਸ ਅਖ਼ਬਾਰ ਦੀ ਲੋਕਪ੍ਰਿਅਤਾ ਦਾ ਰਾਜ਼ ਕੀ ਹੈ ? ਇਸ ਅਖ਼ਬਾਰ ਦੇ ਮਹੱਤਵ ਦਾ ਮਾਇਨਾ ਕੀ ਹੈ ? ਇਸ ਅਖ਼ਬਾਰ ਵਿਚ ਅਜਿਹਾ ਕੀ ਛਪਦਾ ਹੈ ਕਿ ਪੰਜਾਬੀ ਪਾਠਕ ਇਸ ਵਿਚੋਂ ਆਪਣਾ ਅਕਸ ਵੇਖਣ ਲਗ ਜਾਂਦੇ ਹਨ ? ਅਜਿਹੇ ਬਹੁਤ ਸਾਰੇ ਸਵਾਲ ਹਨ, ਜਿਨ੍ਹਾਂ ਦੀ ਤਹਿ ਤੱਕ ਪਹੁੰਚਣਾ ਜ਼ਰੂਰੀ ਹੈ। ਇਨ੍ਹਾਂ ਸਵਾਲਾਂ ਦੇ ਜਵਾਬ ਤਲਾਸ਼ਣ ਦੀ ਜਗਿਆਸਾ ਵਿਚ ਹੀ ਇਸ ਸ਼ੋਧ ਪ੍ਰਬੰਧ ਦੇ ਵਿਸ਼ੇ ਦਾ ਮਹੱਤਵ ਵਿਦਮਾਨ ਹੈ।

ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਦੀ ਸਥਿਤੀ ਇਕ ਹਾਰੇ ਹੋਏ, ਟੁੱਟੇ ਹੋਏ, ਉਸ ਨਿਹੱਥੇ ਯੋਧੇ ਵਾਲੀ ਸੀ, ਜਿਸ ਕੋਲ ਕੁਝ ਕਰਨ ਦੀ ਦ੍ਰਿਸ਼ਟੀ ਅਤੇ ਹੁਨਰ ਤਾਂ ਸੀ ਪਰ ਬੇਵਸੀ ਇਸ ਤਰ੍ਹਾਂ ਉਸ ਉੱਤੇ ਥੋਪ ਦਿੱਤੀ ਗਈ ਸੀ, ਕਿ ਉਹ ਕੁਝ ਕਰਨ ਤੋਂ ਅਸਮਰਥ ਜਾਪ ਰਿਹਾ ਸੀ। ਇਸ ਵੇਲੇ ਪੰਜਾਬ ਦੇ ਲੋਕਾਂ ਨੂੰ, ਉਨ੍ਹਾਂ ਦੇ ਅਸਲੀ ਰੰਗ-ਢੰਗ ਵਿਚ ਲਿਆਉਣ ਲਈ ਇਕ ਅਜਿਹੇ ਮਾਹੌਲ ਅਤੇ ਜ਼ਮੀਨ ਦੀ ਜ਼ਰੂਰਤ ਸੀ, ਜਿਸ ਵਿਚੋਂ ਪੰਜਾਬ ਦਾ ਗੁਲਾਬ ਫੇਰ ਖਿੜ ਸਕੇ ਅਤੇ ਆਪਣੇ ਆਲੇ ਦੁਆਲੇ ਆਪਣੀ ਮਹਿਕ ਅਤੇ ਖ਼ੂਬਸੂਰਤੀ ਨੂੰ ਬਿਖੇਰ ਸਕੇ। ਇਸ ਹਾਲਾਤ ਵਿਚ ਜਿਥੇ ਹੋਰ ਬਹੁਤ ਸਾਰੇ ਖੇਤਰ ਸਰਗਰਮ ਸਨ, ਉਥੇ ਪੰਜਾਬੀ ਅਖ਼ਬਾਰਾਂ ਦੇ ਯੋਗਦਾਨ ਵਲ ਵੀ ਧਿਆਨ ਜਾਂਦਾ ਹੈ ਤੇ ਫੇਰ ਜਦੋਂ ਅਖ਼ਬਾਰਾਂ ਨੂੰ ਨਿਹਾਰਨ ਲੱਗੀਏ ਤਾਂ ‘ਅਜੀਤ’ ਅਖ਼ਬਾਰ ਅਜਿਹਾ ਅਖ਼ਬਾਰ ਹੈ ਜਿਸ ਦੀ ਨਿਰੰਤਰਤਾ ਅਤੇ ਮਜਬੂਤੀ ਵਿਲੱਖਣ ਦਿਸ ਰਹੀ ਹੈ।

ਪੰਜਾਬੀ ਸਮਾਜ ਦੇ ਵੱਖ-ਵੱਖ ਤਬਕਿਆਂ, ਵੱਖ-ਵੱਖ ਧਰਮਾਂ, ਵੱਖ-ਵੱਖ ਜਾਤਾਂ-ਬਰਾਦਰੀਆਂ ਅਤੇ ਉਨ੍ਹਾਂ ਦੀਆਂ ਆਪਣੀਆਂ ਤਰਜੀਹਾਂ ਅਤੇ ਫ਼ਿਕਰਾਂ ਨੂੰ ਵੇਖਣਾ, ਸਮਾਜ ਦੀ ਤਰੱਕੀ ਲਈ ਕਾਰਜਸ਼ੀਲ ਵੱਖ-ਵੱਖ ਤਬਕੇ, ਸਾਹਿਤਕ, ਸੱਭਿਆਚਾਰਕ ਸੰਸਥਾਵਾਂ, ਰਾਜਸੀ ਪਾਰਟੀਆਂ, ਧਾਰਮਿਕ ਜਥੇਬੰਦੀਆਂ ਅਤੇ ਧਰਮ ਪ੍ਰਚਾਰ ਵਾਲੇ ਸਾਰੇ ਅਦਾਰਿਆਂ ਦੀਆਂ ਸਰਗਰਮੀਆਂ ਨੂੰ ਘੋਖਣਾ-ਵਿਚਾਰਨਾ ਅਤੇ ਇਸ ਸਭ ਕੁਝ ਵਿਚੋਂ ਪੰਜਾਬੀਅਤ ਦੀ ਪ੍ਰਫ਼ੁੱਲਤਾ ਦਾ ਅਰਕ ਨਿਰਾਤਰਨਾ, ਜੇ ਕਿਸੇ ਪੰਜਾਬੀ ਅਖ਼ਬਾਰ ਦੇ ਹਿੱਸੇ ਆਇਆ ਵੇਖਿਆ ਗਿਆ ਤਾਂ ਨਿਸਚੈ ਹੀ ਉਹ ਅਖ਼ਬਾਰ ‘ਅਜੀਤ’ ਹੈ। ‘ਅਜੀਤ’ ਦੀ ਅਜਿਹੀ ਦਿੱਖ ਅਤੇ ਸਾਫ਼ਗੋਈ ਪਿੱਛੇ, ਇਸ ਦਾ ਉਹ ਇਤਿਹਾਸ ਹੈ ਜਿਸ ਨੂੰ ਇਸ ਦੇ ਬਾਨੀ ਸੰਪਾਦਕ ਡਾ. ਸਾਧੂ ਸਿੰਘ ਹਮਦਰਦ ਨੇ ਆਪਣੀ ਵਿਰਾਸਤ ਵਿਚੋਂ ਹਾਸਲ ਕੀਤਾ ਸੀ। ਡਾਕਟਰ

ਸਾਧੂ ਸਿੰਘ ਹਮਦਰਦ ਆਪਣੀ ਸਵੈ-ਜੀਵਨੀ—'ਯਾਦ ਬਣੀ ਇਤਿਹਾਸ' ਦੂਜਾ ਦੌਰ ਵਿਚ ਪੱਤਰਕਾਰੀ ਦੇ ਖੇਤਰ ਵਿਚ ਲਈ ਗਈ ਸਿੱਖਿਆ ਦਿੱਖਿਆ ਬਾਰੇ ਖੁਦ ਲਿਖਦੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਉਸਤਾਦਾਂ ਨੇ ਅਜਿਹੀ ਗੁੜ੍ਹਤੀ ਦਿੱਤੀ ਸੀ ਕਿ ਉਹ ਉਸ ਨੂੰ ਹਾਸਲ ਕਰਕੇ ਹੀ, ਇਕ ਸਫ਼ਲ ਪੱਤਰਕਾਰ/ਸੰਪਾਦਕ ਬਣਨ ਦੇ ਰਾਹ ਤੁਰ ਸਕੇ। ਪੱਤਰਕਾਰੀ ਵਿਚ ਆਪਣੇ ਉਸਤਾਦ ਅਬਦੁਲ ਮਜੀਦ ਸਾਲਿਕ ਬਾਰੇ ਡਾਕਟਰ ਸਾਧੂ ਸਿੰਘ ਹਮਦਰਦ ਲਿਖਦੇ ਹਨ ਕਿ ਜੋ ਸਿੱਖਿਆ ਉਨ੍ਹਾਂ ਨੂੰ ਸਾਲਿਕ ਸਾਹਿਬ ਨੇ ਦਿੱਤੀ ਉਸ ਨੂੰ ਪੱਤਰਕਾਰੀ ਦੀ ਕੁੰਜੀ ਸਮਝਣਾ ਚਾਹੀਦਾ ਹੈ।

> ਜਿਸ ਮਸਲੇ 'ਤੇ ਲਿਖਣਾ ਹੋਵੇ ਉਸ ਨੂੰ ਚੰਗੀ ਤਰ੍ਹਾਂ ਘੋਖਣਾ ਚਾਹੀਦਾ ਹੈ, ਨੁਕਤੇ ਨੋਟ ਕਰਕੇ ਉਨ੍ਹਾਂ ਨੂੰ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ ਤੇ ਚੰਗੀ ਤਰ੍ਹਾਂ ਘੋਖ ਕੇ ਆਪਣੇ ਦਿਮਾਗ਼ ਵਿਚ ਸਪੱਸ਼ਟ ਹੋ ਕੇ ਲਿਖਣਾ ਚਾਹੀਦਾ ਹੈ। ਇਹ ਗੱਲਾਂ ਅਜਿਹੀਆਂ ਹਨ ਜੋ ਸਭ ਨੂੰ ਪਤਾ ਹਨ ਤੇ ਸਿੱਧੀਆਂ ਹਨ। ਮੈਂ ਤੁਹਾਨੂੰ ਜੋ ਕੁਝ ਦੱਸਣਾ ਹੈ ਉਹ ਇਹ ਹੈ ਕਿ ਤੁਸੀਂ ਜੋ ਲਿਖੋ, ਉਹ ਠੰਢੇ ਦਿਮਾਗ਼ ਨਾਲ ਲਿਖੋ। ਫਰਜ਼ ਕਰੋ ਤੁਹਾਡੇ ਕੂਚੇ ਵਿਚ ਮੁਸਲਮਾਨਾਂ ਤੇ ਸਿੱਖਾਂ ਦਾ ਫਸਾਦ ਹੋ ਗਿਆ ਹੈ। ਤੁਸੀਂ ਆਪਣੇ ਮੇਜ਼ 'ਤੇ ਬੈਠੇ ਲਿਖ ਰਹੇ ਹੋ ਤੇ ਇਸੇ ਵਿਸ਼ੇ 'ਤੇ ਲਿਖ ਰਹੇ ਹੋ। ਤੁਹਾਨੂੰ ਦੱਸਿਆ ਗਿਆ ਕਿ ਤੁਹਾਡੀ ਗਲੀ ਦੀ ਨੁੱਕਰ 'ਤੇ ਦੋ ਸਿੱਖਾਂ ਦੀਆਂ ਲਾਸ਼ਾਂ ਪਈਆਂ ਹਨ। ਤੁਸੀਂ ਜਾਂਦੇ ਹੋ ਤੇ ਉਨ੍ਹਾਂ ਨੂੰ ਦੇਖਦੇ ਹੋ। ਤੁਸੀਂ ਵਾਪਸ ਆ ਕੇ ਫੇਰ ਮੇਜ਼ 'ਤੇ ਬੈਠਦੇ ਹੋ ਤੇ ਉਸੇ ਵਿਸ਼ੇ 'ਤੇ ਲਿਖ ਰਹੇ ਹੋ। ਕੁਦਰਤੀ ਤੌਰ 'ਤੇ ਤੁਹਾਡਾ ਖ਼ੂਨ ਖੌਲਦਾ ਹੋਵੇਗਾ ਤੇ ਡੌਲੇ ਫਰਕਦੇ ਹੋਣਗੇ। ਕੋਈ ਗੱਲ ਨਹੀਂ, ਤੁਸੀਂ ਖ਼ੂਨ ਨੂੰ ਖੌਲਣ ਦਿਓ ਤੇ ਡੌਲੇ ਫਰਕਣ ਦਿਓ। ਲਿਖੋ ਵੀ ਉਸੇ ਵਿਸ਼ੇ 'ਤੇ ਜੋ ਫਸਾਦਾਂ ਨਾਲ ਸਬੰਧਿਤ ਹੈ। ਪਰ ਜਦੋਂ ਲਿਖੋ ਤਾਂ ਆਪਣਾ ਦਿਮਾਗ਼ ਬਰਫ਼ ਵਿਚ ਲਗਾ ਦਿਓ। ਠੰਢੇ ਦਿਮਾਗ਼ ਨਾਲ ਜੋ ਕੁਝ ਲਿਖੋਗੇ, ਉਸ ਵਿਚ ਜ਼ੋਰ ਹੋਏਗਾ, ਉਸ ਵਿਚ ਠਰੰਮਾ ਹੋਵੇਗਾ, ਉਸ ਵਿਚ ਦਲੀਲ ਹੋਵੇਗੀ ਤੇ ਉਸ ਵਿਚ ਅਸਰ ਹੋਵੇਗਾ। ਇਹ ਮੇਰੀ ਪਹਿਲੀ ਤੇ ਆਖਰੀ ਬਤੌਰ ਉਸਤਾਦ ਦੇ ਤੁਹਾਨੂੰ ਸਿੱਖਿਆ ਹੈ। ਇਸ 'ਤੇ ਅਮਲ ਕਰੋਗੇ ਤਾਂ ਤੁਸੀਂ ਇਕ ਬਹੁਤ ਵੱਡੇ ਅਖ਼ਬਾਰ ਨਵੀਸ ਬਣ ਸਕੋਗੇ।

ਅਜਿਹੀ ਵਿਰਾਸਤ ਦੀ ਉਂਗਲ ਫੜ ਕੇ ਪੱਤਰਕਾਰੀ ਵਿਚ ਪ੍ਰਵੇਸ਼ ਕਰਨ ਵਾਲੇ ਸਾਧੂ ਸਿੰਘ ਹਮਦਰਦ ਦੀ ਵਿਰਾਸਤ ਨੂੰ ਹੋਰ ਅੱਗੇ ਤੋਰਦਿਆਂ ਹੋਇਆਂ ਡਾਕਟਰ ਬਰਜਿੰਦਰ ਸਿੰਘ ਹਮਦਰਦ ਨੇ ਇਸ ਅਖ਼ਬਾਰ ਦੇ ਘੇਰੇ ਨੂੰ ਹੋਰ ਮੋਕਲਾ ਕਰਕੇ ਇਸ ਵਿਚ ਅਜਿਹਾ ਹੋਰ ਕੀ ਭਰ ਦਿੱਤਾ ਕਿ 'ਸਰਬ ਸਾਂਝੀਵਾਲਤਾ' ਅਤੇ 'ਸਰਬੱਤ ਦੇ ਭਲੇ' ਦਾ ਸੰਕਲਪ ਪੰਜਾਬ ਦੇ ਵਿਕਾਸ ਦੀਆਂ ਉਨ੍ਹਾਂ ਤੰਦਾਂ ਨਾਲ ਇਕਸੁਰ ਹੋਣ ਲੱਗ ਪਿਆ, ਇਸ ਦਾ ਅਧਿਐਨ ਇਕ ਵੱਖਰੀ ਤਰ੍ਹਾਂ ਦੀ ਜਗਿਆਸਾ ਜਗਾ ਰਿਹਾ ਹੈ। ਇਹ ਜਗਿਆਸਾ ਹੀ ਇਸ ਸ਼ੋਧ ਪ੍ਰਬੰਧ ਦੇ ਇਸ ਵਿਸ਼ੇ ਦੀ ਸਾਰਥਿਕਤਾ ਨੂੰ ਰੂਪਮਾਨ ਕਰਦੀ ਹੈ। ਪੰਜਾਬ ਦੀ 70% ਆਬਾਦੀ ਅਜੇ ਵੀ ਪਿੰਡਾਂ ਵਿਚ ਵਸਦੀ ਹੈ ਅਤੇ ਇਨ੍ਹਾਂ ਵਿਚੋਂ ਪੰਜਾਬੀ ਅਖ਼ਬਾਰਾਂ ਨੂੰ ਪੜ੍ਹਨ ਵਾਲੇ ਪਾਠਕਾਂ ਦਾ ਇਕ ਵੱਡਾ ਹਿੱਸਾ 'ਅਜੀਤ' ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਪਾਠਕਾਂ ਦੀਆਂ ਆਪਣੇ ਸੱਭਿਆਚਾਰ ਬਾਰੇ, ਆਪਣੇ ਵਿਰਸੇ ਨਾਲ ਜੁੜੇ ਰਹਿਣ ਬਾਰੇ ਅਤੇ ਆਪਣੇ ਆਲੇ ਦੁਆਲੇ ਦੇ

ਵਿਕਾਸ ਬਾਰੇ ਕਿਹੋ ਜਿਹੀਆਂ ਭਾਵਨਾਵਾਂ ਹਨ ਅਤੇ ਇਹ ਕਿਸ ਤਰ੍ਹਾਂ ਦੇ ਵਿਕਾਸ ਵਿਚ ਆਪਣੇ ਭਵਿੱਖ ਨੂੰ ਸੁਰੱਖਿਅਤ ਦੇਖਦੇ ਹਨ ਇਨ੍ਹਾਂ ਸਭ ਵਿਸਤਾਰਾਂ ਅਤੇ ਸੀਮਾਵਾਂ ਨੂੰ 'ਅਜੀਤ' ਅਖ਼ਬਾਰ ਕਿਸ ਤਰ੍ਹਾਂ ਸਮਝਦਾ ਹੈ, ਇਸ ਨੂੰ ਇਸ ਸ਼ੋਧ ਪ੍ਰਬੰਧ ਰਾਹੀਂ ਸਮਝਣਾ ਆਪਣੇ ਆਪ ਵਿਚ ਇਕ ਮਹੱਤਵਪੂਰਨ ਪ੍ਰਕਿਰਿਆ ਹੈ। 'ਅਜੀਤ' ਅਖ਼ਬਾਰ ਨੇ ਆਪਣੇ ਹਫ਼ਤਾਵਾਰੀ ਅੰਕਾਂ ਰਾਹੀਂ ਸਮਾਜ ਦੇ ਹਰ ਵਰਗ ਦੀ ਦਸ਼ਾ ਨੂੰ ਸਮਝਣ ਅਤੇ ਬਦਲਣ ਦਾ ਜੋ ਬੀੜਾ ਚੁੱਕਿਆ ਹੈ ਉਹ ਕਾਫੀ ਦਿਲਚਸਪ ਵਿਸਤਾਰ ਗ੍ਰਹਿਣ ਕਰਦਾ ਨਜ਼ਰ ਆਉਂਦਾ ਹੈ। ਬੱਚੇ, ਨੌਜਵਾਨ, ਔਰਤਾਂ, ਸਾਹਿਤਕਾਰ, ਸੱਭਿਆਚਾਰ ਦੇ ਖੇਤਰ ਵਿਚ ਕਾਰਜਸ਼ੀਲ ਕਲਾਕਾਰ, ਰਾਜਨੀਤਕ ਅਤੇ ਧਾਰਮਿਕ ਆਗੂ, ਖਿਡਾਰੀ, ਸਿੱਖਿਆ ਸ਼ਾਸਤਰੀ, ਸਿਹਤ-ਸਹੂਲਤਾਂ ਪ੍ਰਦਾਨ ਕਰਨ ਵਾਲੇ ਡਾਕਟਰ ਅਤੇ ਮਨੋਰੰਜਨ ਦੀ ਦੁਨੀਆ ਦੇ ਲੋਕ-ਕਲਾਕਾਰ, ਹਰ ਕਿਸੇ ਨੂੰ 'ਅਜੀਤ' ਦੇ ਪੰਨੇ ਸਮਰਪਿਤ ਹਨ। ਪਾਠਕਾਂ ਨੂੰ ਇਨ੍ਹਾਂ ਸਭ ਖੇਤਰਾਂ ਬਾਰੇ ਭਰਪੂਰ ਜਾਣਕਾਰੀ ਇਨ੍ਹਾਂ ਪੰਨਿਆਂ ਤੋਂ ਦਿਨ ਚੜ੍ਹਦਿਆਂ ਹੀ ਪਰਾਪਤ ਹੋ ਜਾਂਦੀ ਹੈ। ਇਸ ਕਰਕੇ ਇਸੇ ਸਭ ਕੁਝ ਦੇ ਪਿੱਛੇ ਛੁਪੀਆਂ ਰਮਜ਼ਾਂ ਨੂੰ ਖੋਲ੍ਹਣ ਦਾ ਯਤਨ ਕਰਨਾ ਹੀ ਇਸ ਵਿਸ਼ੇ ਦੀ ਸਾਰਥਿਕਤਾ ਅਤੇ ਇਸ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ।

## ਵਿਸ਼ੇ ਦਾ ਉਦੇਸ਼

ਸ਼ੋਧ ਪ੍ਰਬੰਧ ਦੇ ਵਿਸ਼ੇ ਦੀ ਸਾਰਥਿਕਤਾ ਅਤੇ ਇਸ ਦੇ ਮਹੱਤਵ ਨੂੰ ਧਿਆਨ ਵਿਚ ਰੱਖਦੇ ਹੋਏ ਆਰੰਭ ਕੀਤੇ ਗਏ ਅਧਿਐਨ ਦੀ ਪ੍ਰਕਿਰਿਆ ਆਪਣੇ ਪ੍ਰਕਾਰਜ ਨੂੰ ਪਹੁੰਚਦੀ ਹੋਈ, ਕੁਝ ਅਜਿਹੀਆਂ ਸਥਾਪਨਾਵਾਂ ਕਰਨ ਦਾ ਉਦੇਸ਼ ਰੱਖਦੀ ਹੈ ਜੋ ਪੰਜਾਬ ਦੇ ਪਿੰਡਾਂ ਦੇ ਵਿਕਾਸ ਦੀ ਨੁਹਾਰ ਨੂੰ ਸਮਝਣ ਲਈ ਅਤੇ ਪੱਤਰਕਾਰੀ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ, ਸਮਾਜ ਦੀਆਂ ਸਿਹਤਮੰਦ ਕਦਰਾਂ-ਕੀਮਤਾਂ ਨਾਲ ਪੱਤਰਕਾਰੀ ਦੀ ਪ੍ਰਤੀਬੱਧਤਾ, ਸਮਾਜ ਪ੍ਰਤੀ ਪੱਤਰਕਾਰੀ ਦੀ ਜਵਾਬਦੇਹੀ ਵਰਗੇ ਮੁੱਦਿਆਂ ਨੂੰ ਵੀ ਸਮਝਣ ਅਤੇ ਵਿਸਤਾਰਨ ਵਿਚ ਸਹਾਈ ਹੋ ਸਕੇ।

- ਇਸ ਅਧਿਐਨ ਦਾ ਉਦੇਸ਼ ਰੋਜ਼ਾਨਾ 'ਅਜੀਤ' ਵੱਲੋਂ ਪਿੰਡਾਂ ਦੇ ਵਿਕਾਸ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਲਿਖੇ ਗਏ ਸੰਪਾਦਕੀਆਂ ਅਤੇ ਛਾਪੀਆਂ ਜਾਣ ਵਾਲੀਆਂ ਖ਼ਬਰਾਂ ਦਾ ਲੇਖਾ ਜੋਖਾ ਕਰਨ ਦੇ ਨਾਲ ਨਾਲ ਉਸ ਦੇ ਵਿਕਾਸ ਕਾਰਜਾਂ ਉੱਪਰ ਪਏ ਦੂਰਰਸ ਪ੍ਰਭਾਵ ਨੂੰ ਅੰਕਿਤ ਕਰਨਾ ਹੈ।
- ਵਿਕਾਸ ਨਾਲ ਸੰਬੰਧਤ ਵੱਖ-ਵੱਖ ਪਹਿਲੂਆਂ ਨੂੰ ਪੱਤਰਕਾਰੀ ਦੀਆਂ ਰਮਜ਼ਾਂ ਨਾਲ ਜੋੜ ਕੇ ਵੇਖਣਾ ਅਤੇ ਇਸ ਦੇ ਭਵਿੱਖਵਰਤੀ ਨਤੀਜਿਆਂ ਦੀ ਨਿਸ਼ਾਨਦੇਹੀ ਕਰਨਾ।
- ਅਖ਼ਬਾਰ ਵੱਲੋਂ ਦਿੱਤੀ ਗਈ ਜਾਣਕਾਰੀ ਦਾ ਵਿਕਾਸ ਕਾਰਜਾਂ ਵਿਚ ਜੁੱਟੇ ਜਨ-ਸਧਾਰਨ ਅਤੇ ਵਿਸ਼ੇਸ਼ ਕਰਕੇ ਕਿਸਾਨਾਂ ਉੱਤੇ ਪਏ ਪ੍ਰਭਾਵ ਨੂੰ ਪਰਖਣਾ।
- ਪੰਜਾਬ ਦੇ ਲੋਕਾਂ ਦੇ ਮਾਨਸਿਕ ਅਤੇ ਬੌਧਿਕ ਵਿਕਾਸ ਵਿਚ ਪੱਤਰਕਾਰੀ ਦੀ ਅਤੇ ਖਾਸ ਕਰਕੇ 'ਅਜੀਤ' ਅਖ਼ਬਾਰ ਦੀ ਭੂਮਿਕਾ ਨੂੰ ਪਛਾਣਨਾ।

## ਸ਼ੋਧ ਵਿਧੀ

ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਅਪਨਾਈ ਗਈ ਸ਼ੋਧ-ਵਿਧੀ ਰਾਹੀਂ ਬਹੁਤ ਹੀ ਮੁਲਵਾਨ ਨਤੀਜੇ ਸਾਹਮਣੇ ਆ ਰਹੇ ਹਨ। ਪਿੰਡਾਂ ਵਿਚ ਵਸਦੇ ਵੱਖ-ਵੱਖ ਵਰਗਾਂ ਦੇ ਪੰਜਾਬੀ ਪਾਠਕਾਂ ਨਾਲ ਸੰਪਰਕ ਕਰਕੇ, ਉਨ੍ਹਾਂ ਨਾਲ ਕੀਤੀ ਗਈ ਗੱਲਬਾਤ ਅਤੇ ਉਨ੍ਹਾਂ ਤੋਂ ਭਰਵਾਈ ਗਈ ਪ੍ਰਸ਼ਨਾਵਲੀ ਨੂੰ ਆਧਾਰ ਬਣਾ ਕੇ ਜਿਨ੍ਹਾਂ ਨਤੀਜਿਆਂ ਤਕ ਪਹੁੰਚਿਆ ਗਿਆ ਹੈ ਉਨ੍ਹਾਂ ਦਾ ਵੇਰਵਾ ਕਾਫ਼ੀ ਦਿਲਚਸਪ ਹੈ ਅਤੇ ਸਾਰਥਿਕ ਹੈ।

ਅਜਿਹੇ ਕਾਰਜ ਲਈ ਸਭ ਤੋਂ ਢੁੱਕਵੀਂ ਸ਼ੋਧ ਵਿਧੀ ਕੀ ਹੋ ਸਕਦੀ ਹੈ? ਇਸ ਦਾ ਜਵਾਬ ਲੱਭਦਿਆਂ ਬਹੁਤ ਹੀ ਸਾਵਧਾਨੀ ਅਤੇ ਬਾਰੀਕ-ਬੀਨੀ ਵਰਤੀ ਗਈ ਹੈ। ਕਿਉਂਕਿ ਇਸ ਸ਼ੋਧ ਪ੍ਰਬੰਧ ਦਾ ਵਿਸ਼ਾ ਵਿਸ਼ਾਲ ਜਨਸਮੂਹ ਨਾਲ ਜੁੜਿਆ ਹੈ, ਅਤੇ ਇਸ ਜਨਸਮੂਹ ਦੇ ਵਿਭਿੰਨ ਰੂਪ ਅਤੇ ਚਿੰਤਾਵਾਂ ਹਨ, ਇਸ ਕਰਕੇ ਸ਼ੋਧ ਪ੍ਰਬੰਧ ਦੇ ਉਦੇਸ਼ਾਂ ਦੀ ਪੂਰਤੀ ਲਈ ਢੁਕਵੀਂ (ਸਹੀ) ਸ਼ੋਧ ਵਿਧੀ ਨੂੰ ਅਪਨਾਉਣਾ ਬਹੁਤ ਹੀ ਵੰਗਾਰ ਭਰਿਆ ਕਾਰਜ ਹੈ।

ਵਿਸ਼ੇ ਦੀ ਗੰਭੀਰਤਾ ਅਤੇ ਵਿਆਪਕਤਾ ਨੂੰ ਧਿਆਨ ਵਿਚ ਰੱਖ ਕੇ 'ਸਰਵੇਖਣ ਵਿਧੀ' ਨੂੰ ਪ੍ਰਯੋਗ ਵਿਚ ਲਿਆਂਦਾ ਗਿਆ ਹੈ। ਸਰਵੇਖਣ ਦੇ ਮਾਧਿਅਮ ਨਾਲ ਪੰਜਾਬੀ ਦੇ ਤਿੰਨਾਂ ਹੀ ਮੁੱਖ ਖੇਤਰਾਂ—ਮਾਝਾ-ਦੁਆਬਾ ਅਤੇ ਮਾਲਵਾ ਦੇ ਪ੍ਰਤੀਨਿਧ ਪਿੰਡਾਂ ਨੂੰ ਅਜਿਹੇ ਸਰਵੇਖਣ ਵਾਸਤੇ ਚੁਣਿਆ ਗਿਆ ਅਤੇ ਵੱਧ ਤੋਂ ਵੱਧ ਲੋਕਾਂ/ਅਜੀਤ ਦੇ ਪਾਠਕਾਂ ਦੀ ਰਾਏ ਜਾਨਣ ਦੀ ਕੋਸ਼ਿਸ਼ ਕੀਤੀ ਗਈ। ਰਿਸਰਚ ਡਿਜ਼ਾਈਨ (research design) ਅਨੁਸਾਰ ਇਸ ਵਿਚ ਡਿਸਕ੍ਰਿਪਟਿਵ ਡਿਜ਼ਾਈਨ (discriptive design) ਦਾ ਵੀ ਪ੍ਰਯੋਗ ਕੀਤਾ ਗਿਆ। ਮੁੱਢਲਾ ਵੇਰਵਾ (Primary data) ਪ੍ਰਸ਼ਨਾਵਲੀ ਦਾ ਸਹਾਰਾ ਲਿਆ ਗਿਆ ਜਦੋਂ ਕਿ ਸੈਕੰਡਰੀ ਵੇਰਵਾ (Secondary data) ਇਕੱਠਾ ਕਰਨ ਵਾਸਤੇ 'ਅਜੀਤ' ਦੇ ਪੁਰਾਣੇ ਅੰਕਾਂ ਨੂੰ ਫਰੋਲਿਆ ਗਿਆ ਅਤੇ 'ਅਜੀਤ' ਬਾਰੇ ਲਿਖੀਆਂ ਗਈਆਂ ਕਿਤਾਬਾਂ, 'ਅਜੀਤ' ਬਾਰੇ ਛਾਪੇ ਗਏ ਵੱਖ-ਵੱਖ ਰਸਾਲਿਆਂ ਅਤੇ ਕਿਤਾਬਾਂ ਵਿਚਲੇ ਲੇਖਾਂ ਨੂੰ ਵੀ ਵਾਚਿਆ ਗਿਆ। ਫੇਰ ਇਸ ਸਭ ਕੁਝ ਦਾ ਅੱਗੋਂ ਵਿਸਤਾਰ ਗ੍ਰਹਿਣ ਕਰਨ ਲਈ ਸੈਂਪਲ ਡਿਜ਼ਾਈਨ (Simple design) ਵਜੋਂ ਕਨਵੀਨੀਐਂਟ ਸੈਂਪਲਿੰਗ (convinient sampling) ਦੀ ਤਕਨੀਕ ਵਰਤੀ ਗਈ।

ਪੰਜਾਬ ਦੇ ਤਿੰਨਾਂ ਹੀ ਖੇਤਰਾਂ ਵਿਚੋਂ ਚੁਣੇ ਗਏ ਪ੍ਰਤੀਨਿਧ ਦਸ ਪਿੰਡਾਂ ਨੂੰ ਅਸਲ ਵਿਚ ਸੈਂਪਲ ਯੂਨਿਟ (sample unit) (ਨਮੂਨੇ ਦੀ ਇਕਾਈ) ਮੰਨ ਕੇ ਉਸ ਦੇ ਨਤੀਜੇ ਕੱਢ ਲਏ ਗਏ।

ਇਸ ਸਰਵੇਖਣ ਦਾ ਅੱਗੋਂ ਵਿਸ਼ਲੇਸ਼ਣ ਕਰਨ ਲਈ, ਪ੍ਰਾਇਮਰੀ ਅਤੇ ਸੈਕੰਡਰੀ ਤੌਰ 'ਤੇ ਇਕੱਠੀ ਕੀਤੀ ਗਈ ਜਾਣਕਾਰੀ ਦਾ ਅਧਿਐਨ ਕੀਤਾ ਗਿਆ ਅਤੇ ਉਸ ਅਧਿਐਨ ਦੇ ਆਧਾਰ ਉੱਤੇ ਜੋ ਨਤੀਜੇ ਸਾਹਮਣੇ ਆਏ ਉਨ੍ਹਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਨ੍ਹਾਂ ਨਤੀਜਿਆਂ ਦੀਆਂ ਪਰਿਕਲਪਨਾਵਾਂ ਕੀ ਹੋ ਸਕਦੀਆਂ ਹਨ ਇਸ ਦੀ ਪੜਚੋਲ ਵੀ ਕੀਤੀ ਗਈ ਹੈ। ਇਸ ਵਾਸਤੇ ਸਾਧਾਰਨ ਪ੍ਰਤੀਸ਼ਤ ਵਿਧੀ ਨੂੰ ਵਰਤੋਂ ਵਿਚ ਲਿਆਂਦਾ ਗਿਆ ਹੈ।

## ਪਰਿਕਲਪਨਾਵਾਂ

— 'ਅਜੀਤ' ਅਖ਼ਬਾਰ ਪੰਜਾਬ ਦੇ ਪਿੰਡਾਂ ਦੇ ਵਿਕਾਸ ਲਈ ਪ੍ਰਤੀਬੱਧ ਹੈ ਅਤੇ ਪੰਜਾਬ ਨੂੰ ਵਧਦਾ ਫੁੱਲਦਾ ਵੇਖਣਾ ਇਸ ਦੀ ਮੁੱਢਲੀ ਚਿੰਤਾ ਹੈ।

— ਪੰਜਾਬ ਦੀ ਵਿਰਾਸਤ ਨੂੰ ਵਰਤਮਾਨ ਅਤੇ ਭਵਿੱਖ ਦੀਆਂ ਸਫ਼ਲਤਾਵਾਂ ਨਾਲ ਓਤਪੋਤ ਕਰਕੇ ਵੇਖਣਾ 'ਅਜੀਤ' ਅਖ਼ਬਾਰ ਦਾ ਮੁੱਢਲਾ ਉਦੇਸ਼ ਹੈ।

— ਪੰਜਾਬ, ਪੰਜਾਬੀ ਅਤੇ ਪੰਜਾਬੀਅਤ' ਦੇ ਸੰਕਲਪ ਨੂੰ ਸਰਬ ਸਾਂਝੀਵਾਲਤਾ ਅਤੇ 'ਸਰਬੱਤ ਦੇ ਭਲੇ' ਦੇ ਸੰਕਲਪਾਂ ਨਾਲ ਮੇਚ ਕੇ ਵੇਖਣਾ ਅਤੇ ਇਨ੍ਹਾਂ ਨੂੰ ਪੰਜਾਬ ਦੇ ਵਿਕਾਸ ਦੀ ਕੁੰਜੀ ਖਿਆਲ ਕਰਨਾ 'ਅਜੀਤ' ਅਖ਼ਬਾਰ ਦਾ ਸਮੁੱਚਾ ਫਲਸਫ਼ਾ ਹੈ।

— ਪੰਜਾਬ ਦੇ ਕਿਸਾਨਾਂ ਨੂੰ ਨਵੀਆਂ ਖੇਤੀ ਤਕਨੀਕਾਂ ਬਾਰੇ ਜਾਗਰੂਕ ਕਰਨਾ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਆਰਥਿਕ ਹਾਲਤ ਸੁਧਾਰਨ ਲਈ ਆਤਮ ਨਿਰਭਰ ਬਣਾਉਣ ਦੇ ਯਤਨ ਕਰਨ ਵਾਲੀ ਸੋਝੀ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਨ ਵਿਚ 'ਅਜੀਤ' ਵੱਡਮੁੱਲਾ ਕਾਰਜ ਨਿਭਾਉਂਦਾ ਹੈ।

— 'ਅਜੀਤ' ਵੱਲੋਂ ਕੀਤੇ ਜਾਂਦੇ ਵਿਕਾਸਮੁੱਖੀ ਯਤਨਾਂ ਤੋਂ ਜ਼ਿਆਦਾਤਰ ਪੰਜਾਬੀ ਸੰਤੁਸ਼ਟ ਹਨ।

— ਰੋਜ਼ਗਾਰ ਸੰਬੰਧੀ ਜਾਣਕਾਰੀ ਮਿਲਣ ਤੇ ਪੰਜਾਬ ਦੇ ਨੌਜਵਾਨ ਅਤੇ ਮਾਪੇ 'ਅਜੀਤ' ਨੂੰ ਭਰੋਸੇਮੰਦ ਸਾਧਨ ਮੰਨਦੇ ਹਨ।

## ਸੀਮਾਵਾਂ

ਇਸ ਸ਼ੋਧ ਪ੍ਰਬੰਧ ਲਈ ਅਪਨਾਈ ਗਈ ਸ਼ੋਧ ਵਿਧੀ ਦੀਆਂ ਕੁਝ ਸੀਮਾਵਾਂ ਵੀ ਹਨ ਜਿਨ੍ਹਾਂ ਨੂੰ ਇਥੇ ਅੰਕਿਤ ਕਰਨਾ ਬਹੁਤ ਜ਼ਰੂਰੀ ਹੈ—

— ਫੰਡਾਂ ਅਤੇ ਸਰਵੇ ਦੀ ਘਾਟ ਕਾਰਨ ਪੰਜਾਬ ਦੇ ਤਿੰਨਾਂ ਖੇਤਰਾਂ ਦੇ ਸਿਰਫ਼ ਦਸ ਪਿੰਡਾਂ ਨੂੰ ਹੀ ਆਧਾਰ ਮੰਨ ਕੇ ਇਹ ਸਾਰਾ ਸਰਵੇਖਣ ਕੀਤਾ ਗਿਆ ਹੈ।

— ਇਸ ਅਧਿਐਨ ਦਾ ਕੇਂਦਰੀ ਨੁਕਤਾ 'ਅਜੀਤ' ਦੀ ਸਮੀਖਿਆ ਅਤੇ 'ਅਜੀਤ' ਬਾਰੇ ਸਰਵੇਖਣ ਹੈ। ਜਿਸ ਨੂੰ ਦੂਸਰੀਆਂ ਅਖ਼ਬਾਰਾਂ ਨਾਲ ਇਸ ਦੇ ਤੁਲਨਾਤਮਿਕ ਅਧਿਐਨ ਤੱਕ ਵੀ ਵਿਸਤਾਰਿਆ ਜਾ ਸਕਦਾ ਸੀ ਪਰ ਵਿਸ਼ੇ ਦੀ ਸੀਮਾ ਕਰਕੇ ਇਸ ਨੂੰ ਇਥੋਂ ਤੱਕ ਹੀ ਸੀਮਤ ਰੱਖਿਆ ਗਿਆ ਹੈ।

— ਸਾਫ਼ਟਵੇਅਰ ਪੈਕੇਜ ਆਫ਼ ਸ਼ੋਸ਼ਲ ਸਾਇੰਸਜ਼ (software pakage of social sciences) ਦਾ ਪ੍ਰਯੋਗ ਨਾ ਕਰ ਸਕਣਾ ਅਤੇ ਵਰਗੀਕਰਨ ਸਮੀਖਿਆ ਤੱਕ ਨਾ ਪਹੁੰਚ ਸਕਣਾ ਵੀ ਇਸ ਸੋਧ ਪ੍ਰਬੰਧ ਦੀ ਸੀਮਾ ਅੰਕੀ ਜਾ ਸਕਦੀ ਹੈ।

ਪ੍ਰੰਤੂ ਇਨ੍ਹਾਂ ਸਭ ਸੀਮਾਵਾਂ ਦੇ ਬਾਵਜੂਦ ਇਹ ਅਧਿਐਨ ਆਪਣੇ ਆਪ ਵਿਚ ਏਨਾ ਵਿਆਪਕ ਅਤੇ ਦਿਲਚਸਪ ਹੈ ਕਿ ਇਹ ਸ਼ੋਧ ਪ੍ਰਬੰਧ ਪੰਜਾਬੀ ਪੱਤਰਕਾਰੀ ਦੇ ਮੁੱਢਲੇ ਇਤਿਹਾਸ—'ਅਜੀਤ' ਦੇ ਉਥਾਨ ਅਤੇ ਕਿਸੇ ਵੀ ਸਮਾਜ ਦੇ ਵਿਕਾਸ ਵਿਚ ਪੱਤਰਕਾਰੀ ਦੇ ਯੋਗਦਾਨ ਸਬੰਧੀ ਮੁੱਢਲੀਆਂ ਸਥਾਪਨਾਵਾਂ ਅੰਕਿਤ ਕਰਨ ਵਿਚ ਸਫ਼ਲਤਾ ਹਾਸਲ ਕਰ ਰਿਹਾ ਹੈ। ਪੱਤਰਕਾਰੀ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਅਤੇ ਪੱਤਰਕਾਰੀ ਦੀ ਇਤਿਹਾਸ ਪ੍ਰਤੀ ਜਵਾਬਦੇਹੀ ਅਜਿਹੇ ਸੰਕਲਪ ਹਨ ਜਿਹੜੇ ਇਸ ਸ਼ੋਧ ਪ੍ਰਬੰਧ ਦੇ ਉਹ ਵਿਸਥਾਰ ਹਨ ਜਿਹੜੇ ਅਜਿਹੇ ਅਧਿਐਨ ਨੂੰ ਸਿਰਫ਼ ਸਰਵੇਖਣ ਜਾਂ ਵਿਸ਼ਲੇਸ਼ਣ ਤੱਕ ਹੀ ਸੀਮਤ ਨਾ ਰੱਖ ਕੇ ਸ਼ੋਧ-ਪ੍ਰਬੰਧ ਦੀ ਵਿਆਪਕਤਾ ਨੂੰ ਅਤੇ ਸ਼ੋਧ ਦੇ ਸਮਾਜਿਕ ਸਰੋਕਾਰਾਂ ਨੂੰ ਉਜਾਗਰ ਕਰਦੇ ਹਨ।

## ਟਿਪਣੀਆਂ ਅਤੇ ਹਵਾਲੇ


- ਯਾਦ ਬਣੀ ਇਤਿਹਾਸ - ਸਾਧੂ ਸਿੰਘ ਹਮਦਰਦ - ਪੰਨਾ 241-242.
- -ਉਹੀ- ਪੰਨਾ 248.
- -ਉਹੀ- ਪੰਨਾ 252.
- -ਉਹੀ- ਪੰਨਾ 712-713.
- ਸੁਹਜ ਸਹਿਜ ਤੇ ਸਿਰਜਣਾ ਦਾ ਸਰ-ਸੰਗਮ 'ਤਰਕਸ਼ੀਲਤਾ ਦਾ ਚਾਨਣ' - ਕੁਲਬੀਰ ਸਿੰਘ ਸੂਰੀ ਪੰਨਾ 16-18.
- ਮੁੱਖ ਬੰਧ 'ਮੋਮਬੱਤੀਆਂ ਦੀ ਲੋਅ' - ਕੁਲਦੀਪ ਨਈਅਰ - ਪੰਨਾ-20-21
- ਪੰਜਾਬੀਅਤ ਦੀ ਜੋਤ 'ਤਰਕਸ਼ੀਲਤਾ ਦਾ ਚਾਨਣ' - ਪੰਨਾ-108-109. ਬਰਜਿੰਦਰ ਸਿੰਘ ਹਮਦਰਦ-15-6-2002.
- 'ਜੇ ਪੰਜਾਬ ਨੇ ਅੱਗੇ ਵਧਣਾ ਹੈ'—'ਅਜੀਤ' - ਬਰਜਿੰਦਰ ਸਿੰਘ ਹਮਦਰਦ - 13-3-2002.
- ਪੰਜਾਬ ਸਰਕਾਰ ਲਈ ਤਰਜੀਹਾਂ - 'ਅਜੀਤ' ਬਰਜਿੰਦਰ ਸਿੰਘ ਹਮਦਰਦ - 15-5-2002.
- ਯਾਦ ਬਣੀ ਇਤਿਹਾਸ, ਸਾਧੂ ਸਿੰਘ ਹਮਦਰਦ-ਪੰਨਾ-247.

# ਪ੍ਰਾਪਤ ਸਾਹਿਤ ਸਮੱਗਰੀ ਦਾ ਅਧਿਐਨ

ਸਾਹਿਤ ਦਾ ਅਧਿਐਨ ਕਿਸੇ ਵੀ ਖੋਜ ਕਾਰਜ ਦਾ ਇੱਕ ਅਹਿਮ ਭਾਗ ਹੁੰਦਾ ਹੈ ਤੇ ਆਪਣੀ ਨਿਗਰ ਭੂਮਿਕਾ ਨਿਭਾਉਂਦਾ ਹੈ। ਇਸ ਵਿਚ ਖੋਜ ਵਿਸ਼ੇ ਨਾਲ ਸਬੰਧਤ ਪਹਿਲਾਂ ਲਿਖੀਆਂ ਖੋਜਾਂ, ਕਿਤਾਬਾਂ, ਰਸਾਲਿਆਂ ਤੇ ਅਖ਼ਬਾਰਾਂ ਦੇ ਲੇਖਾਂ ਆਦਿ ਤੇ ਖੋਜ ਨਾਲ ਸਬੰਧਿਤ ਸਮੱਗਰੀ ਦਾ ਅਧਿਐਨ ਬਾਰੀਕੀ ਨਾਲ ਕੀਤਾ ਜਾਂਦਾ ਹੈ। ਇਸ ਅਧਿਐਨ ਤੋ ਖੋਜ ਕਰਤਾ ਨੂੰ ਆਪਣੀ ਖੋਜ ਦਾ ਅਧਾਰ ਤਿਆਰ ਕਰਨ ਤੇ ਖੋਜ ਕਾਰਜ ਨੂੰ ਅੱਗੇ ਵਧਾਉਣ 'ਚ ਅਹਿਮ ਸਹਿਯੋਗ ਤੇ ਸੇਧ ਮਿਲਦੀ ਹੈ। ਇਸ ਖੋਜ ਕਾਰਜ ਲਈ ਵਿਆਪਕ ਸਬੰਧਤ ਸਮੱਗਰੀ ਦਾ ਅਧਿਐਨ ਕੀਤਾ ਗਿਆ ਹੈ ਤਾਂ ਕਿ ਖੋਜ ਕਾਰਜ ਦੇ ਵਿਸ਼ੇ ਨਾਲ ਪੂਰਾ ਨਿਆਂ ਕੀਤਾ ਜਾ ਸਕੇ।

ਵਿਲਬਰ ਸ਼੍ਰਮ, ਮਾਸ ਮੀਡੀਆ ਤੇ ਨੈਸ਼ਨਲ ਡਿਵੈਲਪਮੈਂਟ (1965) ਦੇ ਮੁਤਾਬਿਕ ਮਾਸ ਮੀਡੀਆ ਸੰਗਠਨਾਂ ਦੀ ਕੌਮੀ ਵਿਕਾਸ ਵਿਚ ਸ਼ਮੂਲੀਅਤ ਦਾ ਜ਼ਿਕਰ ਕੀਤਾ ਗਿਆ ਹੈ। ਸੰਚਾਰ ਵਿਗਿਆਨੀ ਵਿਲਬਰ ਸ਼੍ਰਮ ਨੇ ਵਿਕਾਸਸ਼ੀਲ ਮੁਲਕਾਂ ਨੂੰ ਮਾਸ ਮੀਡੀਆ ਸੰਗਠਨਾਂ ਦੀ ਵੱਧ ਤੋ ਵੱਧ ਵਰਤੋਂ ਕਰਨ ਦੀ ਸਲਾਹ ਦਿੰਦਿਆਂ, ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਕਿ ਜੇਕਰ ਵਿਕਾਸਸ਼ੀਲ ਮੁਲਕ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਇਨ੍ਹਾਂ ਸੰਗਠਨਾਂ ਦਾ ਪ੍ਰਯੋਗ ਕਰਨ ਤਾਂ ਲੋਕਾਂ ਸਿਹਤ, ਸਿੱਖਿਆ 'ਤੇ ਆਪਣੇ ਅਧਿਕਾਰਾਂ ਪ੍ਰਤੀ ਜ਼ਿਆਦਾ ਸੰਜੀਦਾ ਹੋ ਸਕਦੇ ਹਨ। ਇਹ ਗੱਲ ਵੀ ਇਸ ਪੁਸਤਕ ਵਿਚ ਵਰਨਣਯੋਗ ਹੈ ਕਿ ਜਿਨ੍ਹਾਂ ਮੁਲਕਾਂ ਵਿਚ ਮੀਡੀਆ ਦੀ ਭੂਮਿਕਾ ਜ਼ਿਆਦਾ ਹੈ ਉਨ੍ਹਾਂ ਮੁਲਕਾਂ ਨੇ ਤਰੱਕੀ ਵੀ ਵੱਧ ਕੀਤੀ ਹੈ। ਵਿਲਬਰ ਸ਼੍ਰਮ ਨੇ ਇਸ ਪੁਸਤਕ ਵਿਚ ਵੱਡੇ ਮੁਲਕਾਂ ਨੂੰ ਛੋਟੇ ਮੁਲਕਾਂ ਦੇ ਵਿਕਾਸ ਤੇ ਉਹਦੇ ਵਿਚ ਮੀਡੀਆ ਸੰਸਥਾਵਾਂ ਵਿਚ ਹਿੱਸਾ ਪਾਉਣ ਦੀ ਸਲਾਹ ਦਿੱਤੀ ਹੈ ਤਾਂ ਕਿ ਵਿਸ਼ਵ ਭਰ ਵਿਚ ਵਿਕਾਸ ਦਾ ਪਾੜਾ ਘਟਾਇਆ ਜਾ ਸਕੇ। ਭਾਰਤ ਵਿਚ ਨਾਸਾ (NASA) ਦੇ ਸਹਿਯੋਗ ਨਾਲ ਬਣਾਇਆ ਗਿਆ ਸਾਇਟ (SITE) ਤਜਰਬਾ ਇਸੇ ਦੀ ਹੀ ਦੇਣ ਹੈ।

ਇਸ ਵਿਚ ਰਾਸ਼ਟਰੀ ਮੀਡੀਆ ਦੇ ਵਿਕਾਸ ਦੇ ਨਾਲ ਨਾਲ ਖੇਤਰੀ ਪੱਧਰ ਤੇ ਭਾਸ਼ਾਈ ਮੀਡੀਆ ਨੂੰ ਵੀ ਵਿਕਸਿਤ ਕਰਨ 'ਤੇ ਜ਼ੋਰ ਦਿੱਤਾ ਹੈ ਤਾਂ ਜੋ ਲੋਕ ਆਪਣੀ ਭਾਸ਼ਾ ਵਿਚ ਆਪਣੇ ਲੋਕਾਂ ਵਾਸਤੇ, ਆਪ ਵਿਕਾਸ-ਪੱਤਰਕਾਰੀ ਨੂੰ ਉਤਸ਼ਾਹਿਤ ਕਰ ਸਕਣ। ਇਸ ਨਾਲ ਅਵਿਕਸਿਤ ਤੇ ਪ੍ਰਗਤੀਸ਼ੀਲ ਮੁਲਕ ਵੀ ਵਿਕਾਸ ਦੀ ਲੀਹੇ ਪੈ ਸਕਦੇ ਹਨ।

ਡਾ. ਨਰਿੰਦਰ ਸਿੰਘ ਕਪੂਰ, ਪੰਜਾਬੀ ਪੱਤਰਕਾਰੀ ਦਾ ਵਿਕਾਸ (1988) ਦੇ ਵਿਚ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਨੂੰ ਬਾਖੂਬੀ ਸਿਰਜਿਆ ਗਿਆ ਹੈ। ਲੇਖਕ ਨੇ ਭਾਰਤ ਦੀ ਪੱਤਰਕਾਰੀ ਦੇ ਆਰੰਭ ਅਤੇ ਵਿਕਾਸ ਉਤੇ ਚੋਖਾ ਚਾਨਣ ਪਾਇਆ ਹੈ। ਇਸ ਵਿਚ ਉਨ੍ਹਾਂ ਹਾਲਾਤਾਂ ਦਾ ਵੀ ਵਰਣਨ ਹੈ ਜਿਨ੍ਹਾਂ ਅਧੀਨ ਪੰਜਾਬੀ ਪੱਤਰਕਾਰੀ ਆਪਣੇ ਸ਼ੁਰੂਆਤੀ ਦੌਰ ਤੋਂ ਅੱਗੇ ਵੱਧਦੀ ਹੋਈ ਵਰਤਮਾਨ ਤੱਕ ਪੁੱਜੀ ਹੈ। ਲੇਖਕ ਨੇ ਇਸ ਪੰਜਾਬੀ ਪੱਤਰਕਾਰੀ ਅਤੇ ਪੰਜਾਬ ਪ੍ਰਤੀ ਵਿਕਾਸ ਵਿਚ ਯੋਗਦਾਨ 'ਤੇ ਵੀ ਚਰਚਾ ਕੀਤੀ ਹੈ। ਇਸ ਪੁਤਸਕ ਮੁਤਾਬਿਕ ਪੰਜਾਬੀ ਪੱਤਰਕਾਰੀ

ਸ਼ੁਰੂ ਤੋਂ ਹੀ ਲੋਕ ਲਹਿਰਾਂ ਦੀ ਸਮੱਰਥਕ ਰਹੀ ਹੈ। ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਵੱਖ-ਵੱਖ ਧਾਰਮਿਕ ਅਤੇ ਰਾਜਨੀਤਿਕ ਲਹਿਰਾਂ ਨਾਲ ਜੁੜੀ ਰਹੀ ਪੰਜਾਬੀ ਪੱਤਰਕਾਰੀ ਦਾ ਅਧਿਐਨ ਇਤਿਹਾਸਿਕ ਘਟਨਾਵਾਂ ਤੇ ਪ੍ਰਸੰਗਾਂ ਵਿਚ ਕੀਤਾ ਗਿਆ ਹੈ।

ਇਸ ਪੁਸਤਕ ਵਿਚ ਲੇਖਕ ਨੇ ਪੰਜਾਬੀ ਪੱਤਰਕਾਰੀ ਦਾ ਵਿਗਿਆਨਕ ਅਧਿਐਨ ਕਰਦੇ ਹੋਏ, ਇਸ ਦੀਆਂ ਪ੍ਰਾਪਤੀਆਂ ਅਤੇ ਭਵਿੱਖ 'ਚ ਸੰਭਾਵਨਾਵਾਂ ਦਾ ਵਿਵਰਣ ਦਿੱਤਾ ਹੈ। ਅੱਠ ਅਧਿਆਏ ਵਿਚ ਵੰਡੀ ਇਸ ਪੁਸਤਕ ਵਿਚ ਪਹਿਲੇ ਅਧਿਆਏ 'ਚ ਸੰਚਾਰ ਸਾਧਨ, ਛਾਪਾਖਾਨਾ, ਸੰਸਾਰ ਪੱਤਰਕਾਰੀ ਤੇ ਭਾਰਤੀ ਪੱਤਰਕਾਰੀ, ਦੂਜੇ ਅਧਿਆਏ 'ਚ ਪੰਜਾਬੀ ਪੱਤਰਕਾਰੀ ਦੇ ਉਥਾਨ-ਕਾਲ, ਤੀਜੇ ਅਧਿਆਏ 'ਚ ਪੂਰਵ ਮੱਧ ਕਾਲ, ਚੌਥੇ ਵਿਚ ਮੱਧ-ਕਾਲ, ਪੰਜਵੇ ਅਧਿਆਏ ਵਿਚ ਉੱਤਰ-ਮੱਧ ਕਾਲ ਤੇ ਛੇਵੇਂ ਵਿਚ ਆਧੁਨਿਕ ਕਾਲ ਬਾਰੇ ਬਾਖੂਬੀ ਚਾਨਣਾ ਪਾਇਆ ਹੈ। ਸੱਤਵੇਂ ਤੇ ਅੱਠਵੇਂ ਅਧਿਆਏ ਵਿਚ ਪੰਜਾਬੀ ਪੱਤਰਕਾਰੀ ਦੇ ਕਲਾ ਪੱਖ ਅਤੇ ਪੰਜਾਬੀ ਪੱਤਰਕਾਰੀ ਵਿਚ ਵਾਰਤਕ ਦਾ ਸਰੂਪ ਦਾ ਵਿਸ਼ਲੇਸ਼ਣਾਤਮਕ ਅਧਿਐਨ ਕੀਤਾ ਗਿਆ ਹੈ।

ਡਾ. ਕਮਲੇਸ਼ ਸਿੰਘ ਦੁੱਗਲ ਵੱਲੋਂ 'ਪੰਜਾਬੀ ਪੱਤਕਾਰੀ ਤੇ ਮਿਡਲ ਲੇਖ' 1998 ਵਿਚ ਕੁੱਲ 23 ਮਿਡਲ ਲੇਖਾਂ ਦਾ ਸੰਗ੍ਰਹਿ ਪ੍ਰਸਤੁਤ ਕੀਤਾ ਗਿਆ ਹੈ। ਰਚਨਾਤਮਕ ਤੌਰ 'ਤੇ ਮਿਡਲ ਲੇਖਾਂ ਦੇ ਜ਼ਰੀਏ ਲੇਖਕ ਨੇ ਗੰਭੀਰ ਸਮੱਸਿਆਵਾਂ 'ਤੇ ਸਹਿਜ ਸੁਭਾਅ ਹੀ ਆਪਣੀ ਗੱਲ ਪ੍ਰਗਟ ਕਰ ਦਿੱਤੀ ਹੈ। ਜਿਨ੍ਹਾਂ ਸਮੱਸਿਆਵਾਂ 'ਤੇ ਸ਼ਾਇਦ ਸਿੱਧੇ ਰੂਪ ਵਿਚ ਪ੍ਰਤੀਕ੍ਰਿਆ ਦੇਣਾ ਸੰਭਵ ਨਹੀਂ ਸੀ। ਲੇਖਕ ਨੇ ਵਿਅੰਗ ਜਾਂ ਆਮ ਜੀਵਨ ਨਾਲ ਜੁੜੀਆਂ ਘਟਨਾਵਾਂ ਨੂੰ ਰਚਨਾਤਮਕ ਤਰੀਕੇ ਨਾਲ ਕੁਝ ਇਉਂ ਪ੍ਰਸਤੁਤ ਕੀਤਾ ਹੈ ਕਿ ਹਰ ਕੋਈ ਇਨ੍ਹਾਂ ਦਾ ਅਧਿਐਨ ਕਰਕੇ, ਪੰਜਾਬੀ ਪੱਤਰਕਾਰੀ 'ਚ ਸੰਪਾਦਕੀ ਪੰਨੇ 'ਤੇ ਸ਼ਾਮਿਲ ਹੋਏ 'ਮਿਡਲ ਲੇਖਾਂ' ਨੂੰ ਆਪਣੀ ਜ਼ਿੰਦਗੀ ਨਾਲ ਜੁੜਿਆ ਮਹਿਸੂਸ ਕਰਦਾ ਹੈ। ਕਿਉਂ ਜੋ ਇਹ ਲੇਖ ਆਮ ਘਟਨਾਵਾਂ 'ਤੇ ਆਧਾਰਿਤ ਹਨ। ਇਹ ਆਮ ਹੁੰਦੇ ਹੋਏ ਵੀ ਕਿਸੇ ਖਾਸ ਗੱਲ ਜਾਂ ਗੰਭੀਰ ਮੁੱਦੇ ਵੱਲ ਇਸ਼ਾਰਾ ਕਰਦੇ ਹਨ।

ਇਹ ਪੁਸਤਕ ਅਜੋਕੇ ਦੌਰ ਦੀ ਪੱਤਰਕਾਰੀ ਦੇ ਜ਼ਿਕਰ ਦੇ ਨਾਲ-ਨਾਲ, ਪੇਂਡੂ ਖੇਤਰਾਂ ਤੇ ਕਸਬਿਆਂ 'ਚ ਪੱਤਰਕਾਰਾਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨ ਤੇ ਉਨ੍ਹਾਂ ਨੂੰ ਨਜਿੱਠਣ ਦਾ ਰਾਹ ਵੀ ਸੁਝਾਉਂਦੀ ਹੈ। ਇਸ ਵਿਚ ਛਪਿਆ ਲੇਖ 'ਪੰਜਾਬੀ ਪੱਤਰਕਾਰੀ ਵਿਚ ਮਿਡਲ ਲੇਖਾਂ ਦਾ ਸਥਾਨ' ਪੰਜਾਬੀ ਪੱਤਰਕਾਰੀ ਵਿਚ ਮਿਡਲ ਲੇਖਾਂ ਦਾ ਮਹੱਤਵ ਬਿਆਨ ਕਰਦਾ ਹੈ। ਇਸੇ ਵਿਚ ਛਪਿਆ ਲੇਖ 'ਵਹਿਮਾਂ ਨੇ ਪੱਟ'ਤੀ ਦੁਨੀਆ' ਲੇਖਕ ਦੀ ਤਰਕਸ਼ੀਲ ਸੋਚ ਤੇ ਸਮਾਜ ਵਿਚ ਵਿਗਿਆਨਕ ਸੋਚ ਦੇ ਪ੍ਰਚਾਰ ਪ੍ਰਸਾਰ ਲਈ ਵਚਨਬੱਧਤਾ ਨੂੰ ਦਰਸਾਉਂਦਾ ਹੈ। ਜੋ ਪਾਠਕ ਨੂੰ ਵਹਿਮਾਂ ਭਰਮਾਂ 'ਚੋਂ ਨਿਕਲ ਕੇ ਵਿਕਾਸ ਵੱਲ ਤੁਰਨ ਦੀ ਪ੍ਰੇਰਨਾ ਦਿੰਦਾ ਹੈ। ਡਾ. ਦੁੱਗਲ ਵੱਲੋਂ ਲਿਖੇ ਮਿਡਲ ਲੇਖਾਂ ਵਿਚ ਕਈ ਅਜਿਹੇ ਮੱਸਲਿਆਂ 'ਤੇ ਚਰਚਾ ਕੀਤੀ ਗਈ ਹੈ ਜਿਹੜੇ ਸਮਾਜਿਕ ਬਦਲਾਅ ਤੇ ਸਮਾਜਿਕ ਸਰੋਕਾਰਾਂ ਨਾਲ ਜੁੜੇ ਹੋਏ ਨੇ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੁਸਤਕ 'ਜੋਤ ਜਗਦੀ ਰਹੇਗੀ' (2002) ਦੇ ਵਿਚ 112 ਚੋਣਵੇਂ ਸੰਪਾਦਕੀਆਂ ਰਾਹੀਂ ਪੰਜਾਬ, ਪੰਜਾਬੀਅਤ ਅਤੇ ਪੰਜਾਬੀਆਂ ਨੂੰ ਦਰਪੇਸ਼ ਮਾਮਲਿਆਂ ਨੂੰ ਸਾਹਮਣੇ ਲਿਆਂਦਾ ਗਿਆ

ਹੈ। ਸਾਲ 1984 ਤੋ 1988 ਤੱਕ ਦੇ ਉਭਰੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਸਲਿਆਂ ਨੂੰ ਵੀ ਇਸ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਸੰਗ੍ਰਹਿ ਵਿਚ ਭਾਸ਼ਾ, ਸਾਹਿਤ, ਸਿੱਖਿਆ, ਮਾਨਵੀ ਕਦਰਾਂ-ਕੀਮਤਾਂ, ਧਰਮ, ਰਾਜਨੀਤੀ, ਸਮਾਜਿਕ ਸੱਮਸਿਆਵਾਂ ਤੇ ਆਮ ਲੋਕਾਂ ਦੇ ਦਰਦਾਂ ਦਾ ਪ੍ਰਗਟਾਵਾ ਹੈ।

ਵਿਕਾਸ ਲਈ ਪ੍ਰਤੀਬੱਧ ਪੱਤਰਕਾਰੀ ਨਾਲ ਭਰਪੂਰ ਇਸ ਕਿਤਾਬ ਦਾ ਪਹਿਲਾ ਸੰਪਾਦਕੀ ਭਾਵੁਕ ਕਰਦਾ ਹੈ। 'ਜੋਤ ਜਗਦੀ ਰਹੇਗੀ' ਆਪਣੇ ਪਿਤਾ ਦੇ ਅਕਾਲ ਚਲਾਣੇ ਉਪਰੰਤ ਦੁਖਮਈ ਅਤੇ ਭਾਵੁਕ ਘੜੀਆਂ 'ਚ ਲਿਖਿਆ ਗਿਆ ਸੰਪਾਦਕੀ ਹੈ। ਜਿਸ ਵਿਚ ਆਪਣੇ ਪਿਤਾ ਦੁਆਰਾ ਪਾਏ ਗਏ ਪੂਰਨਿਆਂ ਨੂੰ ਵਧੇਰੇ ਸਿਦਕਦਿਲੀ, ਮਜ਼ਬੂਤ ਕਦਮੀ ਅਤੇ ਦ੍ਰਿੜ੍ਹਤਾ ਦੇ ਨਾਲ ਅੱਗੇ ਲਿਜਾਣ ਦੀ ਚੇਸ਼ਟਾ ਦਾ ਪ੍ਰਗਟਾਵਾ ਵੀ ਕੀਤਾ ਗਿਆ ਹੈ। 'ਅਜੀਤ' ਦੇ ਮੌਜੂਦਾ ਸਵਰੂਪ ਤੋਂ ਸੰਪਾਦਕੀਆਂ ਦਾ ਆਂਕਲਣ 'ਅਜੀਤ' ਦੀ ਪ੍ਰਤੀਬੱਧਤਾ ਵਿਚ ਹੋਰ ਨਿਖਾਰ ਆਉਣ ਦੀ ਗਵਾਹੀ ਦਿੰਦਾ ਹੈ।

'ਅਜੀਤ' ਮਾਨਵੀ ਕਦਰਾਂ-ਕੀਮਤਾਂ ਦਾ ਪੈਰੋਕਾਰ ਹੈ। ਇਸ ਗੱਲ ਦੀ ਪ੍ਰਮਾਣਿਕਤਾ ਇਸ ਪੁਸਤਕ ਵਿਚ ਛਪੇ ਅਹਿਮਦਾਬਾਦ ਵਿਚ ਵਾਪਰੇ ਫਿਰਕੂ ਫਸਾਦਾਂ ਅਤੇ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿਚ ਵਾਪਰੇ ਕਤਲ ਕਾਂਡ 'ਤੇ ਦੁੱਖ ਦਾ ਪ੍ਰਗਟਾਵਾ ਕਰਦੇ ਸੰਪਾਦਕੀਆਂ ਵਿਚੋਂ ਵੀ ਪ੍ਰਗਟ ਹੁੰਦੀ ਹੈ।

ਇਨ੍ਹਾਂ ਸੰਪਾਦਕੀਆਂ ਵਿਚ ਸਿੱਖਿਆ ਦੇ ਡਿਗ ਰਹੇ ਮਿਆਰ, ਇਸ ਸੰਬੰਧੀ ਬੁੱਧੀਜੀਵੀਆਂ ਦੇ ਅਵੇਸਲੇਪਣ ਨੂੰ ਚਿੰਤਾ ਦਾ ਵਿਸ਼ਾ ਬਣਾਇਆ ਗਿਆ ਹੈ ਅਤੇ ਪੰਜਾਬੀਆਂ ਦੀਆਂ ਸੱਮਸਿਆਵਾਂ ਪ੍ਰਤੀ ਸੁਚੇਤ ਹੋਣ ਦਾ ਹੋਕਾ ਦਿੱਤਾ ਗਿਆ ਹੈ।

'ਜੋਤ ਜਗਦੀ ਰਹੇਗੀ' ਵਿਚ ਸ: ਹਮਦਰਦ ਦੀ ਲੇਖਣੀ ਵਿਚਲੀ ਪਰਿਪੱਕਤਾ, ਵਿਸ਼ਿਆਂ ਨੂੰ ਡੂੰਘਾਈ ਨਾਲ ਪਕੜਨ ਦੀ ਸਮਰੱਥਾ ਅਤੇ ਬੇਬਾਕ ਹੋ ਕੇ ਲਿਖੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਦਲੇਰੀ ਦਾ ਪ੍ਰਗਟਾਵਾ ਮਿਲਦਾ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੁਸਤਕ 'ਵਿਰਸੇ ਦਾ ਗੌਰਵ' (2002) ਵਿਚ ਲਗਭਗ 100 ਦੇ ਕਰੀਬ ਸੰਪਾਦਕੀ ਪ੍ਰਕਾਸ਼ਿਤ ਕੀਤੇ ਗਏ ਹਨ। ਜੋ ਕਿ 'ਅਜੀਤ' ਦੀ ਨਿਧੱੜਕ ਸੋਚ ਤੇ ਲੇਖਕ ਦੀ ਸਵੈਮਾਨ ਅਤੇ ਦ੍ਰਿੜ੍ਹਤਾ ਵਾਲੀ ਪੱਤਰਕਾਰੀ ਦੇ ਮਹੱਤਵ ਨਾਲ ਰੂ-ਬਰੂ ਕਰਾਉਂਦੇ ਹਨ। ਵਰਤਮਾਨ ਯੁਗ ਸਿਫਾਰਸ਼ਾਂ, ਰਿਸ਼ਵਤਾਂ ਤੇ ਹਰ ਤਰ੍ਹਾਂ ਦੇ ਜੁਗਾੜ ਰਚਣ ਦਾ ਯੁਗ ਹੈ। ਅਜਿਹੇ ਅਵਸਰਵਾਦੀ ਸਮੇਂ ਵਿਚ ਸ: ਬਰਜਿੰਦਰ ਸਿੰਘ ਹਮਦਰਦ ਨੇ ਆਪਣੇ ਸੰਪਾਦਕੀ ਲੇਖਾਂ ਰਾਹੀਂ ਸਿਆਸਤ ਪ੍ਰਤੀ ਜੋ ਵਿਚਾਰ ਰੱਖੇ ਹਨ ਉਨ੍ਹਾਂ ਤੋਂ ਇਹ ਗੱਲ ਤੈਅ ਹੈ ਕਿ ਉਹ ਕਿਸੇ ਵੀ ਗ਼ਲਤ ਗੱਲ ਨੂੰ ਪ੍ਰਵਾਨਗੀ ਨਹੀਂ ਦਿੰਦਾ ਭਾਵੇਂ ਉਹ ਸਰਕਾਰਾਂ ਦੀਆਂ ਧੱਕੇਸ਼ਾਹੀਆਂ ਹੀ ਕਿਉਂ ਨਾ ਹੋਣ। ਇਸ ਪੁਸਤਕ ਤੋਂ ਸਹਿਜੇ ਹੀ ਅੰਦਾਜ਼ਾ ਲੱਗ ਸਕਦਾ ਹੈ ਕਿ ਪੱਤਰਕਾਰੀ ਕੋਈ ਸਾਧਾਰਨ ਕਾਰਜ ਨਹੀਂ। ਇਸ ਦਾ ਆਪਣਾ ਮਹੱਤਵ ਤੇ ਜ਼ਿੰਮੇਵਾਰੀਆਂ ਹਨ। ਬਰਨਾਡ ਸ਼ਾਅ ਦੇ ਇਕ ਲੇਖ ਮੁਤਾਬਿਕ ਸਮੁੱਚਾ ਸਾਹਿਤ ਹੀ ਪੱਤਰਕਾਰੀ ਹੈ। ਇਸ ਪੁਸਤਕ ਵਿਚ ਛਪੇ ਸੰਪਾਦਕੀਆਂ ਤੋਂ ਮਾਨਵੀ ਕਦਰਾਂ-ਕੀਮਤਾਂ ਅਤੇ ਪੰਜਾਬ ਦੇ ਪਿੰਡਾਂ ਵਿਚ ਜਨ-ਸਧਾਰਨ ਪ੍ਰਤੀ 'ਅਜੀਤ' ਅਖ਼ਬਾਰ ਦਾ ਵਤੀਰਾ ਉਜਾਗਰ ਹੁੰਦਾ ਹੈ।

ਉਰਦੂ ਦੇ ਸ਼ਾਇਰ ਫੈਜ਼ ਤੇ ਯੁੱਗ ਕਵੀ ਮੋਹਨ ਸਿੰਘ ਬਾਰੇ ਲਿਖੇ ਸੰਪਾਦਕੀ ਡਾ. ਬਰਜਿੰਦਰ ਸਿੰਘ ਹਮਦਰਦ ਦੇ ਸਾਹਿਤ ਪ੍ਰਤੀ ਸਮਰਪਿਤ ਤੇ ਸਾਹਿਤਕ ਰੁਚੀਆਂ ਦੇ ਧਾਰਨੀ ਹੋਣ ਦਾ ਸਬੂਤ ਹਨ। ਕਿਉਂਕਿ ਜੇਕਰ ਉਹ ਸਿਰਫ਼ ਸੰਪਾਦਕ ਹੀ ਹੁੰਦੇ ਤਾਂ ਉਨ੍ਹਾਂ ਦੀ ਕਲਮ ਤੋਂ ਆਮ ਘਟਨਾਵਾਂ ਦਾ ਵਿਸ਼ਲੇਸ਼ਣ ਹੀ ਹੁੰਦਾ ਪਰ ਰਵਾਇਤੀ ਮੁੱਦਿਆਂ ਤੋਂ ਇਲਾਵਾ ਸਾਹਿਤ, ਰਾਜਨੀਤੀ ਅਤੇ ਮੁਲਕਾਂ ਦੇ ਆਪਸੀ ਸੰਬੰਧਾਂ ਉੱਤੇ ਵੀ ਉਨ੍ਹਾਂ ਨੇ ਆਪਣੇ ਵਿਚਾਰ ਇਕ ਵੱਖਰੀ ਤੇ ਨਿਵੇਕਲੀ ਸੋਚ ਰਾਹੀਂ ਬਾਖ਼ੂਬੀ ਦਰਸਾਏ ਹਨ।

ਉਸ ਸੰਗ੍ਰਹਿ ਵਿਚ ਡਾ: ਬਰਜਿੰਦਰ ਸਿੰਘ ਹਮਦਰਦ ਦੇ 1989 ਤੋ 1991 ਤੱਕ ਦੇ ਚੋਣਵੇਂ ਸੰਪਾਦਕੀ ਲੇਖ ਛਪੇ ਹਨ। ਇਹ ਪੰਜਾਬ ਦੇ ਇਤਿਹਾਸ ਦਾ ਘੋਰ ਸੰਕਟਮਈ ਸਮਾਂ ਸੀ ਜਦ ਤਣਾਅ ਦੇ ਸੰਕਟ ਵਿੱਚ ਪੰਜਾਬ ਬੁਰੀ ਤਰ੍ਹਾਂ ਘਿਰਿਆ ਹੋਇਆ ਸੀ। ਬਰਜਿੰਦਰ ਸਿੰਘ ਹਮਦਰਦ ਨੇ ਉਸ ਵੇਲੇ ਜੋ ਸੰਤੁਲਿਤ ਪੱਤਰਕਾਰੀ ਦੀ ਮਿਸਾਲ ਪੇਸ਼ ਕੀਤੀ, ਉਹ ਉਨ੍ਹਾਂ ਨੂੰ ਪੰਜਾਬ ਦਾ ਪ੍ਰਮੁੱਖ ਪੱਤਰਕਾਰ ਸਿੱਧ ਕਰਨ ਲਈ ਕਾਫੀ ਹੈ। ਪੰਜਾਬ ਵਿੱਚ ਉਸ ਵੇਲੇ ਬੰਦੂਕ ਦੀ ਨੋਕ ’ਤੇ ਪ੍ਰੈਸ ਦੀ ਆਜ਼ਾਦੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ, ਤਦ ਵੀ ਬਰਜਿੰਦਰ ਸਿੰਘ ਦੀ ਕਲਮ ਪੰਜਾਬ ਦੇ ਹੱਕਾਂ ਲਈ ਬੇਖ਼ੌਫ਼ ਲਿਖਦੀ ਰਹੀ।

ਇਸ ਪੁਸਤਕ ਵਿਚ ਛਪੇ ਲੇਖ ‘ਪ੍ਰੈਸ ਦੀ ਆਜ਼ਾਦੀ’ ਵਿਚ ਉਨ੍ਹਾਂ ਪੱਤਰਕਾਰਾਂ ਨੂੰ ਵਿਚਾਰਾਂ ਦੀ ਸੁਤਤੰਰਤਾ ਬਣਾਈ ਰੱਖਣ ਦੀ ਅਪੀਲ ਕੀਤੀ ਤੇ ਸਰਕਾਰਾਂ ਵੱਲੋ ਕੱਸੇ ਜਾ ਰਹੇ ਸਰਕਾਰੀ ਸ਼ਿਕੰਜੇ ਦਾ ਸਖ਼ਤ ਵਿਰੋਧ ਵੀ ਕੀਤਾ। ‘ਤਾਂਤਰਿਕਾਂ ਦਾ ਦੇਸ਼’ ਨਾਮਕ ਸੰਪਾਦਕੀ ਲੇਖ ਵਿਚ ਲੋਕਾਂ ਨੂੰ ਵਹਿਮਾਂ ਭਰਮਾਂ ਤੋ ਦੂਰ ਰਹਿ ਕੇ ਵਿਗਿਆਨਕ ਸੋਚ ਦੇ ਧਾਰਨੀ ਬਣਨ ਲਈ ਪ੍ਰੇਰਿਆ। ਇਸ ਪੁਸਤਕ ਵਿਚਲੇ ਕਈ ਸੰਪਾਦਕੀ ਪੰਜਾਬ ਦੇ ਕਾਲੇ ਦਿਨਾਂ ਦਾ ਜ਼ਿਕਰ ਕਰਦੇ ਹਨ, ਜੋ ਪੰਜਾਬੀ ਪੱਤਰਕਾਰੀ ’ਚ ਮੀਲ ਦਾ ਪੱਥਰ ਕਹੇ ਜਾ ਸਕਦੇ ਹਨ।

ਡਾ. ਬਰਜਿੰਦਰ ਸਿੰਘ ਹਮਦਰਦ, ਦੀ ਪੁਸਤਕ ‘ਪੈਂਡਾ ਬਾਕੀ ਹੈ’ (2003) ਵਿਚ ਕੁਲ 97 ਸੰਪਾਦਕੀ ਲੇਖਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਵਿਚ ‘ਅਜੀਤ’ ਦੇ ਸ਼ੁਰੂਆਤੀ ਦੌਰ ਦੇ ਜ਼ਿਕਰ ਦੇ ਨਾਲ ਨਾਲ, ਪੰਜਾਬੀ ਪੱਤਰਕਾਰੀ ਨੂੰ ਆਧੁਨਿਕ ਤੇ ਵਿਗਿਆਨਕ ਲੀਹਾਂ ’ਤੇ ਤੋਰਨ ਦੀ ਤਾਂਘ ਵੀ ਦਿਖਾਈ ਪੈਂਦੀ ਹੈ। ‘ਅਜੀਤ’ ਦੀ ਮਹੱਤਤਾ ਅਤੇ ਸਾਰਥਿਕਤਾ ਕੇਵਲ ਇਸ ਗੱਲ ਵਿਚ ਨਹੀਂ ਕਿ ਅੱਜ ਉਹ ਪੰਜਾਬੀ ਦਾ ਸਭ ਤੋ ਵੱਡਾ ਤੇ ਸਭ ਤੋਂ ਸਤਿਕਾਰਤ ਅਖ਼ਬਾਰ ਹੈ, ਸਗੋਂ ਇਸ ਨੇ ਪੰਜਾਬੀ ਪੱਤਰਕਾਰੀ ਦੀਆਂ ਅਨੰਤ ਸੰਭਾਵਨਾਵਾਂ ਨੂੰ ਵੀ ਉਜਾਗਰ ਕਰ ਦਿੱਤਾ ਹੈ। ‘ਅਜੀਤ’ ਅਖ਼ਬਾਰ ਨੇ ਇਕੱਲਾ ਪਿੰਡਾਂ ਵਿਚ ਹੀ ਪੰਜਾਬੀ ਦਾ ਵਿਕਾਸ ਨਹੀਂ ਕੀਤਾ ਬਲਕਿ ਇਸ ਨੇ ਮੌਜੂਦਾ ਸਰੂਪ ਵਿਚ ਵਿਦੇਸ਼ਾਂ ਵਿਚ ਰਹਿ ਰਹੇ ਪੰਜਾਬੀਆਂ ਨੂੰ ਵੀ ਆਪਣੀ ਮਿੱਟੀ ਦੀ ਮਹਿਕ ਨਾਲ ਜੋੜਿਆ ਹੋਇਆ ਹੈ।

ਇਸ ਪੁਸਤਕ ਵਿਚ ਛਪੇ ਸੰਪਾਦਕੀਆਂ ਤੋਂ ‘ਅਜੀਤ’ ਦੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਲਗਾਅ ਦੀ ਪੂਰੀ ਝਲਕ ਮਿਲਦੀ ਹੈ। ‘ਅਜੀਤ’ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਵੀ ਵੱਡਮੁੱਲਾ ਯੋਗਦਾਨ ਪਾਇਆ ਹੈ।

'ਅਜੀਤ' ਨੇ ਇਸ ਪਾਸੇ ਵੀ ਬੜੀ ਸਰਗਰਮ ਭੂਮਿਕਾ ਨਿਭਾਈ ਹੈ ਕਿ ਰਾਜਨੀਤਕ ਪਾਰਟੀਆਂ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਦ੍ਰਿੜ੍ਹਤਾ ਨਾਲ ਅਪਣਾਉਣ, ਦੇਸ਼ ਵਿਚ ਸਹੀ ਫੈਡਰਲ ਢਾਂਚਾ ਉਸਾਰਨ ਦੀ ਗੱਲ ਕਰਨ ਅਤੇ ਵੱਖਵਾਦੀ ਤੇ ਅੱਤਵਾਦੀ ਵਿਚਾਰਾਂ ਨੂੰ ਤਰਜੀਹ ਨਾ ਦੇਣ। ਸਮੇਂ-ਸਮੇਂ 'ਅਜੀਤ' ਦੇ ਵਿਚਾਰਾਂ ਅਤੇ ਇਸ ਦੀਆਂ ਸੁਚੱਜੀਆਂ ਸੰਪਾਦਕੀਆਂ ਨੇ ਸਰਕਾਰਾਂ ਦਾ ਮਾਰਗ ਦਰਸ਼ਨ ਕੀਤਾ ਹੈ। 1980-90 ਦੇ ਦਸ਼ਕ ਤੋਂ ਬਾਅਦ ਪੰਜਾਬ ਨੂੰ ਮੁੜ ਲੀਹ 'ਤੇ ਲਿਆਉਣ ਵਿੱਚ 'ਅਜੀਤ' ਦੀ ਬੜੀ ਅਹਿਮ ਭੂਮਿਕਾ ਰਹੀ ਹੈ।

'ਮੋਮਬੱਤੀਆਂ ਦੀ ਲੋਅ' (2002) ਡਾ: ਬਰਜਿੰਦਰ ਸਿੰਘ ਹਮਦਰਦ ਦੀ ਪੁਸਤਕ ਵਿਚ ਕੁਲ 97 ਦੇ ਕਰੀਬ ਸੰਪਾਦਕੀ ਲੇਖਾਂ ਦਾ ਸੰਕਲਣ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਕਈ ਤਾਂ ਪੰਜਾਬ ਦੀ ਤਰੱਕੀ ਨਾਲ ਸਿੱਧੇ ਰੂਪ ਵਿਚ ਜੁੜੇ ਹੋਏ ਹਨ ਤੇ ਕਈ ਅਸਿੱਧੇ ਰੂਪ 'ਚ। 'ਅਜੀਤ' ਅਖ਼ਬਾਰ ਦੇ ਸੰਪਾਦਕੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਹਿੱਤਾਂ ਲਈ ਪੂਰੀ ਤਰ੍ਹਾਂ ਸਮਰਪਿਤ ਹਨ। ਇਨ੍ਹਾਂ ਲੇਖਾਂ ਦਾ ਗੰਭੀਰ ਅਧਿਐਨ ਕਰਨ ਪਿੱਛੋਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ 'ਅਜੀਤ' ਨੇ ਪੰਜਾਬ ਤੇ ਪੰਜਾਬੀਅਤ ਪ੍ਰਤੀ ਜਿਸ ਸਮਰਪਣ ਨਾਲ ਕੰਮ ਕੀਤਾ ਹੈ ਉਹ ਕਾਬਿਲੇ ਤਾਰੀਫ਼ ਹੈ। 1995 ਤੋਂ ਲੈ ਕੇ 1999 ਤੱਕ ਦੇ ਚੋਣਵੇਂ ਸੰਪਾਦਕੀ ਲੇਖਾਂ ਦੇ ਸੰਗ੍ਰਹਿ 'ਮੋਮਬੱਤੀਆਂ ਦੀ ਲੋਅ' ਦਾ ਖਰੜੇ 'ਚੋਂ ਇਕ ਗੱਲ ਸਪਸ਼ਟ ਉਭਰ ਕੇ ਆਉਂਦੀ ਹੈ ਕਿ ਇਹਦੀ ਲੇਖਣੀ ਵਿਚ ਇਕ ਵਿਕਾਸਆਤਮਕ ਪੱਤਰਕਾਰੀ ਮਹਿਕਦੀ ਹੈ। ਇਸ ਦੇ ਚੋਣਵੇਂ ਲੇਖਾਂ ਵਿਚੋਂ ਪੰਜਾਬ, ਵਿਰਸਾ ਅਤੇ ਸਭਿਆਚਾਰ ਅਤੇ ਪੰਜਾਬੀ ਪ੍ਰਤੀ ਮੋਹ ਸਾਫ਼ ਝਲਕਦਾ ਹੈ। ਇਸ ਦੇ ਭਾਵੁਕਤਾ ਨਾਲ ਭਰਪੂਰ ਸੰਪਾਦਕੀ ਭਾਵੁਕ ਕਰਨ ਦੇ ਨਾਲ ਨਾਲ ਵਿਗਿਆਨਕ ਸੋਚ ਤੇ ਸਮੇਂ ਦੇ ਅਨਰੂਪ ਹੋਣ ਵਾਲੀਆਂ ਘਟਨਾਵਾਂ ਦਾ ਇਕ ਵਿਸ਼ੇਸ਼ਣਾਤਮਕ ਅਧਿਐਨ ਪੇਸ਼ ਕਰਦੇ ਹਨ। ਇਸ ਪੁਸਤਕ ਵਿਚ ਲਿਖੇ ਸੰਪਾਦਕੀ ਲੇਖ ਕੌਮਾਂਤਰੀ, ਕੌਮੀ ਤੇ ਖੇਤਰੀ ਮੁੱਦਿਆਂ ਸਬੰਧੀ ਵਿਚਾਰਾਂ ਅਤੇ ਵੱਖ-ਵੱਖ ਰਾਜਨੀਤਕ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰਾਂ ਸੰਬੰਧੀ ਉਸ ਦੀ ਪ੍ਰਤੀਬੱਧਤਾ ਦਾ ਪ੍ਰਗਟਾਵਾ ਕਰਦੇ ਹਨ।

ਕੌਮਾਂਤਰੀ ਪੱਧਰ 'ਤੇ ਲਏ ਗਏ ਕਈ ਵਿਸ਼ਿਆਂ ਵਿਚ ਗੰਭੀਰ ਮਸਲੇ ਜਿਵੇਂ ਪ੍ਰਮਾਣੂ ਹਥਿਆਰਾਂ ਦੀ ਵਧ ਰਹੀ ਦੌੜ, ਬਹੁਤ ਸਾਰੇ ਦੇਸ਼ਾਂ ਵਿਚ ਭੁੱਖ-ਨੰਗ, ਅਨਪੜ੍ਹਤਾ, ਗ਼ਰੀਬੀ ਤੇ ਬੇਰੁਜ਼ਗਾਰੀ ਆਦਿ ਦੀਆਂ ਸਮੱਸਿਆਵਾਂ 'ਤੇ ਵੀ ਖੁਲ੍ਹ ਕੇ ਚਰਚਾ ਕੀਤੀ ਗਈ ਹੈ।

'ਹਥਿਆਰਾਂ ਦੀ ਦੌੜ' ਸਿਰਲੇਖ ਹੇਠ ਆਪਣੀ ਸੰਪਾਦਕੀ ਵਿਚ ਡਾ. ਬਰਜਿੰਦਰ ਸਿੰਘ ਹਮਦਰਦ ਨੇ ਅਮਰੀਕਾ ਦੀਆਂ ਮਾਰੂ ਹਥਿਆਰਾਂ ਸਬੰਧੀ ਨੀਤੀਆਂ ਦਾ ਵਿਰੋਧ ਕੀਤਾ। ਇਹ 'ਅਜੀਤ' ਅਖ਼ਬਾਰ ਦੀ ਸਮਾਜ ਪ੍ਰਤੀ ਸੰਜੀਦਾ ਸੋਚ ਵਾ ਪ੍ਰਮਾਣ ਹੈ। ਏਨਾ ਹੀ ਨਹੀਂ ਬਲਕਿ ਭਾਰਤ ਸਰਕਾਰ ਵੱਲੋਂ ਪੋਖਰਨ ਵਿਚ ਕੀਤੇ ਗਏ ਪ੍ਰਮਾਣੂ ਬੰਬ ਧਮਾਕਿਆਂ ਨੂੰ ਬੇਹੱਦ ਨਿੰਦਣਯੋਗ ਕਾਰਵਾਈ ਆਖ ਕੇ ਇਸ ਦਾ ਵਿਰੋਧ ਕੀਤਾ ਹੈ। ਇਨ੍ਹਾਂ ਲੇਖਾਂ 'ਚ ਉਸ ਨੇ ਪ੍ਰਮਾਣੂ ਹੱਥਿਆਰਾਂ 'ਤੇ ਪੈਸਾ ਖਰਚਣ ਦੀ ਥਾਂ ਦੇਸ਼ ਦੇ ਪਿੰਡਾਂ 'ਚ ਵਸਦੇ ਗ਼ਰੀਬ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ, ਲੋੜਵੰਦਾਂ ਨੂੰ ਅੰਨ ਦੇਣ ਤੇ ਸਮਾਜਿਕ ਬਦਲਾਵਾਂ ਸਬੰਧੀ ਕੰਮ ਕਰਨ ਨੂੰ ਤਰਜੀਹ ਦੇਣ ਦੀ ਨਸੀਹਤ ਕੀਤੀ ਹੈ।

ਡਾ: ਬਰਜਿੰਦਰ ਸਿੰਘ ਹਮਦਰਦ ਦੀ ਕਲਮ 'ਚੋਂ ਨਿਕਲੇ ਸੰਪਾਦਕੀ ਲੇਖਾਂ ਨੂੰ ਪੜ੍ਹਦਿਆਂ ਇਕ ਗੱਲ ਵਿਸ਼ੇਸ਼ ਰੂਪ 'ਚ ਉਭਰ ਕੇ ਆਉਂਦੀ ਹੈ ਕਿ ਉਨ੍ਹਾਂ ਦੀ ਲੇਖਣੀ ਆਮ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਆਮ ਮਨੁੱਖ ਦੇ ਜੀਵਨ 'ਚ ਆਰਥਿਕ ਸੁਧਾਰਾਂ ਨੂੰ ਤਵੱਜੋ ਦੇਣ ਨੂੰ ਪਹਿਲ ਦਿੰਦੀ ਹੈ।

ਡਾ: ਬਰਜਿੰਦਰ ਸਿੰਘ ਹਮਦਰਦ ਦੇ ਸੰਪਾਦਕੀ ਲੇਖਾਂ ਵਿਚ ਸਮਾਜਿਕ ਮੁੱਦਿਆਂ ਤਹਿਤ ਔਰਤ ਦੀ ਸਥਿਤੀ ਨੂੰ ਵੀ ਬਾਖੂਬੀ ਬਿਆਨ ਕੀਤਾ ਗਿਆ ਹੈ। ਇਸ ਸਬੰਧ ਵਿਚ ਉਨ੍ਹਾਂ ਨੇ ਆਪਣੇ ਸੰਪਾਦਕੀ 'ਧੀਆਂ ਕਿਉਂ ਜੰਮੀਆਂ ਨੀ ਮਾਏ ?' ਵਿਚ ਦਰਦ ਭਰਪੂਰ ਸ਼ਬਦਾਂ ਨਾਲ ਔਰਤ ਦੇ ਸੰਘਰਸ਼ ਭਰੇ ਹਾਲਾਤ ਨੂੰ ਬਿਆਨ ਕੀਤਾ ਹੈ।

ਡਾ: ਬਰਜਿੰਦਰ ਸਿੰਘ ਹਮਦਰਦ ਦੇ ਸੰਗ੍ਰਹਿ 'ਮੋਮਬੱਤੀਆਂ ਦੀ ਲੋਅ' ਵਿਚ ਸ਼ਾਮਿਲ ਸੰਪਾਦਕੀਆਂ ਤੋਂ ਸਪੱਸ਼ਟ ਹੈ ਕਿ 'ਅਜੀਤ' ਦਾ ਪੰਜਾਬੀ ਭਾਸ਼ਾ, ਪੰਜਾਬੀਅਤ, ਪੰਜਾਬ ਦੇ ਲੋਕ ਅਤੇ ਖਾਸ ਕਰ ਪਿੰਡਾਂ ਵਿਕਾਸ ਵਿਚ ਵੱਡਮੁੱਲਾ ਯੋਗਦਾਨ ਹੈ।

ਡਾ. ਸਾਧੂ ਸਿੰਘ ਹਮਦਰਦ ਵੱਲੋ ਲਿਖੀ 'ਯਾਦ ਬਣੀ ਇਤਿਹਾਸ', 2004 ਵਿਚ ਇਕ ਸਵੈ-ਜੀਵਨੀ ਦੇ ਰੂਪ ਵਿਚ ਪ੍ਰਸਤੁਤ ਕੀਤੀ ਗਈ ਹੈ। ਇਸ ਪੁਸਤਕ ਵਿਚ ਅੰਕਿਤ ਡਾ. ਸਾਧੂ ਸਿੰਘ ਹਮਦਰਦ ਹੁਰਾਂ ਦੀ ਕਲਮ ਵਿਚੋਂ ਨਿਕਲੇ ਸੰਪਾਦਕੀ ਰੂਪ 'ਯਾਦ ਬਣੀ ਇਤਿਹਾਸ' ਦੇ ਸਿਰਲੇਖ ਤਹਿਤ 'ਅਜੀਤ' ਦੇ ਪੰਨਿਆਂ 'ਤੇ ਛਪਦੇ ਰਹੇ ਹਨ। ਪੰਜਾਬੀਆਂ ਦੀ ਪੁਰਜ਼ੋਰ ਮੰਗ 'ਤੇ 1980 ਤੋ 1984 ਤੱਕ ਦੀਆਂ ਲੜੀਵਾਰ ਛਪਦੀਆਂ ਰਹੀਆਂ ਲੇਖਣੀਆਂ ਨੂੰ ਵੀ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ।

ਇਸ ਪੁਸਤਕ ਵਿਚ ਡਾ. ਸਾਧੂ ਸਿੰਘ ਹਮਦਰਦ ਜੀ ਦੀ ਸ਼ਖ਼ਸੀਅਤ, ਦ੍ਰਿਸ਼ਟੀ ਤੇ ਵਿਚਾਰਧਾਰਾ ਹੀ ਨਹੀਂ ਉਘੜਦੀ ਬਲਕਿ ਉਨ੍ਹਾਂ ਦੀ ਯਾਦ ਰਾਹੀਂ 'ਇਤਿਹਾਸ ਵੀ ਉਘੜਦਾ' ਹੈ। ਜਿਸ ਦਾ ਪੰਜਾਬ ਦੇ ਧਰਮ, ਸਮਾਜ, ਸੱਭਿਆਚਾਰ ਅਤੇ ਉਤਾਰ ਚੜਾਅ ਨਾਲ ਸਿੱਧਾ ਸੰਬੰਧ ਹੈ। ਇਹ ਪੁਸਤਕ ਇਤਿਹਾਸ ਦੀਆਂ ਉਨ੍ਹਾਂ ਪਰਤਾਂ ਨੂੰ ਖੋਲ੍ਹਦੀ ਹੈ ਜਿਨ੍ਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਤੋਂ ਅਸੀਂ ਜਾਂ ਤਾਂ ਅਣਜਾਣ ਹਾਂ ਜਾਂ ਉਹ ਸਾਡੀ ਯਾਦਦਾਸ਼ਤ ਦਾ ਹਿੱਸਾ ਨਹੀਂ ਰਹੀਆਂ। ਇਨ੍ਹਾਂ ਚੇਤਨਾਵਾਂ ਨਾਲ ਜੁੜਨਾ ਇਸ ਕਰਕੇ ਜ਼ਰੂਰੀ ਹੈ ਕਿ ਇਨ੍ਹਾਂ ਤੋ ਬਿਨਾਂ ਪੰਜਾਬ ਬਾਰੇ ਭਵਿੱਖਮੁੱਖੀ ਜਾਂ ਵਿਕਾਸਮੁਖੀ ਹੋ ਕੇ ਨਹੀਂ ਸੋਚਿਆ ਜਾ ਸਕਦਾ।

ਇਸ ਪੁਸਤਕ ਵਿਚ ਡਾ. ਸਾਧੂ ਸਿੰਘ ਹਮਦਰਦ ਦੇ ਬਚਪਨ ਦੀਆਂ ਯਾਦਾਂ ਤੋਂ ਲੈ ਕੇ ਉਨ੍ਹਾਂ ਦੇ ਉਰਦੂ, ਸੰਸਕ੍ਰਿਤ, ਪੰਜਾਬੀ ਅਤੇ ਅੰਗ੍ਰੇਜ਼ੀ ਭਾਸ਼ਾਵਾਂ ਦੇ ਅਧਿਐਨ ਨਾਲ ਜੁੜਨਾ ਅਤੇ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਦਾ ਉਨ੍ਹਾਂ ਦੇ ਨਾਵਲਾਂ ਵਿਚ ਸਮਾ ਜਾਣਾ ਆਦਿ ਵੰਨ ਸੁਵੰਨੀਆਂ ਘਟਨਾਵਾਂ ਸਾਡੇ ਸਾਹਮਣੇ ਉਜਾਗਰ ਕਰਦੀ ਹੈ।

ਇਸ ਪੁਸਤਕ ਦਾ ਵੱਡਾ ਪੱਖ ਇਹ ਹੈ ਕਿ ਇਸ ਵਿਚ ਹਮਦਰਦ ਸਾਹਿਬ ਨੇ ਰਾਜਨੀਤਕ ਪਰਿਵਰਤਨਾਂ ਦਾ ਏਨਾ ਡੂੰਘਾ ਨਿਰੀਖਣ ਕੀਤਾ ਹੈ ਕਿ ਕਈ ਥਾਂ ਤਾਂ ਹੈਰਾਨੀ ਹੁੰਦੀ ਹੈ ਕਿ ਕੋਈ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਬਦਲਾਵਾਂ ਦਾ ਨਿਰੀਖਣ ਇੰਜ ਵੀ ਕਰ ਸਕਦਾ ਹੈ।

ਸਿੱਖ ਇਤਿਹਾਸ ਨਾਲ ਜੁੜੇ ਮਸਲਿਆਂ ਨੂੰ ਤਾਂ ਏਨਾ ਬਾਖੂਬੀ ਪੇਸ਼ ਕੀਤਾ ਗਿਆ ਹੈ ਕਿ ਪਾਠਕ ਇਨ੍ਹਾਂ ਨਾਲ ਝੰਜੋੜੇ ਜਾਂਦੇ ਹਨ। ਸਿੱਖ ਡਿਫੈਂਸ ਲੀਗ, ਸਿੱਖਾਂ ਦੀ ਫੌਜੀ ਭਰਤੀ ਦਾ ਮਸਲਾ, ਸਿੱਖ ਸਟੇਟ ਬਾਰੇ ਵਾਦ-ਵਿਵਾਦ, ਕ੍ਰਿਪਸ ਮਿਸ਼ਨ ਸਮੇਂ ਸਿੱਖ ਦ੍ਰਿਸ਼ਟੀ-ਕੋਣ, ਆਜ਼ਾਦ ਪੰਜਾਬ ਬਾਰੇ ਦ੍ਰਿਸ਼ਟੀ ਅਤੇ ਅਜਿਹੇ ਸਿਆਸੀ ਸੰਕਟ ਸਮੇਂ ਪ੍ਰੈਸ ਦੀ ਲੋੜ ਦੇ ਅਨੁਭਵ ਨਾਲ ਘਟਨਾਵਾਂ ਦਾ ਵਿਸ਼ਲੇਸ਼ਣ ਕਰਕੇ ਡਾ. ਸਾਧੂ ਸਿੰਘ ਹਮਦਰਦ ਹੋਰਾਂ ਦੀ ਕਲਮ ਨੇ ਸਿਰਫ਼ ਸਮਕਾਲੀ ਇਤਿਹਾਸ ਨੂੰ ਹੀ ਪੇਸ਼ ਨਹੀਂ ਕੀਤਾ ਸਗੋਂ ਪੰਜਾਬ ਅਤੇ ਸਿੱਖ-ਇਤਿਹਾਸ ਦੀਆਂ ਅਤੀਤ ਵਿਚ ਪਈਆਂ ਵਾਦ-ਵਿਵਾਦ ਵਾਲੀਆਂ ਘਟਨਾਵਾਂ ਬਾਰੇ ਵੀ ਪ੍ਰਭਾਵਸ਼ਾਲੀ ਟਿੱਪਣੀਆਂ ਕੀਤੀਆਂ ਹਨ।

ਇਸ ਪੁਸਤਕ ਦੀ ਲੇਖਣ ਸ਼ੈਲੀ ’ਤੇ ਜੇ ਚਰਚਾ ਕਰੀਏ ਤਾਂ ਪੜ੍ਹਨ ਵਾਲਾ ਅਤੀਤ ਵਿੱਚ ਵਿੱਚਰ ਕੇ ਫਿਰ ਸਮਕਾਲੀ ਤੇ ਅਜੋਕੇ ਇਤਿਹਾਸ ਵਿੱਚ ਪਰਤ ਆਉਂਦਾ ਹੈ। ਇਸ ਪੁਸਤਕ ਦਾ ਸਮੁੱਚਾ ਪਾਠ ‘ਅਜੀਤ’ ਦੀ ਸਰਬ ਵਿਆਪਕ ਅਤੇ ਭਵਿੱਖ ਵਰਤੀ ਪਹੁੰਚ ਨੂੰ ਉਜਾਗਰ ਕਰਦਾ ਹੈ। ਇਸ ਵਿਚੋਂ ਸਮਾਜ ਪ੍ਰਤੀ ‘ਅਜੀਤ’ ਦੀ ਭੂਮਿਕਾ ਉਭਰਦੀ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੁਸਤਕ ‘ਤਰਕਸ਼ੀਲਤਾ ਦਾ ਚਾਨਣ’ 2004 ਦੀਆਂ ਚੋਣਵੀਆਂ ਸੰਪਾਦਕੀਆਂ ਦੀ ਮਿਸ਼ਰਨ ਇਸ ਪੁਸਤਕ ਵਿਚ ਔਰਤ ਦੀ ਸਥਿਤੀ ਨੂੰ ਬਿਆਨ ਕੀਤਾ ਗਿਆ ਹੈ। ਇਹਦੇ ਲੇਖਾਂ ਵਿਚ ਪੁਰਸ਼ ਪ੍ਰਧਾਨ ਸਮਾਜ ਵੱਲੋਂ ਔਰਤਾਂ ਨੂੰ ਬਣਦਾ ਮਾਣ ਸਨਮਾਨ ਨਾ ਦੇਣ ਦੀ ਗੱਲ ਕੀਤੀ ਗਈ ਹੈ। ਪੁਸਤਕ ਵਿਚ ਛਪੇ ਸੰਪਾਦਕੀ ਲੇਖ ਕੇਵਲ ਵਰਤਮਾਨ ਦੀ ਗੱਲ ਨਹੀਂ ਕਰਦੇ ਸਗੋਂ ਅਤੀਤ ਅਤੇ ਭਵਿੱਖ ਦੀ ਵੀ ਵਿਆਖਿਆ ਕਰਦੇ ਹਨ। ਇਨ੍ਹਾਂ ਲੇਖਾਂ ਵਿਚੋਂ ਵਿਭਿੰਨ ਸਮੂਹਾਂ ਨੂੰ ਸੰਬੋਧਿਤ ਹੁੰਦਾ ਹੋਇਆ ਪੱਤਰਕਾਰੀ ਦਾ ਗਤੀਸ਼ੀਲ ਚਰਿੱਤਰ ਉਸਾਰਦਾ ਹੈ। ਰੋਜ਼ਾਨਾ ਪੰਜਾਬੀ ‘ਅਜੀਤ’ ਵਿਚ ਛਪੇ ਅਲੱਗ-ਅਲੱਗ ਸੰਪਾਦਕੀ ਲੇਖ ਅਨੇਕਾਂ ਸਮੱਸਿਆਵਾਂ ਦਾ ਸਮਾਧਾਨ ਸੁਲਝਾਉਂਦੇ ਹਨ ਅਤੇ ਮਾਨਵੀ ਸਰੋਕਾਰਾਂ ਦੇ ਵਿਕਾਸ ਦੀ ਪ੍ਰੋੜ੍ਹਤਾ ਕਰਦੇ ਹਨ। ਪੁਸਤਕ ਦੀ ਸ਼ੁਰੂਆਤ ਵਿਚ ਸਾਰਕ ਸੰਮੇਲਨ ’ਚ ਆਪਸੀ ਸਹਿਯੋਗ ਅਤੇ ਸਾਂਝ ਵਧਾਉਣ ’ਤੇ ਜ਼ੋਰ ਦਿੱਤਾ ਹੈ। ਭਾਰਤ-ਪਾਕਿ ਸੰਬੰਧਾਂ ਦੇ ਇਲਾਵਾ ਹੋਰਨਾਂ ਮੁਲਕਾਂ ਨਾਲ ਭਾਰਤ ਦਾ ਰਵੱਈਆ ਅਤੇ ਆਪਸੀ ਮਿਲਵਰਤਨ ਦੇ ਬਿਰਤਾਂਤ ਵੀ ਸੰਪਾਦਕੀ ਲੇਖਾਂ ਵਿਚ ਬਾਖੂਬੀ ਲਿਖੇ ਗਏ ਹਨ। ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੱਤਰਕਾਰੀ ਨੂੰ ਸਾਕਾਰ ਕਰਦੇ ਇਹ ਲੇਖ ਉਨ੍ਹਾਂ ਨੂੰ ਸਿਰਜਣਾਤਮਕ ਤੇ ਸੰਵੇਦਨਸ਼ੀਲ ਸੰਪਾਦਕ ਦਾ ਦਰਜਾ ਦਿੰਦੇ ਹਨ।

ਪੁਸਤਕ ‘ਦੋਸਤੀ ਦੇ ਗੀਤ’ ਵਿਚ ਡਾ. ਬਰਜਿੰਦਰ ਸਿੰਘ ਹਮਦਰਦ ਦੀ ਕਲਮ ’ਚੋਂ ਲਿਖੀਆਂ ਬਿਹਤਰੀਨ ਸੰਪਾਦਕੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਵਿਚ ਪੰਜਾਬੀ ਪੱਤਰਕਾਰੀ ਦੇ ਸਫ਼ਰ ਵਿਚ ‘ਅਜੀਤ’ ਵੱਲੋਂ ਕੀਤੇ ਗਏ ਬੌਧਿਕ ਵਿਕਾਸ ਦੀ ਝਲਕ ਸਾਫ਼ ਦਿਖਦੀ ਹੈ। ਸਾਹਿਤ ਸਿਰਜਣਾ ਦੀ ਲੋਅ ਅਤੇ ਵਿਵੇਕ ਦੇ ਕਲਾਤਕਮ ਪੱਖਾਂ ਨੂੰ ਇਸ ਤਰ੍ਹਾਂ ਪ੍ਰਸਤੁਤ ਕੀਤਾ ਗਿਆ ਹੈ ਤਦ ਹਮਦਰਦ ਦੀ ਪੱਤਰਕਾਰੀ, ਵਿਕਾਸ ਪੱਤਰਕਾਰੀ ਦੀਆਂ ਪਰਿਭਾਸ਼ਾਵਾਂ ’ਤੇ ਢੁੱਕਵੀਂ ਉਤਰਦੀ ਜਾਪਦੀ ਹੈ।

ਡਾ. ਹਮਦਰਦ ਦੀ ਕਲਮ ਵੇਦਨਾ ਤੋਂ ਸੰਵੇਦਨਾ ਦੀ ਯਾਤਰਾ ਕਰਦੀ ਹੋਈ ਸੰਵੇਦਨਸ਼ੀਲ ਮੁੱਦਿਆਂ ’ਤੇ ਆਪਣੀ ਗੱਲ ਸਹਿਜ ਹੀ ਕਹਿ ਜਾਂਦੀ ਹੈ। ਇਸ ਪੁਸਤਕ ਵਿਚ ਛਪੀਆਂ ਕਈ ਸੰਪਾਦਕੀਆਂ ‘ਅਜੀਤ’ ਅਖ਼ਬਾਰ

ਦੀ ਵਿਚਾਰਾਂ ਪ੍ਰਤੀ ਮਹਾਨ ਸੋਚ ਤੋਂ ਜਾਣੂ ਕਰਵਾਉਣ ਦੇ ਨਾਲ-ਨਾਲ 'ਅਜੀਤ' ਦੀ ਪਿੰਡਾਂ ਦੇ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਪੇਸ਼ ਕਰਦੀਆਂ ਹਨ। ਇਨ੍ਹਾਂ ਗੁਣਾਂ ਦੀ ਬਦੌਲਤ ਹੀ ਇਸ ਪੱਤਰਕਾਰੀ ਨੂੰ ਉਹ ਆਵਾਜ਼ ਕਿਹਾ ਗਿਆ ਹੈ ਜੋ ਮਨੁੱਖ ਦੀ ਹੋਣੀ ਨੂੰ ਬਦਲਣ ਦੀ ਸ਼ਕਤੀ ਰੱਖਦੀ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੱਤਰਕਾਰੀ ਨੇ ਹਮੇਸ਼ਾਂ ਸਥਾਪਤੀ ਦੇ ਉਸ ਚਰਿੱਤਰ ਨੂੰ ਚੁਣੌਤੀ ਦਿੱਤੀ ਹੈ ਜੋ ਆਪਣੇ ਮਿਸ਼ਨ ਅਤੇ ਮੂਲ ਧਰਮ ਨੂੰ ਭੁਲਾ ਬੈਠਦਾ ਹੈ। 'ਅਜੀਤ' ਅਖਬਾਰ ਅਜਿਹੀ ਚੁਣੌਤੀ ਦੀ ਜੀਵੰਤ ਮਿਸਾਲ ਹੈ। ਡਾ. ਹਮਦਰਦ ਨੇ ਆਪਣੀ ਸੰਪਾਦਕੀ 'ਰੋਜ਼ਾਨਾ ਪੰਜਾਬੀ ਪੱਤਰਾਂ ਦੀਆਂ ਸਮੱਸਿਆਵਾਂ' ਵਿਚ ਪੰਜਾਬੀ ਪੱਤਰਕਾਰੀ ਦੇ ਸੁਭਾਅ ਨੂੰ ਤਾਂ ਉਕਰਿਆ ਹੀ ਹੈ, ਨਾਲ ਨਾਲ ਇਸ ਦੇ ਦਿੱਸਹਦੇ ਵੀ ਪਰਿਭਾਸ਼ਿਤ ਕੀਤੇ ਹਨ। ਅਜਿਹੇ ਚਰਿੱਤਰ ਵਾਲੀ ਪੱਤਰਕਾਰੀ ਹੀ ਬੁਨਿਆਦੀ ਰੂਪ ਵਿਚ ਸੱਚੀ, ਸਾਰਥਿਕ ਅਤੇ ਕਲਿਆਣਕਾਰੀ ਕਹੀ ਜਾ ਸਕਦੀ ਹੈ।

ਪੰਜਾਬ ਦੇ ਸੰਤਾਪ ਭਰੇ ਦਿਨਾਂ ਵਿਚ ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੱਤਰਕਾਰੀ ਨੇ ਸਦਾ ਮਾਨਵੀ ਕਦਰਾਂ-ਕੀਮਤਾਂ ਦੇ ਕਤਲੇਆਮ ਦੇ ਖਿਲਾਫ਼ ਆਪਣੀ ਆਵਾਜ਼ ਬੁਲੰਦ ਰੱਖੀ ਅਤੇ ਅਣ-ਮਨੁੱਖੀ ਵਤੀਰੇ ਦੀ ਭਰਪੂਰ ਵਿਰੋਧਤਾ ਕੀਤੀ। ਅਜਿਹੀ ਪੱਤਰਕਾਰੀ ਹੀ ਸ਼ਬਦਾਂ ਦੇ ਮਾਧਿਅਮ ਨਾਲ ਸਮਾਜ ਨੂੰ ਦਿਸ਼ਾ ਦਿੰਦੀ ਹੈ।

ਇਸੇ ਪੁਸਤਕ ਵਿਚ ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੱਤਰਕਾਰੀ ਨੂੰ ਸੱਚ-ਮੁੱਚ ਦੀ ਪੱਤਰਕਾਰੀ ਮੰਨਦੇ ਹੋਏ ਪ੍ਰਸਿੱਧ ਖੇਤੀ ਵਿਗਿਆਨੀ ਡਾ. ਐਸ. ਐਸ. ਜੌਹਲ ਨੇ ਕਿਹਾ ਹੈ ਕਿ ਪੱਤਰਕਾਰੀ ਇੱਕ ਸ਼ੀਸ਼ੇ ਵਾਂਗ ਹੁੰਦੀ ਹੈ ਜੋ ਸਮਾਜ ਨੂੰ ਉਸ ਦਾ ਅਸਲੀ ਚਿਹਰਾ ਵਿਖਾਉਂਦੀ ਹੈ। ਇਨ੍ਹਾਂ ਦੀ ਉਸਾਰੂ ਸੋਚ ਪੱਤਰਕਾਰੀ ਦੀ ਨਵੀਂ ਸੋਚ ਦਾ ਪ੍ਰਗਟਾਵਾ ਕਰਦੀ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੁਸਤਕ 'ਮਿੱਟੀ ਦਾ ਮੋਹ' (2004) ਵਿਚ ਕਈ ਉੱਚ ਕੋਟੀ ਦੀਆਂ ਸੰਪਾਦਕੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਲਗਭਗ 84 ਦੇ ਕਰੀਬ ਚੋਣਵੀਆਂ ਸੰਪਾਦਕੀਆਂ ਦੇ ਸੁਮੇਲ ਨਾਲ ਜੜੀ ਇਹ ਪੁਸਤਕ ਪੂਰੀ ਤਰ੍ਹਾਂ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਪੱਤਰਕਾਰੀ ਨੂੰ ਸਮਰਪਿਤ ਹੈ। ਪਹਿਲੀ ਸੰਪਾਦਕੀ 'ਪ੍ਰਧਾਨ ਮੰਤਰੀ ਦੀ ਸੋਚ ਵਿਚ ਆਈ ਤਬਦੀਲੀ ਇਕ ਹਾਂ ਪੱਖੀ ਅਮਲ' ਹੈ। ਇਸ ਸੰਪਾਦਕੀ ਰਾਹੀਂ ਕਿਤੇ ਨਾ ਕਿਤੇ ਸੰਪਰਦਾਇਕਤਾ ਦੇ ਨਾਂ 'ਤੇ ਸੇਕੀਆਂ ਜਾਣ ਵਾਲੀਆਂ ਰੋਟੀਆਂ ਤੋਂ ਗੁਰੇਜ਼ ਕਰਨ ਦੀ ਪਹਿਲ ਦੀ ਸ਼ੁਰੂਆਤ ਕੀਤੀ ਗਈ ਹੈ। ਪ੍ਰਧਾਨ ਮੰਤਰੀ ਵੱਲੋਂ ਲਿਖੇ ਗਏ ਲੇਖ ਦੇ ਸੰਦਰਭ ਵਿਚ ਨੀਤੀਆਂ ਘੜ੍ਹਨ ਸਮੇਂ ਆਮ ਆਦਮੀ ਨੂੰ ਸਾਹਮਣੇ ਰੱਖਣ ਦੀ ਸਲਾਹ ਦਿੱਤੀ ਗਈ ਹੈ ਅਤੇ ਇਸ ਵਿਚ ਸਰਕਾਰੀ ਨੀਤੀਆਂ ਨੂੰ ਬਣਾਉਣ ਸਮੇਂ ਆਮ ਵਿਅਕਤੀ ਜਾਂ ਮਾਨਸ ਦੇ ਭਲੇ ਦੀ ਨੀਤੀ ਨੂੰ ਅਪਣਾਉਣ ਦੀ ਪ੍ਰੋੜ੍ਹਤਾ ਕੀਤੀ ਗਈ ਹੈ।

ਇਸ ਵਿਚ ਸ਼ਾਮਿਲ ਕੀਤਾ ਗਿਆ ਲੇਖ ਤਤਕਾਲਿਕ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਵਿਸ਼ੇਸ਼ ਤੌਰ 'ਤੇ 'ਅਜੀਤ' ਦੇ ਪਾਠਕਾਂ ਲਈ ਛਾਪਣ ਲਈ ਭੇਜਿਆ ਸੀ। ਇਸੇ ਲੇਖ ਤਹਿਤ 'ਅਜੀਤ' ਅਖਬਾਰ ਦੀ ਸੰਪਾਦਕੀ ਦੇ ਰਾਹੀਂ ਡਾ. ਬਰਜਿੰਦਰ ਸਿੰਘ ਹਮਦਰਦ ਨੇ ਪ੍ਰਧਾਨ ਮੰਤਰੀ ਦੇ ਵਿਚਾਰਾਂ ਬਾਰੇ ਆਪਣਾ ਪ੍ਰਤੀਕਰਮ ਪੇਸ਼

ਕੀਤਾ। ਪ੍ਰਧਾਨ ਮੰਤਰੀ ਦੀ ਗੱਲ ਦੀ ਵਕਾਲਤ ਕਰਦਿਆਂ ਡਾ. ਹਮਦਰਦ ਨੇ ਲਿਖਿਆਂ ਕਿ ਜੇਕਰ ਬੱਚੇ ਚੰਗੇ ਭੋਜਨ, ਚੰਗੀ ਸਿੱਖਿਆ ਅਤੇ ਚੰਗੀ ਦੇਖਭਾਲ ਤੋਂ ਵਾਂਝੇ ਰਹਿਣਗੇ ਤਾਂ ਇਸ ਨਾਲ ਜਿਹੜੀ ਹਾਨੀ ਹੋਵੇਗੀ ਉਹ ਸਾਰੇ ਰਾਸ਼ਟਰ ਅਤੇ ਭਾਰਤ ਦੇ ਸਮੁੱਚੇ ਵਿਕਾਸ ਵਿੱਚ ਗਤੀਰੋਧ ਵਜੋਂ ਖੜ੍ਹੀ ਹੋਵੇਗੀ। ਇਹ ਸੰਪਾਦਕੀ ਸਪੱਸ਼ਟ ਰੂਪ ਵਿਚ 'ਅਜੀਤ' ਅਖਬਾਰ ਦਾ ਵਿਕਾਸ ਪ੍ਰਤੀ ਰਵੱਈਆ ਉਭਾਰਦੀ ਹੈ।

'ਨਸ਼ਿਆਂ ਵਿਰੁੱਧ ਲੋਕ ਚੇਤਨਾ ਜਗਾਈ ਜਾਵੇ' ਵਿਚ ਪੰਜਾਬ ਦੇ ਮਹੌਲ ਤੇ ਪੰਜਾਬੀਆਂ ਵਿਚ ਵੱਧ ਰਹੀ ਨਸ਼ਾਖੋਰੀ ਦੀ ਆਦਤ ਦੇ ਖਾਤਮੇ ਵਾਸਤੇ ਲੋਕ ਚੇਤਨਾ ਦੀ ਅਲਖ ਜਗਾਉਣ ਦੀ ਗੱਲ ਕੀਤੀ ਗਈ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੁਸਤਕ 'ਤਰਕਸ਼ੀਲਤਾ ਦਾ ਚਾਨਣ' ਵਿਚ ਛਪੇ ਸੰਪਾਦਕੀ 'ਵਿਕਾਸ ਨੂੰ ਰੁਜ਼ਗਾਰ ਨਾਲ ਜੋੜਿਆ ਜਾਵੇ' ਵਿਚ ਸਰਕਾਰਾਂ ਨੂੰ ਰੁਜ਼ਗਾਰ ਸੰਸਥਾਨ ਮੁਹੱਈਆ ਕਰਵਾਉਣ ਦੀ ਸਲਾਹ ਦਿੱਤੀ ਹੈ। ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਦੇਸ਼ ਦੀ ਆਰਥਿਕਤਾ ਸੰਬੰਧੀ ਬਹੁਤ ਹੀ ਮਹੱਤਵਪੂਰਨ ਗੱਲਾਂ ਕਹੀਆਂ ਹਨ। ਜੋ ਸਰਕਾਰ ਦੀਆਂ ਨੀਤੀਆਂ ਵੱਲ ਵੀ ਅਤੇ ਸਰਕਾਰੀ ਝੁਕਾਅ ਵੱਲ ਵੀ ਇਸ਼ਾਰਾ ਕਰਦੀਆਂ ਹਨ। ਆਰਥਿਕ ਮੁਹਾਜ਼ ਇਕ ਅਜਿਹਾ ਖੇਤਰ ਹੈ, ਜਿਸ ਸੰਬੰਧੀ ਇਸ ਸਮੇਂ ਪਹਿਲ ਦੇ ਆਧਾਰ 'ਤੇ ਯੋਜਨਾਬੰਦੀ ਕੀਤੀ ਜਾਣੀ ਚਾਹੀਦੀ ਹੈ। ਇਸ ਵਿਚ ਕੁਝ ਨੁਕਤੇ ਬੜੇ ਮਹੱਤਵਪੂਰਨ ਹਨ। ਪਹਿਲਾ ਇਹ ਕਿ ਦੇਸ਼ ਦੀ ਸਮੁੱਚੀ ਵਿਕਾਸ ਦਰ ਨਿਰਧਾਰਿਤ ਨਿਸ਼ਾਨਿਆਂ 'ਤੇ ਖਰੀ ਉਤਰਨੀ ਚਾਹੀਦੀ ਹੈ। ਦੂਸਰਾ ਇਸ ਵਿਕਾਸ ਦਰ ਨੂੰ ਗਰੀਬ ਵਰਗ ਅਤੇ ਲੋੜਵੰਦ ਵਰਗ ਨਾਲ ਜੋੜਿਆ ਜਾਣਾ ਚਾਹੀਦਾ ਹੈ। ਤੀਸਰਾ ਇਸ ਨੂੰ ਆਧਾਰ ਬਣਾ ਕੇ ਵੱਧ ਤੋਂ ਵੱਧ ਰੁਜ਼ਗਾਰ ਪੈਦਾ ਕਰਨ ਦੀਆਂ ਸਬੀਲਾਂ ਬਣਾਉਣੀਆਂ ਅਤੇ ਸਿਰੇ ਚੜ੍ਹਾਈਆਂ ਜਾਣੀਆਂ ਚਾਹੀਦੀਆਂ ਹਨ। ਬਹੁਤੀਆਂ ਸਰਕਾਰੀ ਸੰਸਥਾਵਾਂ  ਚਿੱਟੇ ਹਾਥੀ ਬਣ ਕੇ ਰਹਿ ਗਈਆਂ ਹਨ ਅਤੇ ਇਹ ਵੱਡੇ ਘਾਟਿਆਂ ਵਿਚ ਚੱਲ ਰਹੀਆਂ ਹਨ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੁਸਤਕ 'ਤਰਕਸ਼ੀਲਤਾ ਦਾ ਚਾਨਣ' ਵਿਚ ਛਪੇ ਸੰਪਾਦਕੀ ਲੇਖ 'ਨੌਜਵਾਨ ਪੀੜ੍ਹੀ ਦਾ ਸੰਕਟ, ਵਿਚ ਦੱਸਿਆ ਗਿਆ ਹੈ ਕਿ ਪਿਛਲੇ ਦਿਨੀਂ ਦੁਬਈ ਵਿਚ ਫਸੇ ਨੌਜਵਾਨਾਂ ਬਾਰੇ ਇਕ ਖ਼ਬਰ 'ਅਜੀਤ' ਵਿਚ ਛਪੀ ਸੀ, ਜਿਸ ਵਿਚ ਦੱਸਿਆ ਗਿਆ ਸੀ ਕਿ ਸਾਡੇ ਦੇਸ਼ ਦੇ ਸੈਂਕੜੇ ਨੌਜਵਾਨ ਉਥੇ ਕੰਮ ਕਰਨ ਗਏ ਬੁਰੀ ਤਰ੍ਹਾਂ ਫਸ ਕੇ ਰਹਿ ਗਏ। ਸੰਬੰਧਿਤ ਕੰਪਨੀਆਂ ਵੱਲੋਂ ਉਨ੍ਹਾਂ ਨੂੰ ਨੌਕਰੀਓਂ ਹੀ ਜਵਾਬ ਦੇ ਦਿੱਤਾ ਗਿਆ ਅਤੇ ਲੰਮੇ ਸਮੇਂ ਤੱਕ ਉਨ੍ਹਾਂ ਦੀਆਂ ਤਨਖਾਹਾਂ ਨੂੰ ਵੀ ਰੋਕੀ ਰੱਖਿਆ ਗਿਆ। ਇਸ ਤੋਂ ਵੀ ਅੱਗੇ ਇਨ੍ਹਾਂ ਸੰਬੰਧਿਤ ਕੰਪਨੀਆਂ ਨੇ ਇਸ ਲਈ ਭਾਰਤ ਤੋਂ ਬੰਦੇ ਮੰਗਵਾਉਣੇ ਜਾਰੀ ਰੱਖੇ ਤਾਂ ਕਿ ਏਜੰਟਾਂ ਅਤੇ ਸੰਬੰਧਿਤ ਵਿਅਕਤੀਆਂ ਨੂੰ ਇਸ ਦਾ ਵੱਡਾ ਲਾਭ ਹੋ ਸਕੇ। ਹਾਲੇ ਵੀ ਇਹ ਨੌਜਵਾਨ ਤੰਗੀਆਂ-ਤੁਰਸ਼ੀਆਂ ਦੀ ਹਾਲਤ ਵਿਚ ਦੁਬਈ ਵਿਚ ਫਸੇ ਹੋਏ ਹਨ। ਪਿਛਲੇ ਸਮੇਂ ਵਿਚ ਅਜਿਹੀਆਂ ਅਨੇਕਾਂ ਹੀ ਖ਼ਬਰਾਂ ਮਿਲਦੀਆਂ ਰਹੀਆਂ ਹਨ, ਜਿਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ ਅੱਜ ਸਾਡੇ ਹਜ਼ਾਰਾਂ ਨੌਜਵਾਨ ਵਿਦੇਸ਼ਾਂ ਵਿਚ ਲੁਕ-ਛੁਪ ਕੇ ਕੰਮ ਕਰਨ ਲਈ ਮਜਬੂਰ ਹਨ। ਇਸ ਦਾ ਵੱਡਾ ਕਾਰਨ ਨੌਜਵਾਨਾਂ ਦੀ ਬਾਹਰਲੇ ਦੇਸ਼ਾਂ ਵਿਚ ਜਾਣ ਦੀ ਇੱਛਾ ਹੈ। ਚਾਹੇ ਉਥੇ ਜਾ ਕੇ ਉਹ ਗ਼ੈਰ-ਕਾਨੂੰਨੀ ਢੰਗ ਨਾਲ ਹੀ ਰਹਿਣ, ਵੱਧ ਤੋਂ ਵੱਧ ਮਿਹਨਤ-ਮੁਸ਼ੱਕਤ ਕਰਨ ਅਤੇ ਕੰਪਨੀਆਂ ਅਤੇ ਏਜੰਟਾਂ ਦੇ ਧੋਖਿਆਂ ਦਾ ਸ਼ਿਕਾਰ ਹੋਣ ਪਰ ਇਸ ਦੇ ਬਾਵਜੂਦ ਇਹ ਸਿਲਸਿਲਾ ਲਗਾਤਾਰ ਜਾਰੀ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੁਸਤਕ ਤਰਕਸ਼ੀਲਤਾ ਦਾ ਚਾਨਣ ਵਿਚ ਛਪੇ ਸੰਪਾਦਕੀ ਲੇਖ ਪਾਣੀਆਂ ਦਾ ਮਸਲਾ ਵਿਚ ਕਿਹਾ ਗਿਆ ਹੈ ਕਿ ਪੰਜਾਬ ਅਤੇ ਹਰਿਆਣਾ ਵਿਚਕਾਰ ਪਿਛਲੇ ਲੰਮੇ ਸਮੇਂ ਤੋਂ ਸਤਲੁਜ ਦੇ ਪਾਣੀਆਂ ਬਾਰੇ ਝਗੜਾ ਚੱਲ ਰਿਹਾ ਹੈ। ਜਿਥੇ ਹਰਿਆਣਾ ਆਪਣੇ ਬਹੁਤ ਸਾਰੇ ਇਲਾਕਿਆਂ ਦੇ ਕਿਸਾਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਤਲੁਜ ਦਾ ਪਾਣੀ ਚਾਹੁੰਦਾ ਹੈ, ਉਥੇ ਪੰਜਾਬ ਹਮੇਸ਼ਾ ਇਹ ਕਹਿੰਦਾ ਰਿਹਾ ਹੈ ਕਿ ਉਸ ਕੋਲ ਪਾਣੀ ਦੀ ਘਾਟ ਹੈ। ਪੰਜਾਬ ਦਾ ਪੱਖ ਇਹ ਵੀ ਰਿਹਾ ਹੈ ਕਿ ਦਰਿਆਵਾਂ ਨਾਲ ਲਗਦੇ ਰੀਪੇਰੀਅਨ ਰਾਜਾਂ ਦਾ ਪਾਣੀਆਂ ’ਤੇ ਅਧਿਕਾਰ ਹੁੰਦਾ ਹੈ। ਇਸ ਲਈ ਇਹ ਕਾਨੂੰਨ ਹੀ ਪੰਜਾਬ ’ਤੇ ਲਾਗੂ ਕੀਤਾ ਜਾਣਾ ਚਾਹੀਦਾ ਹੈ। ਬਿਨਾਂ ਸ਼ੱਕ ਪੰਜਾਬ ਦੇ ਪੁਨਰਗਠਨ ਤੋਂ ਲੈ ਕੇ ਇਸ ਮਸਲੇ ’ਤੇ ਹੋਈ ਕਸ਼ਮਕਸ਼ ਵਿਚ ਪੰਜਾਬ ਆਪਣਾ ਕੇਸ ਅਧੂਰੇ ਢੰਗ ਨਾਲ ਹੀ ਪੇਸ਼ ਕਰ ਸਕਿਆ ਹੈ। ਪੰਜਾਬ ਦੀਆਂ ਵੱਖ-ਵੱਖ ਸਮੇਂ ਦੀਆਂ ਸਰਕਾਰਾਂ ਆਪਣਾ ਕੇਸ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਨਹੀਂ ਕਰ ਸਕੀਆਂ। ਇਹ ਮਸਲਾ ਕਾਫੀ ਲੰਮੇ ਸਮੇਂ ਤੋਂ ਬਹੁਤ ਭਾਵੁਕ ਅਤੇ ਨਾਜ਼ੁਕ ਪੱਧਰ ਦਾ ਬਣਿਆ ਰਿਹਾ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੁਸਤਕ ‘ਵਿਰਸੇ ਦਾ ਗੌਰਵ’ ਵਿਚ ਛਪੇ ਸੰਪਾਦਕੀ ਲੇਖ ‘ਗੰਭੀਰ ਸਥਿਤੀ’ ਵਿਚ ਇਕ ਗੰਭੀਰ ਮਸਲੇ ’ਤੇ ਵਿਚਾਰ ਕਰਦਿਆਂ ਕਿਹਾ ਗਿਆ ਹੈ ਕਿ ਰਾਖਵੇਂਕਰਨ ਸਬੰਧੀ ਅੰਦੋਲਨ ਫੈਲਦਾ ਹੀ ਜਾ ਰਿਹਾ ਹੈ। ਜਦੋਂ ਸਰਕਾਰ ਨੇ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਪੂਰੀ ਤਰ੍ਹਾਂ ਮੰਨ ਲੈਣ ਦਾ ਐਲਾਨ ਕੀਤਾ ਸੀ, ਜਿਸ ਅਨੁਸਾਰ 27 ਪ੍ਰਤੀਸ਼ਤ ਅਤੇ 22 ਪ੍ਰਤੀਸ਼ਤ ਸਮਾਜਿਕ ਤੇ ਵਿਦਿਅਕ ਤੌਰ ’ਤੇ ਪਛੜੀਆਂ ਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਲਈ ਕ੍ਰਮਵਾਰ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਸਨ ਤਾਂ ਇਹ ਅੰਦਾਜ਼ਾ ਕੀਤਾ ਜਾਂਦਾ ਸੀ ਕਿ ਇਸ ਐਲਾਨ ਨਾਲ ਬੇਚੈਨੀ ਫੈਲੇਗੀ ਅਤੇ ਕੁਝ ਵਰਗਾਂ ਵੱਲੋਂ ਸਰਕਾਰ ਦੀ ਆਲੋਚਨਾ ਵੀ ਹੋਵੇਗੀ ਪਰ ਇਹ ਅੰਦੋਲਨ ਦਿੱਲੀ ਜਾਂ ਕਿਸੇ ਖਾਸ ਖਿੱਤੇ ਤੱਕ ਹੀ ਸੀਮਤ ਨਹੀਂ ਰਿਹਾ, ਇਸ ਨੇ ਆਪਣੇ ਕਲਾਵੇ ਵਿਚ ਸਮੁੱਚੇ ਉੱਤਰੀ ਭਾਰਤ ਨੂੰ ਲੈ ਲਿਆ ਹੈ। ਸਭ ਤੋਂ ਪਹਿਲਾਂ ਬਿਹਾਰ ਵਿਚ ਬੇਚੈਨੀ ਫੈਲੀ, ਉੜੀਸਾ ਅਤੇ ਮੱਧ ਪ੍ਰਦੇਸ਼ ਵਿਚ ਵਿਦਿਆਰਥੀ ਵਰਗ ਭੜਕ ਉੱਠਿਆ। ਦਿੱਲੀ ਵਿਚ ਵੱਡੀ ਪੱਧਰ ’ਤੇ ਗੜਬੜ ਫੈਲੀ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ, ਪੰਜਾਬ ਅਤੇ ਜੰਮੂ ਆਦਿ ਵਿਚ ਵੀ ਇਹ ਪੂਰੀ ਤਰ੍ਹਾਂ ਛਾ ਗਿਆ ਲਗਦਾ ਹੈ। ਲਗਭਗ ਇਕ ਹਫ਼ਤੇ ਤੋਂ ਮੁਜ਼ਾਹਰੇ ਕੀਤੇ ਜਾ ਰਹੇ ਹਨ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੁਸਤਕ ‘ਵਿਰਸੇ ਦਾ ਗੌਰਵ’ ਵਿਚ ਛਪੇ ਸੰਪਾਦਕੀ ‘ਪ੍ਰੈਸ ਦੀ ਆਜ਼ਾਦੀ’ ਵਿਚ ਇਕ ਗੰਭੀਰ ਮਸਲੇ ’ਤੇ ਵਿਚਾਰ-ਚਰਚਾ ਕਰਦਿਆਂ ਕਿਹਾ ਕਿ ਪ੍ਰੈਸ ਦੀ ਆਜ਼ਾਦੀ ਨੂੰ ਕੁਚਲਣ ਸਬੰਧੀ ਆਮ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਅਖ਼ਬਾਰ ਦਾ ਲੋਕਾਂ ਨਾਲ ਸਿੱਧਾ ਸਬੰਧ ਹੁੰਦਾ ਹੈ। ਇਸ ਨੇ ਨਿੱਤ ਦਿਨ ਸਮਾਜ ਵਿਚ ਘਟ ਰਹੀਆਂ ਘਟਨਾਵਾਂ ਸਬੰਧੀ ਖ਼ਬਰਾਂ ਛਾਪਣੀਆਂ ਹੁੰਦੀਆਂ ਹਨ ਅਤੇ ਆਪਣਾ ਪ੍ਰਤੀਕਰਮ ਵੀ ਪ੍ਰਗਟ ਕਰਨਾ ਹੁੰਦਾ ਹੈ। ਕਈ ਵਾਰ ਸਮੇਂ ਦੀ ਸਰਕਾਰ ਨੂੰ, ਅਫ਼ਸਰਸ਼ਾਹੀ ਨੂੰ ਜਾਂ ਕਿਸੇ ਵਰਗ ਵਿਸ਼ੇਸ਼ ਨੂੰ ਅਜਿਹੀਆਂ ਖ਼ਬਰਾਂ ਨਾਗਵਾਰ ਗੁਜ਼ਰਦੀਆਂ ਹਨ। ਇਸ ਲਈ ਉਹ ਆਪਣੇ ਢੰਗ-ਤਰੀਕੇ ਨਾਲ ਸਬੰਧਤ ਅਖ਼ਬਾਰ ਦੇ ਅਦਾਰੇ ਤੋਂ ਬਦਲਾ ਲੈਣ ਦੀ ਸੋਚਦੇ ਹਨ। ਕਈ ਵਾਰ ਤਾਂ ਅਜਿਹੀਆਂ ਘਟਨਾਵਾਂ ਸਾਹਮਣੇ ਆ ਜਾਂਦੀਆਂ ਹਨ ਅਤੇ ਉਨ੍ਹਾਂ ਸਬੰਧੀ ਚਰਚਾ ਵੀ ਚੱਲਦੀ ਹੈ ਪਰ ਅਨੇਕਾਂ ਵਾਰ ਸਮਾਜ ਵੱਲੋਂ ਇਨ੍ਹਾਂ ਘਟਨਾਵਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਉਸ ਸੂਰਤ ਵਿਚ ਅਖ਼ਬਾਰ ਦੀ ਆਵਾਜ਼ ਦੱਬ ਕੇ ਰਹਿ ਜਾਂਦੀ ਹੈ।

ਫਿਲਹਾਲ ਤਾਂ ਗੱਲ ਇਸ ਦਿਸ਼ਾ ਵਿਚ ਮੁੜਦੀ ਨਜ਼ਰ ਨਹੀਂ ਆਉਂਦੀ। ਇਸ ਨੂੰ ਭਾਂਪਦਿਆਂ ਨਿਰਾਸ਼ਾ ਹੀ ਪੈਦਾ ਹੁੰਦੀ ਹੈ। ਪਰ ਹਰ ਸੂਰਤ ਵਿਚ ਪ੍ਰੈਸ ਦੀ ਆਜ਼ਾਦੀ ਨੂੰ ਹਰ ਪੱਖੋਂ ਬਹਾਲ ਰੱਖਣਾ ਹੀ ਹੋਵੇਗਾ, ਇਸੇ ਵਿਚ ਹੀ ਸਮਾਜ ਦੀ ਬਿਹਤਰੀ ਮੰਨੀ ਜਾਣੀ ਚਾਹੀਦੀ ਹੈ ਅਤੇ ਇਸੇ ਵਿਚ ਹੀ ਉਸ ਦੀ ਪ੍ਰਫੁੱਲਤਾ ਦਿਖਾਈ ਦਿੰਦੀ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੁਸਤਕ ‘ਮਿੱਟੀ ਦਾ ਮੋਹ’ ਵਿਚ ਛਪਿਆ ਸੰਪਾਦਕੀ ਲੇਖ 2001 ਨਸ਼ਿਆਂ ਵਿਰੁੱਧ ਲੋਕ-ਚੇਤਨਾ ਜਗਾਈ ਜਾਵੇ ਵਿਚ ਲੇਖਕ ਨੇ ਨਸ਼ਿਆਂ ਦੀ ਵਧ ਰਹੀ ਗੰਭੀਰ ਸਮੱਸਿਆ ਬਾਰੇ ਚਿੰਤਾ ਜਤਾਈ ਹੈ। ਨਸ਼ਿਆਂ ਦੀ ਸਮੱਸਿਆ ਦਾ ਜ਼ਿਕਰ ਕਰਦੇ ਲੇਖਕ ਨੇ ਕਿਹਾ ਹੈ ਕਿ ਭਾਰਤ ਵਿਚ ਵੀ ਨਸ਼ਿਆਂ ਦਾ ਸੇਵਨ ਵੱਡੀ ਪੱਧਰ ’ਤੇ ਕੀਤਾ ਜਾਂਦਾ ਹੈ। ਇਸ ਕਾਰਨ ਸਾਡਾ ਸਮਾਜ ਜਰਜਰਾ ਹੋ ਕੇ ਰਹਿ ਗਿਆ ਹੈ। ਅੱਜ ਸਾਡੀ ਨੌਜਵਾਨ ਪੀੜ੍ਹੀ ਵੱਡੀ ਪੱਧਰ ’ਤੇ ਅਜਿਹੀਆਂ ਦਵਾਈਆਂ ਦਾ ਸੇਵਨ ਕਰ ਰਹੀ ਹੈ, ਜੋ ਸਿਹਤ ਲਈ ਹਾਨੀਕਾਰਕ ਹੁੰਦੀਆਂ ਹਨ। ਬਹੁਤ ਸਾਰੇ ਅਜਿਹੇ ਟੀਕੇ ਮਿਲ ਰਹੇ ਹਨ ਜੋ ਜਵਾਨੀ ਨੂੰ ਖਾ ਰਹੇ ਹਨ। ਜਨਤਕ ਥਾਵਾਂ ’ਤੇ ਸਿਗਰਟਨੋਸ਼ੀ ਅਤੇ ਤੰਬਾਕੂ ਦਾ ਸੇਵਨ ਹੁਣ ਆਮ ਜਿਹੀ ਗੱਲ ਬਣ ਗਿਆ ਹੈ।

ਵਰਤਮਾਨ ਸਮੇਂ ’ਚ ਅਜਿਹਾ ਮਹੌਲ ਤਿਆਰ ਕਰਨ ਦੀ ਲੋੜ ਹੈ, ਜਿਸ ਵਿਚ ਕਿਸੇ ਤਰ੍ਹਾਂ ਦੇ ਨਸ਼ਿਆਂ ਦੇ ਸੇਵਕ ਨੂੰ ਸਮਾਜਿਕ ਮਾਨਤਾ ਨਾ ਮਿਲੇ। ਇਸ ਲਈ ਜਿਥੇ ਸਰਕਾਰੀ ਤੌਰ ’ਤੇ ਕਾਨੂੰਨ ਬਣਾਉਣ ਦੀ ਲੋੜ ਹੈ, ਉਥੇ ਇਸ ਨੂੰ ਜਨਤਕ ਮੁਹਿੰਮ ਬਣਾਉਣ ਦੀ ਵੀ ਜ਼ਰੂਰਤ ਹੈ। ਇਸੇ ਤਰ੍ਹਾਂ ਕਰਕੇ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਤੰਦਰੁਸਤ ਸਮਾਜ ਸਿਰਜ ਸਕਾਂਗੇ। ਇਸ ਸਮੇਂ ਜ਼ਰੂਰਤ ਇਸ ਸਬੰਧੀ ਲੋਕ ਚੇਤਨਾ ਜਗਾਉਣ ਦੀ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਇਸ ਪੁਸਤਕ ‘ਮਿੱਟੀ ਦਾ ਮੋਹ’ ਵਿਚ ਛਪੇ ਸੰਪਾਦਕੀ ਲੇਖ 2001, ‘ਵਧਦੇ ਪ੍ਰਦੂਸ਼ਣ ਸੰਬੰਧੀ ਸਾਰੀਆਂ ਧਿਰਾਂ ਚੇਤੰਨ ਹੋਣ’ ਵਿਚ ਲੇਖਕ ਨੇ ਪ੍ਰਦੂਸ਼ਣ ਸੰਬੰਧੀ ਮਸਲੇ ’ਤੇ ਸਭ ਨੂੰ ਰਲ ਹੰਭਲਾ ਮਾਰਨ ਦੀ ਲੋੜ ’ਤੇ ਚਾਨਣਾ ਪਾਇਆ ਹੈ। ਉਨ੍ਹਾਂ ਆਖਿਆ ਅੱਜ ਪੰਜਾਬ ਦੇ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿਚ ਦੇਖ ਰਹੇ ਹਾਂ, ਉਹ ਬਹੁਤ ਹੀ ਨਿਰਾਸ਼ਾਜਨਕ ਹੈ। ਕਿਸੇ ਵੀ ਸ਼ਹਿਰ ਚਲੇ ਜਾਉ, ਹਰ ਪਾਸੇ ਕੂੜੇ-ਕਰਕਟ ਅਤੇ ਗੰਦ ਦੇ ਵੱਡੇ-ਵੱਡੇ ਢੇਰ ਦਿਖਾਈ ਦਿੰਦੇ ਹਨ। ਪ੍ਰਦੂਸ਼ਣ ਇਸ ਹੱਦ ਤੱਕ ਫੈਲਿਆ ਦਿਖਾਈ ਦਿੰਦਾ ਹੈ ਕਿ ਹੈਰਾਨੀ ਹੁੰਦੀ ਹੈ ਕਿ ਅਜਿਹੇ ਵਾਤਾਵਰਨ ਵਿਚ ਲੋਕ ਸਾਹ ਕਿਵੇਂ ਲੈਂਦੇ ਹਨ। ਜੋ ਸਾਹ ਲੈ ਰਹੇ ਹਨ ਤਾਂ ਉਹ ਜੀਅ ਕਿਵੇਂ ਰਹੇ ਹਨ ? ਇਹੀ ਕਾਰਨ ਹੈ ਕਿ ਥਾਂ ਪੁਰ ਥਾਂ ਅਨੇਕਾਂ ਤਰ੍ਹਾਂ ਦੀਆਂ ਬਿਮਾਰੀਆਂ ਫੈਲਦੀਆਂ ਹਨ, ਜੋ ਜ਼ਿਆਦਾ ਪ੍ਰਦੂਸ਼ਣ ਕਰਕੇ, ਗੰਦਾ ਪਾਣੀ ਪੀਣ ਕਰਕੇ ਅਤੇ ਖਾਣ-ਪੀਣ ਦੀਆਂ ਗੰਦੀਆਂ ਚੀਜ਼ਾਂ ਦੇ ਸੇਵਨ ਨਾਲ ਹੁੰਦੀਆਂ ਹਨ।

ਸਮੁੱਚੇ ਵਾਤਾਵਰਨ ਨੂੰ ਪ੍ਰਦੂਸ਼ਣ ਮੁੱਦਾ ਬਣਾਉਣ ਲਈ ਸਭ ਤੋਂ ਪਹਿਲਾਂ ਚੇਤਨਾ ਦੀ ਜ਼ਰੂਰਤ ਹੈ। ਉਸ ਤੋਂ ਬਾਅਦ ਸਾਧਨਾਂ ਦੀ ਲੋੜ ਹੈ ਅਤੇ ਇਸ ਸਬੰਧੀ ਉਲੀਕੀਆਂ ਯੋਜਨਾਵਾਂ ’ਤੇ ਅਮਲ ਕਰਵਾਉਣ ਦੀ ਇੱਛਾ ਸ਼ਕਤੀ ਦੀ ਲੋੜ ਹੈ। ਜੇਕਰ ਸਾਰੀਆਂ ਗੱਲਾਂ ਨਦਾਰਦ ਹੋਣਗੀਆਂ ਤਾਂ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਹੋਣਾ ਸਗੋਂ ਇਸ ਨੇ ਹੋਰ ਵੀ ਵਧਦੇ ਜਾਣਾ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਇਸੇ ਪੁਸਤਕ 'ਮਿੱਟੀ ਦਾ ਮੋਹ' ਵਿਚ ਛਪਿਆ ਸੰਪਾਦਕੀ 'ਵਿਗਿਆਨ ਦੀ ਵਰਤੋਂ ਉਸਾਰੂ ਕੰਮਾਂ ਲਈ ਹੋਵੇ' ਵਿਚ ਵਿਗਿਆਨ ਦਾ ਵਿਕਾਸ ਤੇ ਮਨੁੱਖਤਾ ਦੇ ਵਾਧੇ ਵਾਸਤੇ ਕੀਤੇ ਜਾਣ ਦੀ ਪ੍ਰੋੜਤਾ ਕੀਤੀ ਹੈ। ਉਨ੍ਹਾਂ ਕਿਹਾ ਕਿ ਚਾਹੇ ਅਸੀਂ ਗੱਡੇ ਦੇ ਯੁੱਗ ਤੋਂ ਨਿਕਲ ਆਏ ਹਾਂ ਪਰ ਹਰ ਖੇਤਰ ਵਿਚ ਹਾਲੇ ਵੀ ਲੰਮੀਆਂ ਪੁਲਾਂਘਾਂ ਪੁੱਟਣ ਦੀ ਜ਼ਰੂਰਤ ਹੈ। ਦੇਸ਼ ਵਿਚ ਵੱਡੀ ਪੱਧਰ 'ਤੇ ਅਨਪੜ੍ਹਤਾ ਅਤੇ ਗੁਰਬਤ ਦਾ ਰਾਜ ਹੈ। ਜ਼ਿੰਦਗੀ ਹਾਲੇ ਵੀ ਪੁਰਾਣੇ ਰਾਹ ਉਤੇ ਚਲਦੀ ਦਿਖਾਈ ਦੇ ਰਹੀ ਹੈ। ਸਮਾਜ ਦੇ ਬਹੁਤੇ ਹਿੱਸੇ ਦੀ ਸੋਚ ਹਾਲੇ ਵੀ ਜੰਗਾਲੀ ਹੋਈ ਹੈ ਪਰ ਇਸ ਦੇ ਨਾਲ-ਨਾਲ ਭਾਰਤ ਨੇ ਵਿਗਿਆਨ ਅਤੇ ਕੰਪਿਊਟਰ ਦੇ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ, ਜਿਨ੍ਹਾਂ ਤੋਂ ਵੱਡੀਆਂ ਆਸਾਂ ਬੱਝਣੀਆਂ ਸ਼ੁਰੂ ਹੋਈਆਂ ਹਨ।

'ਮਿੱਟੀ ਦਾ ਮੋਹ' ਵਿਚ ਹੀ ਛਪਿਆ ਸੰਪਾਦਕੀ ਲੇਖ 2001, 'ਮਰਦਮਸ਼ੁਮਾਰੀ ਦੇ ਅੰਕੜੇ ਪਿੱਛੇ ਵੱਲ ਜਾ ਰਿਹਾ ਹੈ ਪੰਜਾਬ' ਵਿਚ ਪੰਜਾਬ ਦੇ ਵਿਚ ਵਧ ਰਹੇ ਅਸੰਤੁਲਨ ਦੀ ਗੱਲ ਕਰਦਿਆਂ ਕਿਹਾ ਹੈ ਕਿ ਕਿਸੇ ਸੂਬੇ ਦੀ ਖੁਸ਼ਹਾਲੀ ਦਾ ਅੰਦਾਜ਼ਾ ਉਸ ਦੇ ਲੋਕਾਂ ਅੰਦਰ ਵਿੱਦਿਆ ਦੇ ਪ੍ਰਸਾਰ ਅਤੇ ਬੇਰੁਜ਼ਗਾਰੀ ਦੀ ਘਟ ਦਰ ਤੋਂ ਲਗਾਇਆ ਜਾ ਸਕਦਾ ਹੈ। ਪਿਛਲੇ ਸਮੇਂ ਦੌਰਾਨ ਪੰਜਾਬ ਵਿਚ ਵਿਦਿਆ ਦਾ ਪ੍ਰਸਾਰ ਇਸ ਹੱਦ ਤੱਕ ਨਹੀਂ ਹੋਇਆ ਕਿ ਉਸ 'ਤੇ ਕਿਸੇ ਤਰ੍ਹਾਂ ਦਾ ਮਾਣ ਕੀਤਾ ਜਾ ਸਕੇ ਜਾਂ ਇਸ ਨੂੰ ਉਦਾਹਰਨ ਦੇ ਤੌਰ 'ਤੇ ਦੂਜਿਆਂ ਅੱਗੇ ਪੇਸ਼ ਕੀਤਾ ਜਾਵੇ। ਪੰਜਾਬ ਦੀ ਸਾਖ਼ਰਤਾ ਦੀ ਦਰ 69.25 ਫ਼ੀਸਦੀ ਹੈ, ਜਦੋਂ ਕਿ ਦੇਸ਼ ਭਰ ਵਿਚ ਇਹ ਦਰ 65.38 ਫ਼ੀਸਦੀ ਹੈ। ਪੰਜਾਬ ਦੇ ਮੁਕਾਬਲੇ ਕੇਰਲ ਅਤੇ ਮਿਜ਼ੋਰਮ ਸੂਬੇ ਦੀ ਦਰ ਪੰਜਾਬ ਨਾਲੋਂ ਕਿਤੇ ਵਧੇਰੇ ਹੈ। ਪੰਜਾਬ ਵਿਚ ਪਿਛਲੇ ਦਹਾਕਿਆਂ ਦੌਰਾਨ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਗਿਣਤੀ ਹੋਰ ਵੀ ਘਟੀ ਹੈ। ਦਸ ਸਾਲ ਪਹਿਲਾਂ ਹਜ਼ਾਰ ਮਰਦਾਂ ਪਿੱਛੇ ਔਰਤਾਂ ਦੀ ਸੰਖਿਆ ਦੀ ਗਿਣਤੀ 882 ਸੀ ਅਤੇ ਇਸ ਦਹਾਕੇ 'ਚ ਇਹ ਘਟ ਕੇ 874 ਰਹਿ ਗਈ ਹੈ। ਇਸ ਤੋਂ ਵੀ ਪੰਜਾਬੀਆਂ ਦੀ ਮਾਨਸਿਕਤਾ 'ਚ ਆਏ ਮੰਦਭਾਗੇ ਬਦਲਾਅ ਦਾ ਪਤਾ ਲਗਦਾ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਪੁਸਤਕ 'ਦੋਸਤੀ ਦੇ ਗੀਤ' ਵਿਚ ਲਿਖੇ ਗਏ ਸੰਪਾਦਕੀ 'ਵਾਤਾਵਰਨ ਦੀ ਸੰਭਾਲ ਲਈ ਗੰਭੀਰ ਯੋਜਨਾਬੰਦੀ ਦੀ ਲੋੜ' ਵਿਚ ਲੇਖਕ ਵੱਲੋਂ ਵਾਤਾਵਰਨ ਦੀ ਸੰਭਾਲ 'ਤੇ ਉਚੇਚਾ ਜ਼ੋਰ ਦੇਣ ਦਾ ਸੰਦੇਸ਼ ਦਿੱਤਾ ਹੈ। ਦੁਨੀਆ ਦੇ ਵਾਤਾਵਰਨ ਨੂੰ ਸ਼ੁੱਧ ਬਣਾਉਣ ਦੀ ਅੱਜ ਵੱਡੀ ਜ਼ਰੂਰਤ ਹੈ। ਸਨਅਤੀ ਖੇਤਰ ਨੇ ਜਿਥੇ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਕੀਤਾ ਹੈ, ਉਥੇ ਇਸ ਨਾਲ ਵਾਤਾਵਰਨ ਵੀ ਦੂਸ਼ਿਤ ਹੋਇਆ ਹੈ।

ਬਿਨਾਂ ਸ਼ੱਕ ਦੂਸ਼ਿਤ ਵਾਤਾਵਰਨ ਕਰਕੇ ਆਮ ਲੋਕ ਨਰਕੀ ਜੀਵਨ ਜਿਊਣ ਲਈ ਮਜਬੂਰ ਹਨ। ਵਾਤਾਵਰਨ ਧਰਤੀ 'ਤੇ ਬੇਹੱਦ ਗੰਦ ਖਿਲਰਨ ਨਾਲ, ਹਵਾ ਵਿਚ ਧੂੰਆਂ ਅਤੇ ਮਿੱਟੀ ਆ ਜਾਣ ਨਾਲ ਅਤੇ ਪਾਣੀ ਦੇ ਦੂਸ਼ਿਤ ਹੋਣ ਨਾਲ ਖਰਾਬ ਹੁੰਦਾ ਹੈ। ਅੱਜ ਵਧੇਰੇ ਕਰਕੇ ਸਨਅਤੀਕਰਨ ਨਾਲ ਸਾਡੀਆਂ ਨਦੀਆਂ ਅਤੇ ਦਰਿਆ ਬਹੁਤ ਹੀ ਦੂਸ਼ਿਤ ਹੋਏ ਲਗਦੇ ਹਨ। ਵਾਤਾਵਰਨ ਨੂੰ ਸਾਫ਼-ਸੁਥਰਾ ਅਤੇ ਸੰਤੁਲਤ ਰੱਖਣ ਲਈ ਧਰਤੀ 'ਤੇ ਦਰੱਖਤਾਂ ਦੀ ਬਹੁਤ ਜ਼ਰੂਰਤ ਹੈ। ਉੱਨਤ ਦੇਸ਼ਾਂ ਨੇ ਆਪਣੀ ਵੱਧ ਤੋਂ ਵੱਧ ਧਰਤੀ 'ਤੇ ਜੰਗਲ ਲਗਾਉਣ ਦੇ ਯਤਨ ਕੀਤੇ ਹਨ ਤਾਂ ਜੋ ਕੁਦਰਤੀ ਅਤੇ ਸ਼ੁੱਧ ਵਾਤਾਵਰਨ ਬਣਾਇਆ ਜਾ ਸਕੇ ਪਰ ਭਾਰਤ ਅਨੇਕਾਂ ਕਾਰਨਾਂ ਕਰਕੇ ਆਪਣੇ ਜੰਗਲਾਂ ਦੀ ਰਾਖੀ ਕਰਨ ਤੋਂ ਬਹੁਤ ਅਸਮਰੱਥ ਰਿਹਾਹੈ, ਜਿਸ ਨੇ ਵਾਤਾਵਰਨ ਨੂੰ ਦੂਸ਼ਿਤ ਕਰਨ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਦੀ ਇਸੇ ਪੁਸਤਕ 'ਦੋਸਤੀ ਦੇ ਗੀਤ' ਵਿਚ ਲਿਖੇ ਗਏ ਸੰਪਾਦਕੀ 'ਵਧਦੀ ਆਬਾਦੀ ਦਾ ਮਸਲਾ ਸੁਹਿਰਦ ਯਤਨਾਂ ਦੀ ਲੋੜ' ਵਿਚ ਸ਼ਹਿਰੀ ਤੇ ਪਿੰਡਾਂ ਦੇ ਖੇਤਰਾਂ ਵਿਚ ਨਿਰੰਤਰ ਹੋ ਰਹੇ ਆਬਾਦੀ ਦੇ ਵਿਸਫੋਟ 'ਤੇ ਗੰਭੀਰ ਚਿੰਤਾ ਦਰਜ ਕਰਵਾਈ ਹੈ। ਵਰਤਮਾਨ ਸਮੇਂ ਵਿਚ ਭਾਰਤ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਵਧਦੀ ਹੋਈ ਆਬਾਦੀ ਹੈ। ਜੇ ਵਿੱਦਿਆ ਦੇ ਖੇਤਰ ਵਿਚ ਕੋਈ ਸੁਧਾਰ ਕੀਤਾ ਜਾਂਦਾ ਹੈ ਤਾਂ ਬੇਰੁਜ਼ਗਾਰਾਂ ਦੀ ਫ਼ੌਜ ਵਧਣ ਲੱਗ ਜਾਂਦੀ ਹੈ। ਨਿਰੰਤਰ ਵਧਦੀ ਆਬਾਦੀ ਦੇ ਹਿਸਾਬ ਨਾਲ ਸਾਰੇ ਨਾਗਰਿਕਾਂ ਤੱਕ ਵਿੱਦਿਆ ਨਾ ਪਹੁੰਚਣ ਕਾਰਨ ਅਨਪੜ੍ਹਤਾ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਜੇ ਸਿਹਤ ਸਹੂਲਤਾਂ ਵਿਚ ਕੁਝ ਸੁਧਾਰ ਹੁੰਦਾ ਹੈ ਤਾਂ ਇਹ ਸੁਧਾਰ ਵਧਦੀਆਂ ਭੀੜਾਂ ਵਿਚ ਹੀ ਗੁਆਚ ਕੇ ਰਹਿ ਜਾਂਦਾ ਹੈ। ਇਸ ਸੂਰਤ ਵਿਚ ਬੇਵਸੀ ਵਾਲੀ ਹਾਲਤ ਬਣ ਜਾਂਦੀ ਹੈ। ਅੱਜ ਸਾਡਾ ਸਮਾਜ ਅਤੇ ਸਰਕਾਰਾਂ ਅਜਿਹੀ ਹੀ ਬੇਵਸੀ ਦੀ ਹਾਲਤ ਵਿਚੋਂ ਗੁਜ਼ਰਦੀਆਂ ਨਜ਼ਰ ਆਉਂਦੀਆਂ ਹਨ।

'ਦੋਸਤੀ ਦੇ ਗੀਤ' ਵਿਚ ਹੀ ਲਿਖੇ ਸੰਪਾਦਕੀ 'ਵਿਕਾਸਮੁਖੀ ਨੀਤੀਆਂ ਦੀ ਲੋੜ' ਵਿਚ ਹਮਦਰਦ ਹੋਰਾਂ ਵਿਕਾਸ ਦੇ ਵਿਚ ਸਹਾਇਕ ਵਿਕਾਸਮੁਖੀ ਨੀਤੀਆਂ ਨੂੰ ਅਪਣਾਉਣ ਲਈ ਜ਼ੋਰ ਦਿੱਤਾ ਹੈ। ਉਹ ਲਿਖਦਾ ਹੈ ਕਿ ਅੱਜ ਇਸ ਅਸਲੀਅਤ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਸੰਚਾਰ ਸਾਧਨਾਂ ਦੇ ਬੇਹੱਦ ਵਿਕਸਿਤ ਹੋ ਜਾਣ ਨਾਲ ਸਮੁੱਚੀ ਦੁਨੀਆ ਬੜੀ ਹੀ ਸੁੰਗੜ ਗਈ ਜਾਪਦੀ ਹੈ। ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਜੋ ਕੁਝ ਵੀ ਮਹੱਤਵਪੂਰਨ ਵਾਪਰਦਾ ਹੈ, ਉਸ ਦਾ ਅਸਰ ਝਟਪਟ ਹੀ ਹਰ ਥਾਂ 'ਤੇ ਮਹਿਸੂਸ ਕੀਤਾ ਜਾਣ ਲਗਦਾ ਹੈ। ਇਸ ਵਿਚ ਵੀ ਵੱਡੀ ਸਚਾਈ ਹੈ ਕਿ ਅੱਜ ਕੋਈ ਵੀ ਮੁਲਕ ਆਪਣੇ-ਆਪ ਨੂੰ ਦੁਨੀਆ ਤੋਂ ਵੱਖ ਕਰਕੇ ਨਹੀਂ ਰੱਖ ਸਕਦਾ ਅਤੇ ਨਾ ਹੀ ਅਜਿਹੀ ਨੀਤੀ ਨਾਲ ਤਰੱਕੀ ਹੀ ਕਰ ਸਕਦਾ ਹੈ। ਇਸੇ ਲਈ ਹੀ ਦੁਨੀਆ ਭਰ ਦੇ ਦੇਸ਼ ਇਕ-ਦੂਜੇ ਨਾਲ ਹਰ ਤਰ੍ਹਾਂ ਦਾ ਅਦਾਨ-ਪ੍ਰਦਾਨ ਕਰ ਰਹੇ ਹਨ।

ਉਸ ਸਮੇਂ ਦੇ ਕੇਂਦਰੀ ਪੇਂਡੂ ਵਿਕਾਸ ਮੰਤਰੀ ਸੁੰਦਰ ਲਾਲ ਪਟਵਾ ਨੇ ਪੰਜਾਬ ਦੇ ਦੌਰੇ ਦੌਰਾਨ ਅਜਿਹੀਆਂ ਦੋ ਗੱਲਾਂ ਆਖੀਆਂ ਸਨ ਜੋ ਸਾਡੇ ਸਮੁੱਚੇ ਖਿੱਤੇ ਲਈ ਬੇਹੱਦ ਮਹੱਤਵਪੂਰਨ ਹਨ। ਪਹਿਲੀ ਇਹ ਕਿ ਵਿਸ਼ਵ ਵਪਾਰ ਸੰਗਠਨ ਨਾਲ ਹੋਏ ਸਮਝੌਤੇ ਅਧੀਨ ਪੰਜਾਬ ਦੀ ਖੇਤੀ ਅਤੇ ਸਨਅਤ ਨੂੰ ਪ੍ਰਭਾਵਿਤ ਨਹੀਂ ਹੋਣ ਦਿੱਤਾ ਜਾਏਗਾ ਅਤੇ ਕਿਸਾਨਾਂ ਦੇ ਹਿਤਾਂ ਦੀ ਹਰ ਸੂਰਤ ਵਿਚ ਰਾਖੀ ਗੀਤੀ ਜਾਏਗੀ। ਉਨ੍ਹਾਂ ਦੂਜੀ ਗੱਲ ਇਹ ਆਖੀ ਕਿ ਪਿੰਡਾਂ ਵਿਚ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਣੀ ਚਾਹੀਦੀ ਹੈ। ਜੇ ਅਜਿਹਾ ਨਾ ਹੋਇਆ ਤਾਂ ਆਉਣ ਵਾਲੇ ਸਮੇਂ ਦੀ ਤਸਵੀਰ ਬੇਹੱਦ ਡਰਾਉਣੀ ਨਜ਼ਰ ਆਉਂਦੀ ਹੈ।

ਇਸੇ ਪੁਸਤਕ ਵਿਚ ਹੀ ਛਪੀ ਇਕ ਹੋਰ ਸੰਪਾਦਕੀ ਨਵੀਆਂ ਆਰਥਿਕ ਨੀਤੀਆਂ ਲੋਕ ਹਿਤ ਵਿਚ ਮੁੜ ਵਿਚਾਰੀਆਂ ਜਾਣ' ਵਿਚ ਵਿਕਾਸਮੁਖੀ ਨੀਤੀਆਂ ਦੀ ਸਮੀਖਿਆ ਕੀਤੀ ਗਈ ਹੈ। ਪਿਛਲੇ ਪੰਜਾਹ ਵਰ੍ਹਿਆਂ ਤੋਂ ਸਰਕਾਰਾਂ ਪੂਰਾ ਜ਼ੋਰ ਲਗਾਉਂਦੀਆਂ ਆਈਆਂ ਹਨ ਤਾਂ ਵੀ ਮੁਲਕ ਨੂੰ ਵੱਡੀ ਆਰਥਿਕ ਮੰਦਹਾਲੀ 'ਚੋਂ ਕੱਢਣ ਵਿਚ ਅਸਮਰੱਥ ਰਹੀਆਂ ਹਨ। ਚਾਰੇ ਪਾਸੇ ਗੁਰਬਤ ਦਾ ਪਸਾਰਾ ਨਜ਼ਰ ਆਉਂਦਾ ਹੈ, ਜਿਸ ਦੇ ਸਾਹਮਣੇ ਸਾਡੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਛੋਟੀਆਂ ਹੋ ਕੇ ਰਹਿ ਗਈਆਂ ਹਨ। ਵੱਡੀ ਪੱਧਰ 'ਤੇ ਯਤਨ ਇਹ ਹੀ ਕੀਤਾ ਜਾਣਾ

ਚਾਹੀਦਾ ਹੈ ਕਿ ਦੇਸ਼ ਨੂੰ ਆਰਥਿਕ ਤੌਰ ’ਤੇ ਮਜ਼ਬੂਤ ਅਤੇ ਖੁਸ਼ਹਾਲ ਬਣਾਉਣ ਦੇ ਮਸਲੇ ’ਤੇ ਜੇਕਰ ਇਕਮਤ ਨਾ ਵੀ ਬਣ ਪਾਵੇ ਤਾਂ ਵੀ ਅਜਿਹੇ ਮੌਕੇ ਪੈਦਾ ਕਰਨ ਵਿਚ ਜ਼ਰੂਰ ਸਹਾਈ ਹੋਣਾ ਚਾਹੀਦਾ ਹੈ ਕਿ ਦੇਸ਼ ਸਹੀ ਰਸਤੇ ਅਗਾਂਹ ਵੱਧ ਸਕੇ। ਪਿਛਲੇ ਥੋੜ੍ਹੇ ਦਹਾਕਿਆਂ ਵਿਚ ਕਈ ਛੋਟੇ ਮੁਲਕਾਂ ਨੇ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰ ਲਿਆ ਹੈ ਅਤੇ ਸਾਡੇ ਤੋਂ ਕਈ ਕਦਮ ਅਗਾਂਹ ਲੰਘ ਗਏ ਹਨ। ਸਾਨੂੰ ਹਾਲੇ ਵੀ ਅਜਿਹੀਆਂ ਕਈ ਚੰਗੇਰੀਆਂ ਨੀਤੀਆਂ ਅਪਣਾਉਣ ਦੀ ਲੋੜ ਹੈ।

ਇਕ ਹੋਰ ਸੰਪਾਦਕੀ ‘ਧਰਤੀ ਹੇਠਲੇ ਪਾਣੀ ਦਾ ਸੰਕਟ’ ਇਕ ਵੱਡੀ ਸਮੱਸਿਆ ਵੱਲ ਇਸ਼ਾਰਾ ਕਰਦਾ ਹੈ। ਕਿਸੇ ਵੀ ਸਰਕਾਰ ਅਤੇ ਸਮਾਜ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਭਵਿੱਖ ਵਿਚ ਉਸਾਰੂ ਯੋਜਨਾਬੰਦੀ ਕਰੇ ਪਰ ਸਾਡੀਆਂ ਸਰਕਾਰਾਂ ਦਾ ਹਾਲ ਇਹ ਹੈ ਕਿ ਇਨ੍ਹਾਂ ਦਾ ਕੰਮ ਦਿਨ ਪ੍ਰਤੀਦਿਨ ਦੇ ਆਧਾਰ ’ਤੇ ਹੀ ਚਲਦਾ ਹੈ। ਸਾਡੀਆਂ ਸਰਕਾਰਾਂ ਨੇ ਲੰਮੇ ਸਮੇਂ ਦੀਆਂ ਯੋਜਨਾਵਾਂ ਤਾਂ ਕੀ ਬਣਾਉਣੀਆਂ ਹੁੰਦੀਆਂ ਹਨ, ਉਹ ਤਾਂ ਨੇੜ ਭਵਿੱਖ ਲਈ ਕੋਈ ਵਧੀਆ ਯੋਜਨਾਬੰਦੀ ਨਹੀਂ ਕਰਦੀਆਂ।

ਪੰਜਾਬ ਵਿਚ ਪਾਣੀ ਸਬੰਧੀ ਦੋ ਪ੍ਰਮੁੱਖ ਸਮੱਸਿਆਵਾਂ ਹਨ। ਇਕ ਤਾਂ ਬਹੁਤ ਸਾਰੇ ਇਲਾਕਿਆਂ ਵਿਚ ਧਰਤੀ ਹੇਠਲਾ ਪਾਣੀ ਲਗਾਤਾਰ ਥੱਲੇ ਡਿਗਦਾ ਜਾ ਰਿਹਾ ਹੈ। ਦੂਜੀ ਸਮੱਸਿਆ ਸੇਮ ਦੀ ਹੈ, ਜੋ ਪ੍ਰਮੁੱਖ ਰੂਪ ਵਿਚ ਮਾਲਵੇ ਦੇ ਇਲਾਕੇ ਨੂੰ ਨੁਕਸਾਨ ਪਹੁੰਚਾ ਰਹੀ ਹੈ। ਇਸ ਕੰਮ ਲਈ ਸਰਕਾਰ ਦੀ ਸੂਝ ਭਰੀ ਨੀਤੀ, ਪ੍ਰਤੀਬੱਧਤਾ ਅਤੇ ਨਿਸਚੇ ਨਾਲ ਇਸ ਸਮੱਸਿਆ ਦੇ ਟਾਕਰੇ ਲਈਯੋਜਨਾਬੰਦੀ ਕਰੇ ਤਾਂ ਪੰਜਾਬ ਦੀ ਧਰਤੀ ਨੂੰ ਬੰਜਰ ਹੋਣ ਤੋਂ ਬਚਾਇਆ ਜਾ ਸਕਦਾ ਹੈ।

ਗੁਲਜ਼ਾਰ ਸਿੰਘ ਸੰਧੂ ਅਤੇ ਨਵਜੀਤ ਜੌਹਲ ਨੇ 1995 ਵਿਚ ਆਪਣੀ ਸੰਪਾਦਿਕ ਪੁਸਤਕ ‘ਪੰਜਾਬੀ ਪੱਤਰਕਾਰੀ ਨਿਕਾਸ, ਵਿਕਾਸ ਅਤੇ ਸਮੱਸਿਆਵਾਂ’ ਵਿਚ ਛਪੇ ਲੇਖ ਵਿਕਾਸ ਪੱਤਰਕਾਰੀ ਅਤੇ ਪੰਜਾਬੀ ਪ੍ਰੈਸ ਵਿਚ ਪੰਜਾਬੀ ਪੱਤਰਕਾਰੀ ਦਾ ਵਿਕਾਸ ਵਿਚ ਯੋਗਦਾਨ ਬਾਰੇ ਖਾਸਾ ਜ਼ਿਕਰ ਕੀਤਾ ਹੈ। ਲੇਖਕ ਲਿਖਦਾ ਹੈ ਕਿ ਵਿਕਾਸ ਦਾ ਅਰਥ ਆਰਥਿਕ ਖੁਸ਼ਹਾਲੀ ਹੈ। ਵਿਆਪਕ ਅਰਥਾਂ ਵਿਚ ਵਿਕਾਸ ਦੇ ਖੇਤਰ ਵਿਚ ਗਰੀਬੀ ਦਾ ਖ਼ਾਤਮਾ, ਤਕਨੀਕ ਢਾਂਚੇ ਦੀ ਉਸਾਰੀ ਅਤੇ ਸਾਮੰਤਵਾਦ, ਫ਼ਿਰਕਾਵਾਦ ਅਤੇ ਵਹਿਮਾਂ-ਭਰਮਾਂ ਨੂੰ ਘਟਾ ਕੇ ਸਮਾਜ ਦਾ ਆਧੁਨਿਕੀਕਰਨ ਕਰਨਾ ਅਤੇ ਆਰਥਿਕ ਸਵੈ-ਨਿਰਭਰਤਾ ਦੀ ਸਹਿਜ ਪ੍ਰਾਪਤੀ ਵੱਲ ਵਧਣਾ ਹੈ। ਵਿਕਾਸ ਮਨੁੱਖਤਾ ਨੇ ਨਿਰੰਤਰ ਕੀਤਾ ਹੈ ਪਰ ਠੀਕ ਅਰਥਾਂ ਵਿਚ ਵਿਕਾਸ ਦਾ ਸੰਕਲਪ ਦੂਸਰੇ ਯੁੱਧ ਮਗਰੋਂ ਇਕ ਗਤੀਸ਼ੀਲ ਸੰਕਲਪ ਦੇ ਰੂਪ ਵਿਚ ਵਿਕਸਿਤ ਹੋਇਆ ਹੈ, ਜਿਸ ਵਿਚ ਮਨੁੱਖੀ ਹੋਂਦ ਦਾ ਲਗਭਗ ਹਰੇਕ ਪੱਖ ਸ਼ਾਮਿਲ ਹੋ ਗਿਆ ਹੈ, ਕਿਉਂਕਿ ਬੁਨਿਆਦੀ ਅਰਥਾਂ ਵਿਚ ਵਿਕਾਸ, ਮਨੁੱਖੀ ਵਿਕਾਸ ਹੀ ਹੈ। ਵਿਕਾਸ ਦਾ ਨਿਸ਼ਾਨਾ ਮਨੁੱਖੀ ਅਸਤਿਤਵ ਅਤੇ ਉਸ ਦੇ ਜੀਵਨ ਦਾ ਮਿਆਰ ਹੈ। ਹਰ ਉਹ ਪੱਖ ਵਿਕਾਸ ਨਾਲ ਸੰਬੰਧਤ ਹੈ, ਜਿਸ ਤੋਂ ਮਨੁੱਖ ਨੂੰ ਖੁਸ਼ਹਾਲੀ ਲਈ ਸਹਿਯੋਗ ਪ੍ਰਾਪਤ ਹੁੰਦਾ ਹੈ।

## ਟਿੱਪਣੀਆਂ ਤੇ ਹਵਾਲੇ


- ਡਾ. ਬਰਜਿੰਦਰ ਸਿੰਘ ਹਮਦਰਦ 2002, ਪੁਸਤਕ ਤਕਰਸ਼ੀਲਤਾ ਦਾ ਚਾਨਣ, ਸੰਪਦਕੀ ਲੇਖ ਵਿਕਾਸ ਨੂੰ ਰੁਜ਼ਗਾਰ ਨਾਲ ਜੋੜਿਆ ਜਾਵੇ, ਪ੍ਰਕਾਸ਼ਕ ਪ੍ਰਿੰਟਵੈਲ, ਅੰਮ੍ਰਿਤਸਰ।
- ਡਾ. ਬਰਜਿੰਦਰ ਸਿੰਘ ਹਮਦਰਦ, ਪੁਸਤਕ ਤਰਕਸ਼ੀਲਤਾ ਦਾ ਚਾਨਣ, ਸੰਪਾਦਕੀ ਲੇਖ ਨੌਜਵਾਨ ਪੀੜ੍ਹੀ ਦਾ ਸੰਕਟ, ਪ੍ਰਕਾਸ਼ਕ ਪ੍ਰਿੰਟਵੈਲ, ਅੰਮ੍ਰਿਤਸਰ।
- ਡਾ. ਬਰਜਿੰਦਰ ਸਿੰਘ ਹਮਦਰਦ 2002 ਪੁਸਤਕ ਤਰਕਸ਼ੀਲਤਾ ਦਾ ਚਾਨਣ, ਸੰਪਾਦਕੀ ਲੇਖ ਪਾਣੀਆਂ ਦਾ ਮਸਲਾ, ਪ੍ਰਕਾਸ਼ਕ ਪ੍ਰਿੰਟਵੈਲ, ਅੰਮ੍ਰਿਤਸਰ।
- ਡਾ. ਬਰਜਿੰਦਰ ਸਿੰਘ ਹਮਦਰਦ, ਪੁਸਤਕ ਵਿਰਸੇ ਦਾ ਗੌਰਵ, ਸੰਪਾਦਕੀ ਲੇਖ ਗੰਭੀਰ ਸਥਿਤੀ ਵਿਚ ਇਕ ਗੰਭੀਰ ਮਸਲੇ ’ਤੇ ਵਿਚਾਰ, ਪ੍ਰਕਾਸ਼ਕ ਪ੍ਰਿੰਟਵੈਲ, ਅੰਮ੍ਰਿਤਸਰ।
- ਡਾ. ਬਰਜਿੰਦਰ ਸਿੰਘ ਹਮਦਰਦ, 1991 ਪੁਸਤਕ ਵਿਰਸੇ ਦਾ ਗੌਰਵ, ਲੇਖ ਪ੍ਰੈਸ ਦੀ ਆਜ਼ਾਦੀ, ਪ੍ਰਿੰਟਵੈਲ, ਅੰਮ੍ਰਿਤਸਰ।
- ਡਾ. ਬਰਜਿੰਦਰ ਸਿੰਘ ਹਮਦਰਦ, 2001 ਪੁਸਤਕ ਮਿੱਟੀ ਦਾ ਮੋਹ, ਲੇਖ ਨਸ਼ਿਆਂ ਵਿਰੁੱਧ ਲੋਕ ਚੇਤਨਾ ਜਗਾਈ ਜਾਵੇ, ਪ੍ਰਕਾਸ਼ਕ ਪ੍ਰਿੰਟਵੈਲ, ਅੰਮ੍ਰਿਤਸਰ।
- ਡਾ. ਬਰਜਿੰਦਰ ਸਿੰਘ ਹਮਦਰਦ, 2001 ਪੁਸਤਕ ਮਿੱਟੀ ਦਾ ਮੋਹ, ਲੇਖ ਵਧਦੇ ਪ੍ਰਦੂਸ਼ਣ ਸਬੰਧੀ ਸਾਰੀਆਂ ਧਿਰਾਂ ਚੇਤੰਨ ਹੋਣ, ਪ੍ਰਕਾਸ਼ਕ ਪ੍ਰਿੰਟਵੈਲ, ਅੰਮ੍ਰਿਤਸਰ।
- ਡਾ. ਬਰਜਿੰਦਰ ਸਿੰਘ ਹਮਦਰਦ 2001 ਮਿੱਟੀ ਦਾ ਮੋਹ ਪੁਸਤਕ, ਲੇਖ ਵਿਗਿਆਨ ਦੀ ਵਰਤੋਂ ਉਸਾਰੂ ਕੰਮਾਂ ਲਈ ਹੋਵੇ, ਪ੍ਰਕਾਸ਼ਕ ਪ੍ਰਿੰਟਵੈਲ, ਅੰਮ੍ਰਿਤਸਰ।
- ਡਾ. ਬਰਜਿੰਦਰ ਸਿੰਘ ਹਮਦਰਦ, 2001 ਪੁਸਤਕ ਮਿੱਟੀ ਦਾ ਮੋਹ, ਲੇਖ ਮਰਦਮਸ਼ੁਮਾਰੀ ਦੇ ਅੰਕੜੇ ਪਿੱਛੇ ਵੱਲ ਜਾ ਰਹੇ ਪੰਜਾਬ, ਪ੍ਰਕਾਸ਼ਕ ਪ੍ਰਿੰਟਵੈਲ, ਅੰਮ੍ਰਿਤਸਰ 2001.
- ਡਾ. ਬਰਜਿੰਦਰ ਸਿੰਘ ਹਮਦਰਦ, 2000 ਪੁਸਤਕ ਦੋਸਤੀ ਦੇ ਗੀਤ, ਲੇਖ ਵਾਤਾਵਰਨ ਦੀ ਸੰਭਾਲ ਲਈ ਗੰਭੀਰ ਯੋਜਨਾਬੰਦੀ ਦੀ ਲੋੜ, ਪ੍ਰਿੰਟਵੈਲ ਅੰਮ੍ਰਿਤਸਰ।
- ਡਾ. ਬਰਜਿੰਦਰ ਸਿੰਘ ਹਮਦਰਦ, 2000 ਪੁਸਤਕ ਦੋਸਤੀ ਦੇ ਗੀਤ, ਲੇਖ ਵਧਦੀ ਆਬਾਦੀ ਦਾ ਮਸਲਾ ਸੁਹਿਰਦ ਯਤਨਾਂ ਦੀ ਲੋੜ, ਪ੍ਰਿੰਟਵੈਲ, ਅੰਮ੍ਰਿਤਸਰ।
- ਡਾ. ਬਰਜਿੰਦਰ ਸਿੰਘ ਹਮਦਰਦ, 2000 ਪੁਸਤਕ ਦੋਸਤੀ ਦੇ ਗੀਤ, ਲੇਖ ਵਿਕਾਸਮੁਖੀ ਨੀਤੀਆਂ ਦੀ ਲੋੜ, ਪ੍ਰਿੰਟਵੈਲ, ਅੰਮ੍ਰਿਤਸਰ।

- ਡਾ. ਬਰਜਿੰਦਰ ਸਿੰਘ ਹਮਦਰਦ, 2000 ਪੁਸਤਕ ਦੋਸਤੀ ਦੇ ਗੀਤ, ਸੰਪਾਦਕੀ ਨਵੀਆਂ ਆਰਥਿਕ ਨੀਤੀਆਂ ਲੋਕ ਹਿਤ ਵਿਚ ਮੁੜ ਵਿਚਾਰੀਆਂ ਜਾਣ, ਪ੍ਰਿੰਟਵੈੱਲ, ਅੰਮ੍ਰਿਤਸਰ।
- ਡਾ. ਬਰਜਿੰਦਰ ਸਿੰਘ ਹਮਦਰਦ, 2000 ਪੁਸਤਕ ਦੋਸਤੀ ਦੇ ਗੀਤ, ਸੰਪਾਦਕੀ ਲੇਖ ਧਰਤੀ ਹੇਠਲੇ ਪਾਣੀ ਦਾ ਸੰਕਟ, ਪ੍ਰਿੰਟਵੈਲ, ਅੰਮ੍ਰਿਤਸਰ।
- ਗੁਲਜ਼ਾਰ ਸਿੰਘ ਸੰਧੂ ਅਤੇ ਨਵਜੀਤ ਜੌਹਲ 1995, ਪੁਸਤਕ ਪੰਜਾਬੀ ਪੱਤਰਕਾਰੀ ਦਾ ਨਿਕਾਸ, ਵਿਕਾਸ ਅਤੇ ਸਮੱਸਿਆਵਾਂ, ਲੇਖ ਵਿਕਾਸ ਪੱਤਰਕਾਰੀ ਅਤੇ ਪੰਜਾਬੀ ਪ੍ਰੈਸ, ਪ੍ਰਕਾਸ਼ਕ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਵਿਕਾਸ ਦਾ ਸੰਕਲਪ ਅਤੇ 'ਅਜੀਤ' ਦੀ ਪਹੁੰਚ

ਵਿਕਾਸ ਇਕ ਅਜਿਹੀ ਸਮਾਜਕ ਗਤੀਸ਼ੀਲਤਾ ਹੈ ਜਿਸ ਦਾ ਸਬੰਧ ਬੁਨਿਆਦੀ, ਆਰਥਕ ਢਾਂਚੇ ਦੀ ਪ੍ਰਫੁੱਲਤਾ ਦਾ ਪਰਿਆਂ ਹੈ। ਪੰਜਾਬੀ ਭਾਸ਼ਾ ਦਾ ਸ਼ਬਦ 'ਵਿਕਾਸ' ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Development' ਦਾ ਪੂਰਕ ਹੈ।

New Oxford Advanced Learner's Dictionary ਵਿਚ ਸ਼ਬਦ Development ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ—The gradual growth of something so that it becomes more advanced, stronger, etc.

ਇਸ ਪਰਿਭਾਸ਼ਾ ਨੂੰ ਅੱਗੇ ਵਿਸਤਾਰਦੇ ਹੋਏ ਇਸ ਸ਼ਬਦਕੋਸ਼ ਨੇ ਵਿਕਾਸ ਸ਼ਬਦ ਦੇ ਹੋਰ ਪਾਸਾਰ ਨੂੰ ਇਸ ਤਰ੍ਹਾਂ ਅੰਕਿਤ ਹੈ ਅਤੇ ਇਸ ਨੂੰ (ਵਿਕਾਸ ਨੂੰ) New Product ਵਜੋਂ ਸਮਝਣ ਦਾ ਯਤਨ ਕੀਤਾ ਹੈ।—

> The Process of Producing Creating something New or More Advanced."............." a piece of land with new building on it" ...............The process of using an area of land, especially to make a profit by building on it, etc.

ਪੰਜਾਬੀ ਦੇ ਸ਼ਬਦ 'ਵਿਕਾਸ' ਦੇ ਅਰਥਾਂ ਨੂੰ ਅੰਗਰੇਜ਼ੀ ਭਾਸ਼ਾ ਦੇ ਇਨ੍ਹਾਂ ਸ਼ਬਦਾਂ ਨਾਲ ਅੰਕਿਤ ਕੀਤਾ ਗਿਆ ਹੈ—

ਵਿਕਾਸ : Development, progress, rise, expention, evolution.

ਪੰਜਾਬੀ ਦਾ ਸ਼ਬਦ 'ਵਿਕਾਸ' ਉਰਦੂ ਭਾਸ਼ਾ ਦੇ ਸ਼ਬਦ 'ਤਰੱਕੀ' ਦਾ ਸਮਾਨਾਰਥੀ ਹੈ। ਪੰਜਾਬੀ ਅੰਗਰੇਜ਼ੀ ਕੋਸ਼ ਵਿਚ ਇਸ ਦੇ ਅਰਥ ਵੀ ਲਗਪਗ 'ਵਿਕਾਸ' ਸ਼ਬਦ ਵਾਲੇ ਹੀ ਦਿੱਤੇ ਗਏ ਹਨ—

> 'ਤਰੱਕੀ : Progress, development, advancement, improvement, betterment, advance, growth, rise, rise a rank or status, promotion.

ਇਸ ਤਰ੍ਹਾਂ ਸ਼ਬਦ 'ਵਿਕਾਸ' ਨੂੰ ਜੇਕਰ ਇਸ ਦੇ ਸਾਰੇ ਪਾਸਾਰਾਂ ਅਤੇ ਗਹਿਰਾਈਆਂ ਨਾਲ ਸਮਝਣਾ ਹੋਵੇ ਅਤੇ ਵਿਕਾਸ ਦੇ ਸੰਕਲਪ ਨੂੰ ਉਸ ਦੇ ਸਾਰੇ ਵਿਸਤਾਰਾਂ ਸਹਿਤ ਅੰਕਣਾ ਹੋਵੇ ਤਾਂ ਇਹ ਕਿਸੇ ਧਰਤੀ, ਖਿੱਤੇ ਜਾਂ ਭੂਖੰਡ ਦੀ ਪਦਾਰਥਕ ਤਰੱਕੀ ਅਤੇ ਉਥੇ ਰਹਿਣ ਵਾਲੇ ਲੋਕਾਂ ਦੀ ਸਮੁੱਚੇ ਜੀਵਨ ਪੱਧਰ ਨੂੰ ਸਮਝਣ ਦੀ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ। ਇਹ ਕਿਸੇ ਭੂਖੰਡ (land) ਜਾਂ ਕਿਸੇ ਵਸਤੂ ਵਿਸ਼ੇਸ਼ (something) ਦੀ ਸਿਲਸਿਲੇਵਾਰ

ਤਰੱਕੀ (gradual growth) ਨਾਲ ਜੁੜੀ ਹੋਈ ਉਹ ਪਰਕਿਰਿਆ ਹੈ ਜਿਸ ਨੇ ਆਪਣੇ ਸਬੰਧਕ ਦੇ ਚੌਤਰਫ਼ਾ ਉਭਾਰ ਦੀ ਨਿਸ਼ਾਨਦੇਹੀ ਕਰਨੀ ਹੈ। ਆਪਣੇ ਜੀਵਨ ਪੱਧਰ ਨੂੰ ਬਣਾਈ ਰੱਖਣ, ਸਮੇਂ ਸਥਾਨ ਦੀ ਤਬਦੀਲੀਆਂ ਦੇ ਨਾਲ ਨਾਲ ਵਿਕਸਤ ਹੋਣ, ਦੁਨੀਆ ਭਰ ਵਿਚ ਹੋ ਰਹੇ ਵਿਸਤਾਰਾਂ ਨਾਲ ਸਵੈ ਨੂੰ ਮੇਚਣ ਦੀ ਸਾਰੀ ਸਰਗਰਮੀ ਇਸ ਸ਼ਬਦ (ਸੰਕਲਪ) ਦੇ ਘੇਰੇ ਵਿਚ ਆਉਂਦੀ ਹੈ। ਵਿਕਾਸ ਅਸਲ ਵਿਚ ਬਾਹਰੀ ਤੌਰ 'ਤੇ ਦਿਸਣ ਵਾਲੀਆਂ ਸਹੂਲਤਾਂ ਤੱਕ ਸੀਮਤ ਨਹੀਂ ਹੁੰਦਾ। ਸੜਕਾਂ, ਇਮਾਰਤਾਂ, ਪੁਲ ਜਾਂ ਹੋਰ ਭਵਨ ਮਾਤਰ ਵਿਕਾਸ ਦੇ ਪ੍ਰਤੀਕ ਨਹੀਂ ਹੋ ਸਕਦੇ। ਵਿਕਾਸ ਦੇ ਗਹਿਰੇ ਅਰਥਾਂ ਨਾਲ ਜੁੜੀ ਹੋਈ ਹੈ ਆਮ ਆਦਮੀ ਦੀ ਸਮੁੱਚੀ ਸ਼ਕਤੀ। ਸਮਾਜਿਕ, ਸੱਭਿਆਚਾਰਕ, ਰਾਜਨੀਤਕ ਅਤੇ ਆਰਥਿਕ ਵਿਵਸਥਾ ਵਿਚ ਆਮ ਆਦਮੀ ਦੀ ਭਾਈਵਾਲੀ ਅਤੇ ਉਸ ਦਾ ਸਹਿਜ ਵਰਤਾਓ ਹੀ ਇਹ ਨਿਰਧਾਰਿਤ ਕਰੇਗਾ ਕਿ ਕੋਈ ਸਮਾਜ ਕਿੰਨਾ ਵਿਕਸਤ ਹੈ। ਵਿਕਾਸ ਦੇ ਸੰਕਲਪ ਨੂੰ ਸੰਸਾਰ ਸਮਝ ਦੇ ਸੰਦਰਭ ਵਿਚ ਵੇਖਿਆਂ, ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਵਿਕਾਸ ਦਾ ਅਰਥ ਸਿਰਫ ਬਾਹਰੀ ਵਿਕਾਸ ਦੀ ਦਿਸਣਯੋਗ ਸਥਿਤੀ ਹੀ ਨਹੀਂ ਹੈ, ਇਸ ਨੂੰ ਮਨੁੱਖ ਦੀ ਸਮੁੱਚੀ ਜੀਵਨ-ਰਹਿਣੀ ਨਾਲ ਜੋੜਿਆ ਜਾਣਾ ਚਾਹੀਦਾ ਹੈ। ਸਟੂਅਰਡ ਨੇ ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ।


> Development is construed as 'a process of enlarging people's choices'; of enhancing 'participatory democratic process' and the 'ability of people to have a say in the decisions that shape their lives'; of providing 'human beings with the opportunity to develop their fullest potential' and of enabling the poor, women, and 'free, independent peasants' to organize for themselves and work together. Simultaneously, development is defined as the means to 'carry out a nation's development goals' and to promote economic growth, equity and national self-reliance.

ਸਰਮਾਏ ਅਤੇ ਸੱਭਿਅਤਾ ਦਾ ਵਿਕਾਸ ਮਨੁੱਖ ਦੀ ਸਮੁੱਚੀ ਸਥਿਤੀ ਨਾਲੋਂ ਤੋੜ ਕੇ ਨਹੀਂ ਵੇਖਿਆ ਜਾ ਸਕਦਾ। ਪੈਸਾ ਅਤੇ ਜੀਵਨ ਦੀ ਹੋਰ ਸਹੂਲਤਾਂ ਜਦੋਂ ਮਨੁੱਖ ਨੂੰ ਬਹੁਤ ਜਲਦੀ ਅਤੇ ਘੱਟ ਮਿਹਨਤ ਨਾਲ ਪ੍ਰਾਪਤ ਹੋ ਜਾਂਦੀਆਂ ਹਨ ਜਾਂ ਪ੍ਰਾਪਤ ਕਰਵਾ ਦਿੱਤੀਆਂ ਜਾਂਦੀਆਂ ਹਨ ਤਾਂ ਉਸ ਦਾ ਬੌਧਿਕ ਅਤੇ ਮਾਨਸਿਕ ਵਿਕਾਸ ਉਸ ਪਦਾਰਥ ਵਿਕਾਸ ਨਾਲ ਕਦਮ ਮੇਚ ਕੇ ਨਹੀਂ ਤੁਰਦਾ ਤੇ ਸਮਾਜ ਵਿਚ ਹੋਰ ਵਿਕਾਰਾਂ ਲਈ ਜਗ੍ਹਾ ਪੈਦਾ ਹੋ ਜਾਂਦੀ ਹੈ। ਇਸੇ ਕਰਕੇ ਸਟੂਅਰਡ ਨੇ ਵਿਕਾਸ ਅਤੇ ਸਰਮਾਏ ਨੂੰ ਜੋੜ ਕੇ ਵੇਖਣ ਦਾ ਯਤਨ ਕੀਤਾ ਹੈ।

> Here, quite typically, the distinction between development as an action and development as a goal of action is conflated with another important distinction. When, for example, someone mention the 'development of capitalism' we take development to be an imminent and objective process.

> But when the same person says that it is desirable that state policy should achieve ‘sustainable development’, we are now told that there is a subjective course of action that can be undertaken in the name of development.

ਇਸ ਤਰ੍ਹਾਂ ਇਹ ਸਪੱਸ਼ਟ ਹੈ ਕਿ ਸਰਕਾਰਾਂ (State) ਦੀਆਂ ਨੀਤੀਆਂ ਅਜਿਹੀਆਂ ਹੋਣੀਆਂ ਚਾਹੀਦੀਆਂ ਹਨ ਕਿ ਉਹ ਵਿਕਾਸ ਦੀ ਸਦੀਵਤਾ (Sustainability) ਦਾ ਧਿਆਨ ਰੱਖ ਕੇ ਉਨ੍ਹਾਂ ਦੀਆਂ ਸਾਰੀਆਂ ਵਿਵਸਥਾਵਾਂ ਨੂੰ ਵੀ ਯਕੀਨੀ ਬਣਾਏ ਜਿਹੜੀਆਂ ਮਨੁੱਖ ਦੇ ਸਮੁੱਚੇ ਵਿਕਾਸ (ਪਦਾਰਥਕ+ਬੌਧਿਕ+ਮਾਨਸਿਕ) ਨੂੰ ਉਸ ਦੇ ਸਹੀ ਕਿਸੇ ਵੀ ਸਮਾਜ ਦੀ ਸਮੁੱਚੀ ਵਿਕਾਸ ਨੂੰ ਇਸ ਦੇ ਸਾਰੇ ਪਾਸਾਰਾਂ ਸਹਿਤ ਸਮਝਣਾ ਜ਼ਰੂਰੀ ਹੈ। ਵਿਕਾਸ ਦੇ ਇਨ੍ਹਾਂ ਪਾਸਾਰਾਂ ਵਿਚ ਸ਼ਾਮਿਲ ਹਨ ਪੈਦਾਵਾਰ ਦੇ ਸਾਰੇ ਸੋਮੇ, ਸਰਮਾਇਆ, ਤਕਨੀਕ ਮਨੁੱਖੀ ਸਰੋਤ, ਕੁਦਰਤੀ ਸਰੋਤ, ਵਪਾਰ ਅਤੇ ਵਿੱਤੀ ਵਿਕਾਸ। ਇਸ ਨੂੰ ਇਕ ਤਾਲਿਕਾ ਰਾਹੀਂ ਇਸ ਤਰ੍ਹਾਂ ਅੰਕਿਤ ਕੀਤਾ ਜਾ ਸਕਦਾ ਹੈ।



ਵਿਕਾਸ ਦੀ ਸਰਬਵਿਆਪਕਤਾ ਨੂੰ ਨਿਰਧਾਰਿਤ ਕਰਨ ਵਾਲੀਆਂ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਸੰਸਥਾਵਾਂ ਦੀ ਕਾਰਜ ਪ੍ਰਣਾਲੀ ਕਿਸ ਤਰ੍ਹਾਂ ਵਿਕਾਸ ਦੀ ਗਤੀ ਵਿਚ ਕਾਰਜਸ਼ੀਲ ਹੁੰਦੀ ਹੈ ਅਤੇ ਇਨ੍ਹਾਂ ਦੀ ਸਮੁੱਚੀ ਸਾਰਥਿਕਤਾ ਨੂੰ ਅੰਕਿਤ ਕਰਦੇ ਹੋਏ—ਘੱਟ ਵਿਕਸਿਤ, ਵਿਕਾਸਸ਼ੀਲ ਅਤੇ ਵਿਕਸਿਤ ਸਮਾਜਾਂ ਵਿਚ ਸਰਮਾਇਆ, ਤਕਨੀਕ ਅਤੇ ਪੈਦਾਵਾਰ ਦੇ ਸਾਧਨਾਂ ਦਾ ਆਪਸੀ ਤਵਾਜ਼ਨ ਕਿਸ ਤਰ੍ਹਾਂ ਦਾ ਹੁੰਦਾ ਹੈ ? ਇਸ ਨੂੰ ਸਮਝਣ ਲਈ ਇਹ ਤਾਲਿਕਾ ਕਾਫੀ ਸਹਾਈ ਹੋ ਸਕਦੀ ਹੈ। ਸਰਮਾਇਆ, ਤਕਨਾਲੋਜੀ, ਮਨੁੱਖੀ ਅਤੇ ਕੁਦਰਤੀ ਸੋਮਿਆਂ ਦਾ ਸਹੀ ਸੰਯੋਗ, ਘਟ ਵਿਕਸਿਤ ਸਮਾਜਾਂ ਨੂੰ ਵਿਕਾਸ ਦੇ ਰਾਹ ਪਾਉਣ ਲਈ ਬੇਹੱਦ ਜ਼ਰੂਰੀ ਹੈ। ਅਤੇ ਇਸ ਕਾਰਜ ਵਿਚ ਸਰਗਰਮ ਸਾਰੀਆਂ ਸੰਸਥਾਵਾਂ ਦੀ ਮੁੱਖ ਭੂਮਿਕਾ, ਇਕ ਸਹੀ ਸੰਯੋਗ ਬਣਾਉਣ ਉਤੇ ਹੀ ਕੇਂਦਰਿਤ ਹੋਣੀ ਚਾਹੀਦੀ ਹੈ।

ਜਿਨ੍ਹਾਂ ਸਮਾਜਾਂ ਦਾ ਆਧੁਨਿਕੀਕਰਨ, ਸਨਅਤੀਕਰਨ ਅਤੇ ਸ਼ਹਿਰੀਕਰਨ ਹੋ ਚੁੱਕਿਆ ਹੈ, ਉਥੇ ਪੂਰੀ ਤਰ੍ਹਾਂ ਤਕਨੀਕੀ ਤਬਦੀਲੀ ਵਾਪਰ ਚੁੱਕੀ ਹੈ, ਪੈਦਾਵਾਰੀ ਢਾਂਚਾ ਅਤੇ ਇਸ ਢਾਂਚੇ ਦੀ ਕਿਸਮ (Type) ਨੇ ਹੀ ਨਿਰਧਾਰਿਤ ਕਰਨਾ ਹੁੰਦਾ ਹੈ ਕਿ ਸਮਾਜ ਦੇ ਵਿਕਾਸ ਵਿਚ ਹਰ ਸੋਮਾ ਕਿਵੇਂ ਸਹਾਈ ਹੋ ਰਿਹਾ ਹੈ। ਇਸ ਵਿਚ ਸਭ ਤਰ੍ਹਾਂ ਦਾ ਵਿੱਤੀ ਵਿਕਾਸ, ਵਪਾਰ ਅਤੇ ਵਿਦੇਸ਼ੀ ਮੁਦਰਾ ਦਾ ਨਿਵੇਸ਼ ਅੰਕਿਤ ਹੁੰਦਾ ਹੈ। ਵਿੱਤੀ ਫੰਡ ਨੇ ਆਰਥਿਕ ਕਲਿਆਣ ਨੂੰ ਕਿਵੇਂ ਪ੍ਰਭਾਵਿਤ ਕਰਨਾ ਹੈ ਅਤੇ ਇਸ ਦਾ ਰਾਜਸੀ ਅਤੇ ਸਮਾਜਿਕ ਤਬਦੀਲੀ ਵਿਚ ਕੀ ਯੋਗਦਾਨ ਹੈ। ਇਸ ਨੂੰ ਸਮਝਣਾ ਅਤੇ ਇਸ ਦੇ ਅਨੁਕੂਲ ਸਾਧਨ ਜੁਟਾਉਣਾ ਹੀ ਸਮੇਂ ਦੀ ਲੋੜ ਹੈ।

## ਆਮ ਆਦਮੀ ਦੇ ਮਸਲੇ

'ਅਜੀਤ' ਅਖ਼ਬਾਰ ਨੇ ਵਿਕਾਸ ਦੇ ਵਿਭਿੰਨ ਮਾਡਲਾਂ ਨੂੰ ਪਰੋਖ ਰੂਪ ਵਿਚ ਸਮਝਦੇ ਹੋਏ, ਪ੍ਰਤੱਖ ਰੂਪ ਵਿਚ ਅਜਿਹੇ ਯਤਨ ਜਾਰੀ ਰੱਖੇ ਹਨ, ਜਿਨ੍ਹਾਂ ਨਾਲ ਪੰਜਾਬ ਦੀ ਹੋਣੀ ਦਾ ਕਾਇਆ ਕਲਪ ਹੋ ਸਕੇ। ਪੰਜਾਬ ਦੇ ਲੋਕਾਂ ਨੂੰ ਦਰਪੇਸ਼ ਬੇਸ਼ੁਮਾਰ ਮਸਲਿਆਂ ਨੂੰ ਉਨ੍ਹਾਂ ਦੀ ਤਹਿ ਤੱਕ ਸਮਝਣਾ ਅਤੇ ਉਨ੍ਹਾਂ ਮਸਲਿਆਂ ਦੇ ਹੱਲ ਲਈ ਬਾਦਲੀਲ ਮਾਹੌਲ ਪੈਦਾ ਕਰਨਾ 'ਅਜੀਤ' ਦਾ ਸਹਿਜ ਸੁਭਾਅ ਰਿਹਾ ਹੈ। ਡਾ. ਬਰਜਿੰਦਰ ਸਿੰਘ ਹਮਦਰਦ ਦੀ ਭੂਮਿਕਾ ਨੂੰ ਨਿਹਾਰੀਏ ਤਾਂ ਇਹ ਦੌਰ ਇਕ ਤਰ੍ਹਾਂ ਨਾਲ 'ਅਜੀਤ' ਦੀ ਸਿਫ਼ਤੀ ਤਬਦੀਲੀ ਦਾ ਦੌਰ ਹੈ, ਜਿਸ ਨੇ ਪੰਜਾਬ ਦੇ ਵਿਕਾਸ ਦੀ ਸਿਫ਼ਤੀ ਤਬਦੀਲੀ ਲਈ ਅਥਾਹ ਯਤਨ ਕੀਤੇ ਹਨ।

ਪਿਛਲੇ ਦੌਰ ਦੇ ਸੰਪਾਦਕੀ ਅਤੇ 'ਅਜੀਤ' ਵਿਚ ਛਪਣ ਵਾਲੀ ਹੋਰ ਸਮੱਗਰੀ ਇਸ ਦੀ ਗਵਾਹ ਹੈ। ਚਾਹੇ ਉਹ ਪੰਜਾਬ ਵਿਚਲੇ ਧਰਤੀ ਹੇਠਲੇ ਪਾਣੀ ਦਾ ਮਸਲਾ ਹੋਵੇ, ਚਾਹੇ ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਹੋਵੇ, ਪਿੰਡਾਂ ਦੇ ਅਸਾਵੇਂ ਵਿਕਾਸ ਦੀ ਗੱਲ ਹੋਵੇ, ਪੰਜਾਬ ਦੇ ਵਿਕਾਸ ਦੀ ਸਹੀ ਯੋਜਨਾਬੰਦੀ ਦਾ ਮਸਲਾ ਹੋਵੇ, ਪੰਜਾਬ ਦੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਸਵਾਲ ਹੋਵੇ, ਬਿਜਲੀ ਦਾ ਸੰਕਟ ਹੋਵੇ, ਪਿੰਡਾਂ ਦੀਆਂ ਪੰਚਾਇਤਾਂ ਨੂੰ ਵਧੇਰੇ ਅਧਿਕਾਰ ਦੇਣ ਦੀ ਗੱਲ ਹੋਵੇ, ਪੰਜਾਬ ਦੀ ਪੜ੍ਹਾਈ ਦੀ ਦੁਰਦਸ਼ਾ ਦਾ ਪ੍ਰਸ਼ਨ ਹੋਵੇ, ਬੇਰੁਜ਼ਗਾਰੀ ਦੇ ਦੈਂਤ ਨੂੰ ਨੱਥ ਪਾਉਣ ਦੇ ਯਤਨ ਹੋਣ ਜਾਂ ਨਸ਼ਿਆਂ ਵਿਚ ਰੁੜ ਰਹੀ ਜਵਾਨੀ ਨੂੰ ਰੋਕਣ ਲਈ ਕੋਸ਼ਿਸ਼ਾਂ ਕਰਨ ਦੀ ਗੱਲ ਹੋਵੇ, 'ਅਜੀਤ' ਦੇ ਪੰਨਿਆਂ ਨੇ ਕਦੇ ਤਲਵਾਰ ਅਤੇ ਕਦੇ ਢਾਲ ਬਣ ਕੇ ਆਪਣੀ ਜ਼ਿੰਮੇਵਾਰੀ ਨੂੰ ਸਮਝਿਆ ਅਤੇ ਪੰਜਾਬ

ਦੇ ਵਰਤਮਾਨ ਅਤੇ ਭਵਿੱਖ ਨੂੰ ਧਿਆਨ ਵਿਚ ਰੱਖਦੇ ਹੋਏ ਹਰ ਉਹ ਕਦਮ ਉਠਾਇਆ ਜੋ ਸਮਾਜ ਪ੍ਰਤੀ ਜ਼ਿੰਮੇਵਾਰ ਅਤੇ ਜਵਾਬਦੇਹੀ ਵਾਲੇ ਅਖ਼ਬਾਰ ਨੂੰ ਕਰਨਾ ਚਾਹੀਦਾ ਹੈ।

ਪੰਜਾਬ ਦੀ ਸਥਿਤੀ ਪਿਛਲੇ ਕੁਝ ਸਾਲਾਂ ਵਿਚ ਬੇਹੱਦ ਤਬਦੀਲ ਹੋਈ ਹੈ। ਇਸ ਨੇ ਆਪਣੇ ਰਵਾਇਤੀ ਅੰਦਾਜ਼ ਨੂੰ ਛੱਡ ਕੇ ਵਿਸ਼ਵੀਕਰਨ ਦੀ ਚਕਾਚੌਂਧ ਵਿਚ ਆਪਣੇ ਆਪ ਨੂੰ ਢਾਲਣਾ ਸ਼ੁਰੂ ਕੀਤਾ ਹੋਇਆ ਹੈ। ਪੰਜਾਬ ਦਾ ਮਿਹਨਤੀ ਸੁਭਾਅ ਹੌਲੀ ਹੌਲੀ ਪਰਵਾਸੀ ਮਜ਼ਦੂਰਾਂ ਦੇ ਮਿਹਨਤੀ ਸੁਭਾਅ ਵਿਚ ਜਜ਼ਬ ਹੋ ਰਿਹਾ ਹੈ। ਸਾਂਝੇ ਪਰਿਵਾਰਾਂ ਦਾ ਸੰਕਲਪ ਬਹੁਤ ਤੇਜ਼ੀ ਨਾਲ ਸੁਪਨਾ ਹੋਈ ਜਾ ਰਿਹਾ ਹੈ। ਪੰਜਾਬੀ ਸੱਭਿਆਚਾਰ ਨਾਲ ਜੁੜੇ ਅਹਿਮ ਵਰਤਾਰੇ ਤਿੜਕ ਰਹੇ ਹਨ। ਇਹ ਸਿਲਸਿਲਾ ਭਾਵੇਂ ਸੱਤਰਵਿਆਂ ਵਿਚ ਸ਼ੁਰੂ ਹੋਏ ਹਰੇ ਇਨਕਲਾਬ ਤੋਂ ਹੀ ਸ਼ੁਰੂ ਹੋ ਗਿਆ ਸੀ, ਪਰ ਪਿਛਲੇ ਦਹਾਕੇ ਤੱਕ ਪਹੁੰਚਦਿਆਂ ਤਾਂ ਪੰਜਾਬ ਦੀ ਸਾਰੀ ਪ੍ਰਕਿਰਤੀ ਹੀ ਅਲੱਗ ਥਲੱਗ ਹੋ ਗਈ ਜਾਪਦੀ ਹੈ। ਉਪਜਾਊ ਜ਼ਮੀਨਾਂ ਉੱਪਰ ਕੰਧਾਂ ਵਾਂਗ ਖੜ੍ਹੇ ਕਮਾਦ ਦੀ ਥਾਂ ਕਲੋਨੀਆਂ ਨੇ ਲੈ ਲਈ ਹੈ। ਕਰਜ਼ਿਆਂ ਦੀ ਭਰਮਾਰ ਨੇ ਵਿਕਾਸ ਦੀਆਂ ਬਾਹਰੀ ਪਰਤਾਂ ਨੂੰ ਪੂਰੀ ਚਮਕ ਦਮਕ ਨਾਲ ਸਾਡੇ ਸਾਹਮਣੇ ਸਾਕਾਰ ਕਰਨ ਦਾ ਯਤਨ ਕੀਤਾ ਹੈ। ਪਰ ਸਥਿਤੀ ਦੀ ਤਹਿ ਵਿਚ ਪਏ ਯਥਾਰਥ ਦੀ ਪ੍ਰਕਿਰਤੀ ਨੂੰ ਸਮਝਣਾ ਜ਼ਰੂਰੀ ਹੈ—

> The human development concept has been the primary focus of now... which aim at sensitizing societies of the globe and grobal institutions to reflect concern of health, education and some level of income. It is said that human development stands opposed to in human development.

ਵਿਕਾਸ ਦੇ ਸੰਕਲਪ ਨੂੰ ਇਸ ਦ੍ਰਿਸ਼ਟੀ ਤੋਂ ਸਮਝਣ ਦਾ ਯਤਨ ਕੀਤਾ ਜਾਵੇ ਤਾਂ ਪੰਜਾਬ ਦੇ ਲੋਕਾਂ ਦੀ ਕਾਇਆ ਕਲਪ ਕਰਨ ਵਿਚ ਅਖ਼ਬਾਰਾਂ ਦੀ ਭੂਮਿਕਾ ਬਹੁਤ ਅਹਿਮ ਹੋ ਸਕਦੀ ਹੈ। ਸਿੱਖਿਆ ਦਾ ਪਾਸਾਰ, ਔਰਤਾਂ ਦੀ ਸਥਿਤੀ ਵਿਚ ਸੁਧਾਰ, ਜ਼ਾਤ-ਪਾਤ ਦੀ ਪ੍ਰਥਾ ਵਿਰੁੱਧ ਜਾਗਰੂਕਤਾ, ਨਸ਼ਿਆਂ ਦੀ ਵਧ ਰਹੀ ਲੱਤ ਦੇ ਵਿਰੋਧ ਵਿਚ ਨੌਜਵਾਨਾਂ ਨੂੰ ਪ੍ਰੇਰਨਾ ਅਤੇ ਸਰਕਾਰਾਂ, ਵਿਵਸਥਾ ਨੂੰ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ ਲਈ ਮਜਬੂਰ ਕਰਨ ਦਾ ਯਤਨ ਕਰਨਾ ਆਦਿ ਅਜਿਹੇ ਕਾਰਜ ਹਨ ਜਿਨ੍ਹਾਂ ਵਿਚ ਅਖ਼ਬਾਰਾਂ ਦੀ ਭੂਮਿਕਾ ਮੁਲਵਾਨ ਹੋ ਸਕਦੀ ਹੈ।

> Rural health and rural education along with modernisation of agriculture and allied activities continue to be pillars of rural reconstruction and development. Rural health care is a necessary for rural development as any other factor. It raises productivity and capacity of work by keeping rural workers fit both physically as well as mentally. Besides, it is necessary to reduce infant mortality rate, check maternal deaths, keep diseases under control, raise life expectancy and provide logistic support to population.

ਸੱਠਵਿਆਂ ਦੇ ਦਹਾਕੇ ਉੱਤੇ ਨਜ਼ਰ ਮਾਰੀ ਜਾਵੇ ਤਾਂ ਪੰਜਾਬ ਦੇ ਵਿਕਾਸ ਦੀ ਸਥਿਤੀ ਬਹੁਤ ਪ੍ਰਭਾਵਸ਼ਾਲੀ ਸੀ। ਏਨੀ ਪ੍ਰਭਾਵਸ਼ਾਲੀ ਕਿ ਇਹ ਭਾਰਤ ਦੇ ਪ੍ਰਮੁੱਖ ਰਾਜਾਂ ਨੂੰ ਮਾਤ ਪਾਉਂਦੀ ਸੀ। ਉਸ ਵੇਲੇ ਇਸ ਦੀ ਪ੍ਰਤੀ ਜੀਅ ਆਮਦਨ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਦੁੱਗਣੀ ਸੀ ਜਦੋਂ ਕਿ ਇਹ ਬਿਹਾਰ ਦੇ ਮੁਕਾਬਲੇ ਉੱਤੇ ਚਾਰ ਗੁਣਾ ਸੀ। ਇਸ ਸਥਿਤੀ ਉੱਤੇ ਲਗਾਤਾਰ ਨਜ਼ਰ ਟਿਕਾਈਏ ਤਾਂ ਬਹੁਤ ਕੁਝ ਬਦਲੇ ਜਾਣ ਉਪਰੰਤ ਵੀ ਪੰਜਾਬ ਦੀ ਸਥਿਤੀ ਨੇ ਆਪਣੀ ਮਜ਼ਬੂਤੀ ਨੂੰ ਬਣਾਈ ਰੱਖਿਆ ਹੈ। ਸੰਨ 2011-2012 ਵਿਚ ਪ੍ਰਕਾਸ਼ਿਤ ਕੀਤੇ ਗਏ ਆਰਥਿਕ ਸਰਵੇਖਣ ਵਿਚ ਪਿਛਲੇ ਸਾਲਾਂ ਦਾ ਅਧਿਐਨ ਵੇਖੀਏ ਤਾਂ ਪੰਜਾਬ ਦੀ ਖੁਸ਼ਹਾਲੀ ਦਾ ਅਨੁਪਾਤ ਅਜੇ ਵੀ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਕਾਫ਼ੀ ਬਿਹਤਰ ਹੈ। ਇਸ ਸਰਵੇਖਣ ਅਨੁਸਾਰ ਪੰਜਾਬ ਛੇਵੇਂ ਨੰਬਰ ਉੱਤੇ ਬਣਿਆ ਹੋਇਆ ਹੈ। ਗੋਆ, ਹਰਿਆਣਾ, ਮਹਾਰਾਸ਼ਟਰ, ਗੁਜਰਾਤ ਅਤੇ ਤਾਮਿਲਨਾਡੂ ਤੋਂ ਬਾਅਦ ਇਸ ਦਾ ਨੰਬਰ ਆਉਂਦਾ ਹੈ। ਜਦੋਂ ਕਿ ਬਿਹਾਰ, ਉੱਤਰ ਪ੍ਰਦੇਸ਼, ਝਾਰਖੰਡ, ਅਸਾਮ, ਮੱਧ ਪ੍ਰਦੇਸ਼ ਅਤੇ ਉੜੀਸਾ ਇਸ ਤੋਂ ਥੱਲੇ ਹਨ।

ਇਸ ਸਥਿਤੀ ਨੂੰ ਇਸ ਤਾਲਿਕਾ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ :

### ਵੱਖ-ਵੱਖ ਰਾਜਾਂ ਦੀ ਪ੍ਰਤੀ ਜੀਅ ਆਮਦਨ—ਸਾਲ 2009-10

| | **ਸੂਬਾ** | **ਪ੍ਰਤੀ ਜੀਅ ਸਾਲਾਨਾ ਆਮਦਨ** |
|---|---|---|
| 1. | ਗੋਆ | 1,32,719/- |
| 2. | ਹਰਿਆਣਾ | 78,881/- |
| 3. | ਮਹਾਰਾਸ਼ਟਰ | 74,27/- |
| 4. | ਗੁਜਰਾਤ | 63,961/- |
| 5. | ਤਾਲਿਲਨਾਡੂ | 63,547/- |
| 6. | ਪੰਜਾਬ | 60,746/- |
| 7. | ਉੜੀਸਾ | 33,236/- |
| 8. | ਮੱਧ ਪ੍ਰਦੇਸ਼ | 27,250/- |
| 9. | ਅਸਾਮ | 27,197/- |
| 10. | ਝਾਰਖੰਡ | 27,132/- |
| 11. | ਉੱਤਰ ਪ੍ਰਦੇਸ਼ | 23,395/- |
| 12. | ਬਿਹਾਰ | 16,715/- |

ਇਸ ਤਾਲਿਕਾ ਤੋਂ ਸਪੱਸ਼ਟ ਹੈ ਕਿ ਦੇਸ਼ ਦੇ ਲੋਕਾਂ ਵਿਚ ਸੂਬੇ ਤੋਂ ਸੂਬੇ ਦੀਆਂ ਹਾਲਤਾਂ ਅਨੁਸਾਰ ਹਨ ਕਿੰਨਾ ਵੱਡਾ ਪਾੜਾ ਵਿਆਪਤ ਹੈ, ਜੇਕਰ ਗੋਆ ਵਿਚ ਰਹਿਣ ਵਾਲਾ ਇਕ ਵਿਅਕਤੀ ਔਸਤਨ ਸਾਲ ਵਿਚ 1,32,719 ਰੁਪਏ ਕਮਾਉਂਦਾ ਹੈ ਤਾਂ ਬਿਹਾਰ ਵਿਚ ਰਹਿਣ ਵਾਲਾ ਇਕ ਵਿੱਕਤੀ ਔਸਤਨ 16,715 ਰੁਪਏ ਹੀ ਕਮਾ ਪਾਉਂਦਾ

ਹੈ ਜਦੋਂ ਕਿ ਪੰਜਾਬ ਵਿਚ ਰਹਿਣ ਵਾਲੇ ਵਿੱਕਤੀ ਦੀ ਔਸਤਨ ਆਮਦਨ ਪ੍ਰਤੀ ਸਾਲ 60,746 ਰੁਪਏ ਅੰਕਿਤ ਕੀਤੀ ਗਈ ਹੈ।

ਪੰਜਾਬ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਸਿੱਖਿਆ ਪ੍ਰਾਪਤ ਕਰਨ ਵਾਲੇ ਨੌਜਵਾਨਾਂ ਦੀ ਹਾਲਤ ਬਹੁਤੀ ਤਸੱਲੀਬਖਸ਼ ਨਹੀਂ ਹੈ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਵਿਸ਼ਵੀਕਰਨ ਦੇ ਯੁੱਗ ਤੱਕ ਪਹੁੰਚਦਿਆਂ ਹੋਇਆਂ ਵੀ ਅਤੇ ਕਾਰਪੋਰੇਟ ਸੈਕਟਰ ਦੀਆਂ ਸੰਭਾਵਨਾਵਾਂ ਦੇ ਬਾਵਜੂਦ ਪੰਜਾਬ ਰਵਾਇਤੀ ਸਿੱਖਿਆ ਨੂੰ ਤਿਆਗ ਨਹੀਂ ਸਕਿਆ। ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਦਾਖਲਾ ਲੈਣ ਵਾਲਿਆਂ ਵਿਚੋਂ ਬਹੁਤ ਘੱਟ ਵਿਦਿਆਰਥੀ ਹਨ ਜਿਹੜੇ ਆਪਣੀ ਰਵਾਇਤੀ ਸਿੱਖਿਆ ਨੂੰ ਹੀ ਮੁਕੰਮਲ ਕਰ ਪਾਉਂਦੇ ਹਨ। ਕਿੱਤਾਮੁਖੀ ਅਤੇ ਪੇਸ਼ਾਵਰ ਸਿੱਖਿਆ ਦੀ ਪ੍ਰਾਪਤੀ ਵਲ ਰੁਝਾਣ ਤਾਂ ਪੰਜਾਬ ਵਿਚ ਬਹੁਤਾ ਪ੍ਰਫੁੱਲਤ ਹੀ ਨਹੀਂ ਹੋ ਸਕਿਆ।

> The state of college and university education in Punjab is far from satisfactory. The number of students seeking admission to college is increasing day by day and the youth remain inclined to get degrees than to pursue diversification after the plus-two stage. The absence of a strong, well-endowed and diversified system of secondary education also accounts for rush in colleges. The kind of education imported at this stage remains utterly bookish, and academic. Skill intermation is not emphasised. The result is that vocationalisation introduced some years back in our schools, has not been found effective and popular. Most students, when they pass out are, therefore, trained for joining a college. More than 90% of the colleges are general colleges which impart education, in arts, science and commerce. It is a sad commentary on our system of education, that higher secondary education is not a terminal stage of education.

ਸਿੱਖਿਆ ਦੀ ਇਸ ਸਥਿਤੀ ਨੂੰ ਪੰਜਾਬ ਦੇ ਸਮੁੱਚੇ ਵਿਕਾਸ ਨਾਲ ਜੋੜ ਕੇ ਵੇਖੀਏ ਤਾਂ ਇਸ ਖੇਤਰ ਵਿਚ ਬਹੁਤ ਡੂੰਘਾਈ ਤੱਕ ਸੋਚਣ ਅਤੇ ਕਾਰਜਸ਼ੀਲ ਹੋਣ ਦੀ ਜ਼ਰੂਰਤ ਹੈ। 'ਅਜੀਤ' ਨੇ ਇਸ ਸਥਿਤੀ ਨੂੰ ਬਹੁਤ ਗਹਿਰੀ ਤਰ੍ਹਾਂ ਸਮਝਿਆ ਹੈ ਅਤੇ ਪੰਜਾਬ ਦੀ ਜਵਾਨੀ ਨੂੰ ਸਿੱਖਿਅਤ ਕਰਨ ਲਈ ਮਾਹੌਲ ਬਣਾਉਣ ਵਿਚ ਮੁਲਵਾਨ ਭੂਮਿਕਾ ਨਿਭਾਈ ਹੈ। ਸਿੱਖਿਆ ਨਾਲ ਸਬੰਧਿਤ ਸਰਗਰਮੀਆਂ ਨੂੰ ਸਹੀ ਦਿਸ਼ਾ ਵਿਚ ਛਾਪਣ ਦੇ ਨਾਲ-ਨਾਲ ਮਾਤ ਭਾਸ਼ਾ ਪੰਜਾਬੀ ਵਿਚ ਸਿੱਖਿਆ ਦੇਣ ਨੂੰ ਯਕੀਨੀ ਬਣਾਉਣ ਲਈ ਵੀ 'ਅਜੀਤ' ਦੇ ਕਾਲਮ ਭਰਪੂਰ ਯੋਗਦਾਨ ਪਾਉਂਦੇ ਰਹੇ ਹਨ। ਆਪਣੇ ਇਤਿਹਾਸਕ ਅਤੇ ਵਿਚਾਰਧਾਰਕ ਪਿਛੋਕੜ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਦੇ ਜਨ-ਸਧਾਰਨ

ਨੂੰ ਰੂਹਾਨੀ ਅਮੀਰੀ ਨਾਲ ਲਵਰੇਜ਼ ਕਰਨਾ ਵੀ 'ਅਜੀਤ' ਦਾ ਉਦੇਸ਼ ਰਿਹਾ ਹੈ। 'ਅਜੀਤ' ਨੇ ਇਸ ਤੱਥ ਨੂੰ ਬਹੁਤ ਚੰਗੀ ਤਰ੍ਹਾਂ ਸਮਝ ਲਿਆ ਪ੍ਰਤੀਤ ਹੁੰਦਾ ਹੈ ਕਿ ਪਦਾਰਥਕ ਤਰੱਕੀ ਦੇ ਨਾਲ-ਨਾਲ ਮਾਨਸਿਕ ਅਤੇ ਬੌਧਿਕ ਵਿਕਾਸ ਦੀ ਇਕਸਾਰਤਾ ਹੀ ਕਿਸੇ ਸਮਾਜ ਦੇ ਸਮੱਗਰ ਵਿਕਾਸ ਦੀ ਧੁਰੀ ਹੋ ਸਕਦੀ ਹੈ। ਪਦਾਰਥ ਅਤੇ ਰੂਹਾਨੀਅਤ ਦਾ ਅਜਿਹਾ ਸੁਮੇਲ ਇਸ ਅਖ਼ਬਾਰ ਦੀ ਨਿਵੇਕਲੀ ਪਹੁੰਚ-ਵਿਧੀ ਹੈ।

> ...Continuity is indispensable for the development of the entire culture, both material and spiritual. Continuity is the objective and all-embracing prerequisite of progressive development of world culture. Gradually ascending along the ladder of historical progress, humanity does not have to create new culture at each stage of its development, but it always relies on the results achieved by the preceding generations, therefore, the progressive development along the vital directions of social progress is impossible without historical continuity, both in the sphere of material production and spiritual culture, which means that historical continuity is the indispensable, objective, prerequisite of the entire social progress.

ਪੰਜਾਬ ਦੇ ਇਤਿਹਾਸ ਅਤੇ ਇਸ ਦੀ ਸੱਭਿਆਚਾਰਕ ਵਿਰਾਸਤ ਨੂੰ ਸਮਝਦੇ ਹੋਏ ਇਸ ਭੂਖੰਡ ਦੀ ਉਪਜਾਊ ਸ਼ਕਤੀ ਦੇ ਸਾਰੇ ਪਹਿਲੂਆਂ ਨੂੰ ਵਿਚਾਰਨਾ ਅਤੇ ਵਿਸਤਾਰਨਾ ਬਹੁਤ ਸਹਿਜ ਅਤੇ ਸਰਲ ਦਿਸਣ ਦੇ ਬਾਵਜੂਦ ਬਹੁਤ ਗਹਿਰਾ ਅਤੇ ਬਹੁਦਿਸ਼ਾਵੀ ਕਾਰਜ ਹੈ। ਅਜਿਹੀ ਸਹਿਜਤਾ ਉਸ ਗਹਿਰੀ ਬੌਧਿਕ ਵਿਰਾਸਤ ਦਾ ਹੀ ਪਰਤੌ ਹੈ ਜਿਸ ਨੂੰ ਪੁਰਾਤਨ ਕਾਲ ਵਿਚ ਨਾਥਾਂ, ਜੋਗੀਆਂ ਨੇ ਅਤੇ ਮੱਧਕਾਲ ਵਿਚ ਗੁਰੂ ਸਾਹਿਬਾਨ ਨੇ ਤੇ ਫਿਰ ਬਾਬਾ ਬੰਦਾ ਸਿੰਘ ਬਹਾਦਰ, ਉਪਰੰਤ ਅਠ੍ਹਾਰਵੀਂ ਸਦੀ ਦੇ ਪਿਛਲੇ ਅੱਧ ਅਤੇ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤੱਕ ਸੂਫ਼ੀਆਂ ਅਤੇ ਕਿੱਸਾਕਾਰਾਂ ਨੇ ਰੂਹਾਨੀ ਅਤੇ ਬੌਧਿਕ ਅਮੀਰੀ ਬਖਸ਼ੀ। ਇਹੀ ਵਿਰਾਸਤ ਅੱਗੋਂ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਵਿਚ ਬਣੀ ਰਹੀ। ਫੇਰ ਇਸ ਨੇ ਦੇਸ਼ ਦੇ ਆਜ਼ਾਦੀ ਦੇ ਮਾਣਮਤੇ ਇਤਿਹਾਸ ਨਾਲ ਸਵੈ ਨੂੰ ਇਕਸੁਰ ਕਰ ਲਿਆ।

ਭਾਰਤ ਆਜ਼ਾਦ ਹੋਇਆ ਤਾਂ ਇਸ ਵਿਰਾਸਤ ਨੇ ਜਨਸਧਾਰਨ ਦੇ ਸੁਪਨਿਆਂ ਨੂੰ ਨਵੇਂ ਰੰਗਾਂ ਵਿਚ ਵੇਖਣ ਦੀ ਹਿੰਮਤ ਦਿਖਾਈ। ਇਸੇ ਹਿੰਮਤ ਦਾ ਇਕ ਰੂਪ ਹੈ—ਰੋਜ਼ਾਨਾ 'ਅਜੀਤ'। 'ਅਜੀਤ' ਨੇ ਪੰਜਾਬ ਦੀ ਆਭਾ ਨੂੰ ਉਸ ਦੇ ਸਹੀ ਸਰੂਪ ਵਿਚ ਬਣਾਈ ਰੱਖਣ ਲਈ ਹਰ ਉਹ ਯਤਨ ਕੀਤਾ ਜਿਹੜਾ ਇਸ ਵਿਰਾਸਤ ਦੇ ਸੱਚੇ ਜਾਨਸ਼ੀਨ ਨੂੰ ਕਰਨਾ ਚਾਹੀਦਾ ਹੈ। ਪੰਜਾਬ ਦੇ ਪਿੰਡੇ ਉੱਤੇ ਪਈ ਕਿਸੇ ਵੀ ਝਰੀਟ ਦਾ ਦਰਦ ਆਪਣੇ ਪਿੰਡੇ ਮਹਿਸੂਸ ਕਰਕੇ ਪੰਜਾਬ ਨੂੰ ਨਿੱਤ ਨਵੀਂ ਦਿਸ਼ਾ ਦੇਣ ਦੇ ਯਤਨ ਕਰਨ ਵਾਲਾ ਇਹ ਅਖ਼ਬਾਰ ਪੰਜਾਬ ਵਾਸੀਆਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਸਰਕਾਰਾਂ ਨੂੰ ਖ਼ਬਰਦਾਰ ਕਰਨ ਦਾ ਹਰ ਮੌਕਾ ਆਪਣੇ ਹੱਥਾਂ ਵਿਚ ਲੈਂਦਾ ਰਿਹਾ ਹੈ।

ਪੰਜਾਬ ਦੀਆਂ ਰਹਿਤਲਾਂ ਤੱਕ ਜੁੜੇ ਹੋਏ ਉਸ ਹਰ ਮਸਲੇ ਨੂੰ 'ਅਜੀਤ' ਦੇ ਕਾਲਮਾਂ ਵਿਚੋਂ ਪੜ੍ਹਿਆ ਅਤੇ ਸਮਝਿਆ ਜਾ ਸਕਦਾ ਹੈ ਜਿਸ ਦਾ ਸੰਬੰਧ ਸਮਾਜ ਦੇ ਉਨ੍ਹਾਂ ਵਰਗਾਂ ਨਾਲ ਹੋਵੇ ਜਿਹੜੇ ਪੰਜਾਬ ਦੇ ਜਨਜੀਵਨ ਨੂੰ ਪ੍ਰਭਾਵਿਤ ਕਰਦੇ ਹਨ। ਜਦੋਂ ਜਦੋਂ ਵੀ ਪੰਜਾਬ ਦੇ ਪਿੰਡੇ ਉੱਤੇ ਕੁਦਰਤੀ ਆਫ਼ਤਾਂ ਨੇ ਕੋਈ ਖਰੋਚ ਪਾਉਣ ਦੀ ਕੋਸ਼ਿਸ਼ ਕੀਤੀ, ਬਾਹਰੀ ਸ਼ਕਤੀਆਂ ਨੇ ਪੰਜਾਬ ਜਾਂ ਦੇਸ਼ ਨੂੰ ਕੋਈ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਅਤੇ ਜਾਂ ਫੇਰ ਸਮਾਜ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਜਦੋਂ ਜਦੋਂ ਵੀ ਅਵੇਸਲਾ ਹੋਇਆ 'ਅਜੀਤ' ਨੇ ਇਕ ਜ਼ਿੰਮੇਵਾਰ ਪਹਿਰੇਦਾਰ ਵਾਲਾ ਫਰਜ਼ ਨਿਭਾਉਂਦੇ ਹੋਏ ਪੱਤਰਕਾਰੀ ਦੇ ਉਸ ਧਰਮ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਜਿਸ ਦੀ ਲੋੜ ਹਮੇਸ਼ਾ ਮਹਿਸੂਸ ਕੀਤੀ ਜਾਂਦੀ ਹੈ।

## ਹੜ੍ਹਾਂ ਦੀ ਮਾਰ

ਹੜ੍ਹ ਕੁਦਰਤ ਦੀ ਕਰੋਪੀ ਦਾ ਉਹ ਰੂਪ ਹੈ ਜਿਥੇ ਸਭ ਸਾਧਨ ਹੋਣ ਦੇ ਬਾਵਜੂਦ ਆਦਮੀ ਬੇਵੱਸ ਹੋ ਜਾਂਦਾ ਹੈ। ਪਾਣੀ ਦੀ ਕਰੋਪੀ ਕੋਈ ਸੁਧ ਹੀ ਨਹੀਂ ਰਹਿਣ ਦਿੰਦੀ। ਫ਼ਸਲਾਂ-ਮਕਾਨ-ਘਰ-ਰਸਤੇ ਸਭ ਕੁਝ ਆਦਮੀ ਦੇ ਹੱਥੋਂ ਨਿਕਲ ਜਾਂਦਾ ਹੈ। ਅਜਿਹੀ ਸੂਰਤ ਪੰਜਾਬ ਨੇ ਕਈ ਵਾਰ ਵੇਖੀ ਹੈ। ਜਦੋਂ ਸਤੰਬਰ 1988 ਵਿਚ ਪੰਜਾਬ ਵਿਚ ਹੜ੍ਹ ਆਏ ਸਨ ਉਦੋਂ 'ਅਜੀਤ' ਨੇ ਉਹ ਕੁਝ ਕਰ ਵਿਖਾਇਆ ਜਿਸ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ। 'ਅਜੀਤ' ਅਖ਼ਬਾਰ ਨੇ ਆਪਣੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਦੀ ਅਗਵਾਈ ਵਿਚ ਲੱਖਾਂ ਰੁਪਏ ਇਕੱਠੇ ਕਰਕੇ ਹੜ੍ਹ ਦੀ ਮਾਰ ਹੇਠ ਆਏ ਲੋਕਾਂ ਵਿਚ ਵੰਡੇ। ਇਨ੍ਹਾਂ ਹੜ੍ਹਾਂ ਵਿਚ ਪੰਜਾਬ ਦੇ 7500 ਪਿੰਡਾਂ ਦੇ 23 ਲੱਖ ਲੋਕ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਸਨ। 'ਅਜੀਤ' ਵੱਲੋਂ ਭਿਆਨਕ ਹੜ੍ਹਾਂ ਦੀ ਮਾਰ ਹੇਠ ਆਏ ਪਰਿਵਾਰਾਂ ਦੀ ਕੁਝ ਸਹਾਇਤਾ ਕਰਨ ਲਈ ਰਿਲੀਫ਼ ਫੰਡ ਸ਼ੁਰੂ ਕੀਤਾ ਗਿਆ।

ਇਕੱਠੀ ਹੋਈ ਰਾਸ਼ੀ ਨੂੰ 'ਅਜੀਤ' ਵੱਲੋਂ ਵੱਖ-ਵੱਖ ਖੇਪਾਂ ਵਿਚ ਪੰਜਾਬ ਦੇ ਸਾਰੇ ਪ੍ਰਭਾਵਿਤ ਪਿੰਡਾਂ ਦੇ ਪੀੜਤ ਲੋਕਾਂ ਤੱਕ ਪਹੁੰਚਾਇਆ ਗਿਆ। ਵੰਡ ਦਾ ਪ੍ਰਬੰਧ ਤੇ ਨਿਗਰਾਨੀ 'ਅਜੀਤ' ਦੇ ਸਟਾਫ਼ ਮੈਂਬਰਾਂ ਅਤੇ ਸਬੰਧਤ ਇਲਾਕੇ ਦੇ ਪੱਤਰਕਾਰਾਂ ਨੂੰ ਸੌਂਪੀ ਗਈ। ਲੋੜਵੰਦ ਹੜ੍ਹ ਪੀੜਤਾਂ ਦੀਆਂ ਸੂਚੀਆਂ ਇਲਾਕੇ ਵਿਚ ਸਥਿਤ ਪੱਤਰਕਾਰਾਂ ਨੇ ਅਧਿਕਾਰੀਆਂ, ਪਿੰਡਾਂ ਦੇ ਪੰਚਾਂ, ਸਰਪੰਚਾਂ ਅਤੇ ਹੋਰ ਪਤਵੰਤੇ ਸੱਜਣਾਂ ਦੀ ਮਦਦ ਨਾਲ ਤਿਆਰ ਕਰਵਾਈਆਂ। 16 ਅਕਤੂਬਰ 1988 ਨੂੰ ਪਹਿਲੀ ਖੇਪ ਜਲੰਧਰ, ਕਪੂਰਥਲਾ, ਅੰਮ੍ਰਿਤਸਰ, ਰੋਪੜ ਅਤੇ ਲੁਧਿਆਣਾ ਜ਼ਿਲ੍ਹਿਆਂ ਦੇ ਪਿੰਡਾਂ ਵਿਚ ਭੇਜੀ। ਦੂਜੀ ਖੇਪ 6 ਨਵੰਬਰ 1988 ਨੂੰ ਹੁਸ਼ਿਆਰਪੁਰ ਦੀ ਦਸੂਹਾ ਤਹਿਸੀਲ, ਜਲੰਧਰ ਦੇ ਰਾਹੋਂ, ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਅਤੇ ਕਪੂਰਥਲਾ ਦੇ ਢਿਲਵਾਂ ਆਦਿ ਇਲਾਕਿਆਂ ਵਿਚ ਵੰਡੀ ਗਈ। ਤੀਜੀ ਖੇਪ 28 ਨਵੰਬਰ 1988 ਨੂੰ 4 ਟਰੱਕਾਂ ਰਾਹੀਂ ਪਠਾਨਕੋਟ, ਮੁਕੇਰੀਆਂ, ਬਲਾਚੌਰ ਅਤੇ ਗੁਰਦਾਸਪੁਰ ਦੇ ਇਲਾਕਿਆਂ ਵਿਚ ਵੰਡੀ ਗਈ। ਚੌਥੀ ਖੇਪ 11 ਅਤੇ 13 ਦਸੰਬਰ 1988 ਨੂੰ ਫਿਰੋਜ਼ਪੁਰ ਅਤੇ ਗੁਰਦਾਸਪੁਰ ਦੇ ਕਲਾਨੌਰ ਵਿਚ, ਪੰਜਵੀਂ ਖੇਪ 24 ਦਸੰਬਰ 1988 ਨੂੰ ਰਾਹੋਂ ਅਤੇ ਹੋਰ ਆਸ-ਪਾਸ ਦੇ ਪਿੰਡਾਂ ਵਿਚ ਵੰਡੀ ਗਈ।

## ਕਾਰਗਿਲ ਸ਼ਹੀਦ ਫੰਡ

ਜੁਲਾਈ 1999 ਵਿਚ ਪਾਕਿਸਤਾਨ ਨੇ ਕਾਰਗਿਲ ਦੀਆਂ ਪਹਾੜੀਆਂ ਉੱਤੇ ਕਬਜ਼ਾ ਕਰਕੇ ਭਾਰਤ ਨੂੰ ਜੰਗ ਵਿਚ ਧਕੇਲ ਦਿੱਤਾ। ਇਸ ਜੰਗ ਵਿਚ ਪੰਜਾਬੀ ਪੁੱਤਰਾਂ ਨੇ ਜੋ ਕੁਰਬਾਨੀਆਂ ਦਿੱਤੀਆਂ ਉਹ ਬੇਮਿਸਾਲ ਸਨ। 'ਅਜੀਤ' ਵੱਲੋਂ ਕਾਰਗਿਲ ਦੀ ਲੜਾਈ ਵਿਚ ਸ਼ਹੀਦ ਹੋਏ ਜਵਾਨਾਂ ਦੇ ਪਰਿਵਾਰਾਂ ਲਈ ਮਾਲੀ ਸਹਾਇਤਾ ਇਕੱਠੀ ਕਰਨ ਦਾ ਜੋ ਬੀੜਾ ਚੁੱਕਿਆ ਗਿਆ ਉਹ ਵੀ ਬੇਮਿਸਾਲ ਸੀ।

ਅਦਾਰਾ 'ਅਜੀਤ' ਵੱਲੋਂ ਕਾਰਗਿਲ ਵਿਚ ਸ਼ਹੀਦ ਹੋਏ ਫ਼ੌਜੀਆਂ ਦੇ ਪਰਿਵਾਰਾਂ ਨਾਲ ਆਪਣੀ ਹਮਦਰਦੀ ਪ੍ਰਗਟ ਕਰਨ ਲਈ ਅਤੇ ਉਨ੍ਹਾਂ ਨਾਲ ਆਪਣੀ ਭਾਵੁਕ ਸਾਂਝ ਜੋੜਨ ਦੇ ਉਦੇਸ਼ ਨਾਲ 'ਅਜੀਤ ਕਾਰਗਿਲ ਸ਼ਹੀਦ ਫੰਡ' ਸ਼ੁਰੂ ਕੀਤਾ ਗਿਆ। ਇਸ ਨੂੰ ਸਮੂਹ ਪੰਜਾਬੀਆਂ ਵੱਲੋਂ ਵੱਡਾ ਹੁੰਗਾਰਾ ਮਿਲਿਆ ਅਤੇ ਬਹੁਤ ਥੋੜ੍ਹੇ ਸਮੇਂ ਵਿਚ ਹੀ ਇਸ ਫੰਡ ਵਿਚ 1.80 ਕਰੋੜ ਰੁਪਏ ਜਮ੍ਹਾਂ ਹੋ ਗਏ। ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਦੇ 81 ਫ਼ੌਜੀ ਜਵਾਨਾਂ ਦੇ ਪਰਿਵਾਰਾਂ ਨੂੰ ਇਹ ਰਾਸ਼ੀ ਵੰਡਣ ਤੋਂ ਇਲਾਵਾ ਹਰਿਆਣੇ ਦੇ ਉਸ ਸਮੇਂ ਦੇ ਮੁੱਖ ਮੰਤਰੀ ਸ੍ਰੀ ਓਮ ਪ੍ਰਕਾਸ਼ ਚੌਟਾਲਾ ਨੂੰ ਹਰਿਆਣਾ ਦੇ ਸ਼ਹੀਦਾਂ ਦੇ ਪਰਿਵਾਰਾਂ ਲਈ 'ਅਜੀਤ ਭਵਨ' ਜਲੰਧਰ ਵਿਖੇ 15 ਲੱਖ ਰੁਪਏ ਦੀ ਰਕਮ ਦਾ ਡਰਾਫ਼ਟ ਭੇਟ ਕੀਤਾ ਗਿਆ ਸੀ।

'ਅਜੀਤ' ਦੀਆਂ ਟੀਮਾਂ ਨੇ ਹਰ ਸ਼ਹੀਦ ਦੇ ਪਰਿਵਾਰ ਕੋਲ ਆਪ ਪਹੁੰਚ ਕੇ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਆਦਰ ਅਤੇ ਨਿਮਰਤਾ ਸਹਿਤ 2 ਲੱਖ ਰੁਪਏ ਦੀਆਂ ਪ੍ਰਤੀ ਪਰਿਵਾਰ ਫਿਕਸਡ ਡਿਪਾਜ਼ਿਟਸ (ਐਫ. ਡੀ. ਆਰ.) ਭੇਟ ਕੀਤੀਆਂ। ਜਿਵੇਂ ਸ਼ਹੀਦ ਸਿਪਾਹੀ ਰਿਸ਼ਵਿੰਦਰ ਸਿੰਘ ਵਸਨੀਕ ਪਿੰਡ ਘੁਰਕਨੀ (ਮਾਨਸਾ) ਦੇ ਪਿਤਾ ਨੂੰ, ਪਿੰਡ ਜੌਹਲਾਂ (ਰਾਏਕੋਟ) ਦੇ ਸ਼ਹੀਦ ਨਿਰਮਲ ਸਿੰਘ ਦੇ ਪਰਿਵਾਰ ਨੂੰ, ਪਿੰਡ ਦਾਨੇਵਾਲ (ਮਾਨਸਾ) ਦੇ ਸ਼ਹੀਦ ਬੂਟਾ ਸਿੰਘ ਦੇ ਪਿਤਾ ਨੂੰ, ਸ਼ਹੀਦ ਜਸਵਿੰਦਰ ਸਿੰਘ ਪਿੰਡ ਰਾਏਪੁਰ ਮੁੰਨੇ (ਨੂਰਪੁਰ ਬੇਦੀ) ਦੀ ਪਤਨੀ ਨੂੰ, ਪਿੰਡ ਹੇਠਲੀ ਦੜੋਲੀ (ਨੰਗਲ) ਦੇ ਸ਼ਹੀਦ ਲਾਂਸ ਨਾਇਕ ਸ੍ਰੀ ਮਲੂਕ ਚੰਦ ਦੇ ਪਿਤਾ ਨੂੰ, ਪਿੰਡ ਰੇਪੁਰ (ਦਾਤਾਰਪੁਰ) ਦੇ ਸ਼ਹੀਦ ਰਾਜੇਸ਼ ਕੁਮਾਰ ਦੀ ਮਾਤਾ ਨੂੰ, ਪਿੰਡ ਗਿੱਲ (ਲੁਧਿਆਣਾ) ਦੇ ਨਾਇਕ ਪਰਮਜੀਤ ਸਿੰਘ ਦੇ ਪਿਤਾ ਨੂੰ, ਪਿੰਡ ਸਰਹਾਲੀ ਤਹਿਸੀਲ ਜ਼ੀਰਾ ਦੇ ਸ਼ਹੀਦ ਸਾਰਜ ਸਿੰਘ ਦੀ ਪਤਨੀ ਨੂੰ, ਪਿੰਡ ਭੋਏਪੁਰ ਤਹਿਸੀਲ ਜ਼ੀਰਾ ਦੇ ਸ਼ਹੀਦ ਗੁਰਚਰਨ ਸਿੰਘ ਦੇ ਮਾਤਾ-ਪਿਤਾ ਅਤੇ ਉਸ ਦੀ ਪਤਨੀ ਨੂੰ, ਬਲਾਕ ਟਾਂਡਾ ਦੇ ਪਿੰਡ ਰੜਾ ਦੇ ਸ਼ਹੀਦ ਨਾਇਕ ਰਣਜੀਤ ਸਿੰਘ ਦੇ ਪਿਤਾ ਨੂੰ ਅਤੇ ਉਸ ਦੀ ਪਤਨੀ ਨੂੰ, ਪਿੰਡ ਮਾਦਨਪੁਰਾ (ਪੱਟੀ) ਦੇ ਸ਼ਹੀਦ ਲਾਂਸ ਨਾਇਕ ਪੂਰਨ ਸਿੰਘ ਦੇ ਪਿਤਾ ਨੂੰ, ਮੋਗਾ ਜ਼ਿਲ੍ਹੇ ਦੇ ਪਿੰਡ ਰੌਂਤਾ ਦੇ ਸ਼ਹੀਦ ਹਰਵਿੰਦਰ ਸਿੰਘ ਗਿੱਲ ਦੇ ਪਰਿਵਾਰ ਨੂੰ, ਰਾਜਪੁਰਾ ਦੇ ਨੇੜੇ ਪਿੰਡ ਘੜਾਮਾਂ ਕਲਾਂ ਦੇ ਲਾਂਸ ਨਾਇਕ ਗੁਰਮੇਲ ਸਿੰਘ ਦੇ ਪਰਿਵਾਰ ਨੂੰ, ਪਿੰਡ ਹਾਮਦ (ਫਿਰੋਜ਼ਪੁਰ) ਦੇ ਸ਼ਹੀਦ ਸੁਰਜੀਤ ਸਿੰਘ ਦੇ ਵਾਰਸਾਂ ਨੂੰ, ਸ਼ਹੀਦ ਸਿਪਾਹੀ ਕੁਲਵਿੰਦਰ ਸਿੰਘ ਪਿੰਡ ਦਦੇਹਰ ਸਾਹਿਬ (ਚੋਹਲਾ ਸਾਹਿਬ) ਦੇ ਪਿਤਾ ਨੂੰ, ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਭੂੰਗਰਨੀ ਦੇ ਹਵਾਲਦਾਰ ਗਿਆਨ ਸਿੰਘ, ਪਿੰਡ ਡੰਡੋਹ ਦੇ ਲਾਂਸ ਨਾਇਕ ਕ੍ਰਿਸ਼ਨ ਮੋਹਨ, ਪਿੰਡ ਗੁਰਾਇਆ ਦੇ ਲਾਂਸ ਨਾਇਕ ਰਾਜਿੰਦਰ ਸਿੰਘ, ਪਿੰਡ ਦੌਲਤਪੁਰ ਦੇ ਸਿਪਾਹੀ ਸੁਖਵਿੰਦਰ ਸਿੰਘ ਆਦਿ ਦੇ ਪਰਿਵਾਰਾਂ ਨੂੰ, ਆਨੰਦਪੁਰ ਸਾਹਿਬ ਦੇ ਨਜ਼ਦੀਕ ਦੇ ਪਿੰਡਾਂ ਗਰਾਂ ਅਤੇ ਢੇਰ ਦੇ ਦੋ ਨੌਜਵਾਨ ਸ਼ਹੀਦ ਗੁਰਜਿੰਦਰ

ਸਿੰਘ ਅਤੇ ਸ਼ਹੀਦ ਗੋਪਾਲ ਸਿੰਘ ਦੇ ਪਰਿਵਾਰ ਨੂੰ, ਪਿੰਡ ਸੂਰਜਗੜ੍ਹ ਘੁੜਾਮਾ (ਪਟਿਆਲਾ) ਦੇ ਸ਼ਹੀਦ ਗੁਰਮੇਲ ਸਿੰਘ ਦੇ ਪਰਿਵਾਰ ਅਤੇ ਬਾਕੀ ਹੋਰ ਸ਼ਹੀਦਾਂ ਦੇ ਪਿੰਡਾਂ ਵਿਚ ਜਾ ਕੇ ਉਨ੍ਹਾਂ ਦੇ ਸੰਬੰਧੀਆਂ ਨੂੰ ਸਹਾਇਤਾ ਰਾਸ਼ੀ ਭੇਟ ਕੀਤੀ ਗਈ।

ਸਹਾਇਤਾ ਰਾਸ਼ੀ ਦੇਣ ਲਈ ਸਾਰੇ ਸ਼ਹੀਦਾਂ ਦੇ ਪਰਿਵਾਰਾਂ ਲਈ ਇਕਸਾਰ ਮਾਪਦੰਡ ਅਪਣਾਇਆ ਗਿਆ। ਜਿਨ੍ਹਾਂ ਫ਼ੌਜੀ ਜਵਾਨਾਂ ਦੇ ਵਿਆਹ ਨਹੀਂ ਸਨ ਹੋਏ, ਉਨ੍ਹਾਂ ਦੇ ਮਾਤਾ-ਪਿਤਾ ਨੂੰ 2 ਲੱਖ ਰੁਪਏ ਦੀ ਰਾਸ਼ੀ ਦਿੱਤੀ ਗਈ। ਵਿਆਹੇ ਸ਼ਹੀਦ ਫ਼ੌਜੀ ਜਵਾਨਾਂ ਦੀਆਂ ਪਤਨੀਆਂ ਨੂੰ ਡੇਢ ਲੱਖ ਰੁਪਏ ਅਤੇ ਇਨ੍ਹਾਂ ਦੇ ਮਾਤਾ-ਪਿਤਾ ਨੂੰ ਪੰਜਾਹ ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ ਗਈ। ਰਾਸ਼ੀ ਵੰਡਣ ਵਾਲੀਆਂ ਇਨ੍ਹਾਂ ਟੀਮਾਂ ਵਿਚ 'ਅਜੀਤ ਪ੍ਰਕਾਸ਼ਨ ਸਮੂਹ' ਦੇ ਵੱਖ-ਵੱਖ ਥਾਵਾਂ ਦੇ ਸਥਾਨਕ ਪੱਤਰਕਾਰ ਅਤੇ 'ਅਜੀਤ' ਦੇ ਕੁਝ ਹਮਦਰਦ ਸ਼ਾਮਿਲ ਸਨ। ਪੰਜਾਬ ਦੇ ਵੱਖ-ਵੱਖ ਪਿੰਡਾਂ ਵਿਚ ਸ਼ਹੀਦ ਪਰਿਵਾਰਾਂ ਨੂੰ ਰਾਸ਼ੀ ਵੰਡਣ ਸੰਬੰਧੀ ਰਿਪੋਰਟਾਂ ਅਤੇ ਤਸਵੀਰਾਂ 'ਅਜੀਤ' ਵਿਚ ਛਾਪੀਆਂ ਗਈਆਂ।

## ਹਰਿਆਵਲ ਲਹਿਰ

'ਅਜੀਤ' ਵੱਲੋਂ ਪਿਛਲੇ ਸਾਲਾਂ ਤੋਂ ਸ਼ੁਰੂ ਕੀਤੀ ਗਈ 'ਹਰਿਆਵਲ ਲਹਿਰ' ਇਕ ਅਦੁੱਤੀ ਲਹਿਰ ਹੈ। ਪੰਜਾਬ ਨੂੰ ਹਰਿਆ ਭਰਿਆ ਵੇਖਣ, ਇਸ ਦੇ ਗੰਧਲੇ ਪਾਣੀ ਨੂੰ ਸ਼ੁੱਧ ਕਰਨ ਲਈ ਅਤੇ ਇਸ ਵਿਚ ਫੈਲੇ ਪ੍ਰਦੂਸ਼ਣ ਨੂੰ ਖ਼ਤਮ ਕਰਨ ਲਈ ਇਸ ਲਹਿਰ ਦੀ ਸ਼ੁਰੂਆਤ ਕੀਤੀ ਗਈ। ਇਸ ਲਹਿਰ ਅਧੀਨ 'ਅਜੀਤ ਪ੍ਰਕਾਸ਼ਨ ਸਮੂਹ' ਵੱਲੋਂ ਪੰਜਾਬ ਦੀ ਧਰਤੀ ਉੱਤੇ ਇਕ ਕਰੋੜ ਬੂਟੇ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਯੋਜਨਾ ਤਹਿਤ ਹਰ ਸਾਲ ਘੱਟੋ-ਗੱਟ 10 ਲੱਖ ਬੂਟੇ ਲਗਾਉਣ ਦੀ ਯੋਜਨਾ ਬਣਾਈ ਗਈ ਹੈ।

ਜੁਲਾਈ ਅਤੇ ਅਗਸਤ 2011 ਵਿਚ ਅਦਾਰਾ 'ਅਜੀਤ' ਵੱਲੋਂ ਪੰਜਾਬ ਭਰ ਦੇ ਆਪਣੇ ਪੱਤਰਕਾਰਾਂ ਨੂੰ ਨਾਲ ਲੈ ਕੇ ਇਹ ਮੁਹਿੰਮ ਆਰੰਭੀ ਸੀ। ਪੰਜਾਬ ਤੋਂ ਇਲਾਵਾ ਦੁਨੀਆ ਭਰ ਵਿਚ ਬੈਠੇ ਪੰਜਾਬੀਆਂ ਨੇ ਇਸ ਮੰਤਵ ਲਈ ਮਾਇਕ ਸਹਾਇਤਾ ਵੀ ਭੇਜੀ ਸੀ ਜੋ ਕਿ 1 ਕਰੋੜ ਰੁਪਏ ਤੋਂ ਵੀ ਵੱਧ ਗਈ ਸੀ। ਦੋ ਮਹੀਨੇ ਦੇ ਅਰਸੇ ਵਿਚ 5 ਲੱਖ ਬੂਟੇ ਲਗਾਏ ਗਏ ਸਨ। ਪਹਿਲੇ ਪੜਾਅ ਵਿਚ ਪੰਜਾਬ ਦੇ ਸ਼ਹਿਰਾਂ ਕਸਬਿਆਂ ਅਤੇ ਪਿੰਡਾਂ ਦੇ ਸਰਕਾਰੀ ਸਕੂਲਾਂ ਵਿਚ ਬੂਟੇ ਲਗਾਏ ਗਏ ਸਨ। ਪਹਿਲੇ ਪੜਾਅ ਦਾ ਆਰੰਭ 'ਅਜੀਤ ਪ੍ਰਕਾਸ਼ਨ ਸਮੂਹ' ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਹੁਰਾਂ ਨੇ ਨਾਨੋਵਾਲ ਜੀਂਦੜ ਜ਼ਿਲ੍ਹਾ ਗੁਰਦਾਸਪੁਰ ਦੇ ਸਰਕਾਰੀ ਸਕੂਲ ਵਿਚ ਪੌਦਾ ਲਗਾ ਕੇ ਕੀਤਾ ਸੀ। ਪੰਜਾਬ ਭਰ ਵਿਚ 'ਅਜੀਤ' ਦੇ ਪ੍ਰਤੀਨਿਧਾਂ ਵੱਲੋਂ ਜਲੰਧਰ ਦੇ ਇਲਾਕੇ ਵਿਚ ਸ਼ਾਮਚੁਰਾਸੀ ਦੇ ਪਿੰਡਾਂ ਵਿਚ, ਗੜ੍ਹਸ਼ੰਕਰ ਨੇੜੇ ਪਿੰਡ ਬੋੜਾ, ਮੁਕੇਰੀਆਂ ਦੇ ਇਲਾਕੇ ਵਿਚ ਚੱਕਕਲਾਂ, ਬੰਗਾ, ਪਠਲਾਵਾ, ਮੋਰਾਂਵਲੀ ਆਦਿ ਪਿੰਡਾਂ ਵਿਚ ਬੂਟੇ ਲਗਾਏ। 27 ਜੁਲਾਈ 2011 ਨੂੰ ਲੁਧਿਆਣਾ ਜ਼ਿਲ੍ਹਾ ਦੇ ਪੱਖੋਵਾਲ ਸਰਾਭਾ, ਜੋਧਾਂ, ਗੁਰੂਸਰ ਸੁਧਾਰ, ਹਠੂਰ, ਸਿਧਵਾਂ ਬੇਟ, ਹੰਬੜਾਂ, ਸਵੱਦੀਕਲਾਂ, ਹਲਵਾਰਾ ਅਤੇ ਖੰਨਾ ਦੇ ਇਲਾਕੇ ਮਲੌਦ, ਬੀਜਾ, ਡੇਹਲੋਂ ਅਤੇ ਪਾਇਲ ਦੇ ਸਰਕਾਰੀ ਸਕੂਲਾਂ ਵਿਚ ਪੌਦੇ ਲਗਾਏ। ਅੰਮ੍ਰਿਤਸਰ ਦੇ ਪਿੰਡ ਛੇਹਰਟਾ, ਚੋਗਾਵਾਂ, ਖਿਲਚੀਆਂ ਬਿਆਸ ਦੇ

ਇਲਾਕੇ, ਮਾਨਸਾ, ਸੰਗਰੂਰ, ਫਿਰੋਜ਼ਪੁਰ, ਫ਼ਤਹਿਗੜ੍ਹ ਸਾਹਿਬ ਤੇ ਫ਼ਾਜ਼ਿਲਕਾ ਜ਼ਿਲ੍ਹਿਆਂ ਦੇ ਸਾਰੇ ਪਿੰਡਾਂ ਵਿਚ ਬੂਟੇ ਲਗਾਏ ਗਏ ਹਨ।

ਬੂਟੇ ਲਗਾਉਣ ਦਾ ਦੂਜਾ ਪੜਾਅ 4 ਜੁਲਾਈ 2012 ਤੋਂ ਆਰੰਭ ਕੀਤਾ ਗਿਆ ਜੋ ਕਿ ਅਗਸਤ ਦੇ ਅਖੀਰ ਤੱਕ ਜਾਰੀ ਰਿਹਾ। ਇਸ ਅਧੀਨ 17 ਲੱਖ ਹੋਰ ਬੂਟੇ ਲਗਾਏ। ਦੂਸਰੇ ਪੜਾਅ ਦੀ ਸ਼ੁਰੂਆਤ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਵੱਲੋਂ ਜਲੰਧਰ ਦੇ ਪਿੰਡ ਪਰਾਗਪੁਰ ਵਿਖੇ ਸਥਿਤ ਵਿਕਟੋਰੀਆ ਗਾਰਡਨ ਵਿਚ ਬੂਟਾ ਲਗਾ ਕੇ ਕੀਤੀ ਗਈ। ਪੰਜਾਬ ਵਿਚ ਸ਼ਾਇਦ ਹੀ ਕੋਈ ਅਜਿਹੀ ਥਾਂ ਬਚੀ ਹੋਵੇ, ਜਿੱਥੇ ਇਸ ਲਹਿਰ ਦਾ ਅਸਰ ਨਾ ਦਿਖਾਈ ਦਿੱਤਾ ਹੋਵੇ। ਪੰਜਾਬ ਦੇ 22 ਜ਼ਿਲ੍ਹਿਆਂ ਦੇ ਸੈਂਕੜੇ ਪਿੰਡਾਂ ਤੇ ਕਸਬਿਆਂ ਦੇ ਸਰਕਾਰੀ ਤੇ ਨਿੱਜੀ ਸਕੂਲਾਂ, ਸ਼ਮਸ਼ਾਨ ਘਾਟਾਂ, ਗੁਰਦੁਆਰਿਆਂ ਅਤੇ ਹੋਰ ਸਾਂਝੀਆਂ ਥਾਵਾਂ 'ਤੇ ਉਤਸ਼ਾਹ ਅਤੇ ਚਾਅ ਨਾਲ ਛਾਂਦਾਰ, ਫਲਦਾਰ ਅਤੇ ਫੁੱਲਦਾਰ ਬੂਟੇ ਲਗਾਏ ਗਏ। ਇਸ ਲਹਿਰ ਦੌਰਾਨ ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿਚ ਸੈਮੀਨਾਰ ਅਤੇ ਸਮਾਗਮ ਕਰਵਾਏ ਗਏ। ਬੂਟਿਆਂ ਨੂੰ ਸਾਂਭਣ ਦੀ ਵਿਸ਼ੇਸ਼ ਯੋਜਨਾਬੰਦੀ ਕੀਤੀ ਗਈ। ਇਸ ਲਹਿਰ ਵਿਚ ਪਿੰਡਾਂ ਦੀਆਂ ਪੰਚਾਇਤਾਂ, ਯੂਥ ਕਲੱਬਾਂ, ਜੰਗਲਾਤ ਵਿਭਾਗ, ਸਕੂਲਾਂ ਕਾਲਜਾਂ ਦੇ ਅਧਿਆਪਕ ਅਤੇ ਵਿਦਿਆਰਥੀ, ਧਾਰਮਿਕ ਸ਼ਖ਼ਸੀਅਤਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਪੰਜਾਬ ਦਾ ਹਰ ਸੋਚਸ਼ੀਲ ਵਿਅਕਤੀ, ਜਿਸ ਨੂੰ ਇਸ ਧਰਤੀ ਨਾਲ ਪਿਆਰ ਹੈ ਅਤੇ ਜਿਸ ਦਾ ਸੀਨਾ ਮਨੁੱਖਤਾ ਦੇ ਸੁਚੱਜੇ ਭਵਿੱਖ ਲਈ ਧੜਕਦਾ ਹੈ, ਇਸ ਲਹਿਰ ਨਾਲ ਆਪ-ਮੁਹਾਰੇ ਜੁੜਿਆ ਹੋਇਆ ਹੈ। ਸਤੰਬਰ-2013 ਤੱਕ ਇਸ ਲਹਿਰ ਦੇ ਤੀਜੇ ਪੜਾਅ ਵਿਚ ਪ੍ਰਵੇਸ਼ ਉਪਰੰਤ ਹੁਣ ਤੱਕ ਸਾਢੇ ਤਿੰਨ ਕਰੋੜ ਰੁਪਏ ਦੇ ਲਗਭਗ ਰਾਸ਼ੀ ਜਮ੍ਹਾਂ ਹੋ ਚੁੱਕੀ ਹੈ।

'ਅਜੀਤ' ਦਾ ਅਜਿਹਾ ਯੋਗਦਾਨ ਫੰਡ ਇਕੱਠੇ ਕਰਨ ਅਤੇ ਉਨ੍ਹਾਂ ਨੂੰ ਲੋੜਵੰਦਾਂ ਤੱਕ ਪਹੁੰਚਾਉਣ ਤੱਕ ਹੀ ਸੀਮਤ ਨਹੀਂ ਰਹਿੰਦਾ। ਇਸ ਅਮਲ ਨਾਲ ਜੁੜ ਜਾਂਦੀਆਂ ਹਨ ਪੰਜਾਬੀਆਂ ਦੀਆਂ ਭਾਵਨਾਵਾਂ—ਉਨ੍ਹਾਂ ਦੀਆਂ ਅਕਾਂਖਿਆਵਾਂ ਅਤੇ ਉਨ੍ਹਾਂ ਦੇ ਸਰੋਕਾਰ। ਜਿਹੜੇ ਉਨ੍ਹਾਂ ਨੂੰ ਸਥਿਤੀ ਨਾਲ ਸਿੱਝਣ ਦਾ ਬਲ ਹੀ ਨਹੀਂ ਬਖ਼ਸ਼ਦੇ, ਸਗੋਂ ਸਥਿਤੀ ਦਾ ਵਿਸ਼ਲੇਸ਼ਣ ਕਰਕੇ ਉਸ ਦੀਆਂ ਗਹਿਰੀਆਂ ਪਰਤਾਂ ਨੂੰ ਸਮਝ ਕੇ, ਅੱਗੋਂ ਲਈ ਉਨ੍ਹਾਂ ਦੀ ਮਾਨਸਿਕਤਾ ਨੂੰ ਇਸ ਕਾਬਲ ਬਣਾ ਦਿੰਦੇ ਹਨ ਕਿ ਉਹ ਸਮਾਜ ਦੀ ਸਿਹਤਮੰਦ ਉਸਾਰੀ ਦੇ ਸਹਿਜ ਅੰਗ ਬਣ ਕੇ ਖ਼ੁਦ ਨੂੰ ਇਕ ਸਮਰੱਥ ਇਨਸਾਨ ਵਜੋਂ ਸਥਾਪਿਤ ਕਰਨ ਦੇ ਰਾਹ ਪੈ ਜਾਂਦੇ ਹਨ।

ਅਜਿਹੀ ਜ਼ਿੰਮੇਵਾਰੀ ਅਤੇ ਸਮਾਜ ਪ੍ਰਤੀ ਅਜਿਹੀ ਜੁਆਬਦੇਹੀ ਨੂੰ ਪ੍ਰਣਾਇਆ ਹੋਇਆ 'ਅਜੀਤ' ਅਖ਼ਬਾਰ ਆਪਣੇ ਆਪ ਵਿਚ ਇਕ ਜਗਦੀ ਮਿਸਾਲ ਵਾਂਗ ਹੈ ਜੋ ਪੰਜਾਬ ਨਾਲ ਜੁੜੇ ਹਰ ਪਹਿਲੂ ਦਾ ਪਹਿਰੇਦਾਰ ਹੈ। 'ਅਜੀਤ' ਦੇ ਪੰਨੇ ਪੈਰ-ਪੈਰ ਉੱਤੇ ਇਸ ਦੀ ਗਵਾਹੀ ਦਿੰਦੇ ਹਨ।

> ਅੱਜ ਇਸ ਸਮੇਂ ਆਰਥਿਕਤਾ ਦੇ ਦੋ ਪਹਿਲੂਆਂ ਉੱਤੇ ਵਧੇਰੇ ਧਿਆਨ ਦੇਣ ਦੀ ਲੋੜ ਹੋਵੇਗੀ। ਇਕ ਤਾਂ ਇਹ ਕਿ ਭਾਰਤ ਕੋਲ ਵਿਕਾਸ ਦੇ ਸਾਧਨਾਂ ਲਈ ਵੱਡਾ ਸਰਮਾਇਆ ਹੋਵੇ ਅਤੇ ਦੂਜਾ ਦੇਸ਼ ਦੇ ਆਮ ਲੋਕ ਖ਼ੁਸ਼ਹਾਲ ਅਤੇ ਖੁੱਲ੍ਹਾ ਜੀਵਨ ਜੀਅ ਸਕਣ। ਦੇਸ਼ ਦੇ ਖਜ਼ਾਨੇ ਭਰੇ ਹੋਣ ਦੇ

> ਬਾਵਜੂਦ ਵੀ ਇਹ ਜ਼ਰੂਰੀ ਨਹੀਂ ਹੈ ਕਿ ਆਮ ਲੋਕਾਂ ਦਾ ਜੀਵਨ ਪੱਧਰ ਉੱਚਾ ਹੋ ਜਾਵੇਗਾ। ਇਨ੍ਹਾਂ ਦੋਵਾਂ ਗੱਲਾਂ ਦਾ ਸੁਮੇਲ ਹੀ ਚੰਗੇ ਨਤੀਜੇ ਦੇਣ ਦੇ ਸਮਰੱਥ ਹੋ ਸਕਦਾ ਹੈ। ਇਸ ਲਈ ਆਪਣੀ ਯੋਜਨਾਬੰਦੀ ਵਿਚ ਸਰਕਾਰ ਨੂੰ ਸਿਰਫ਼ ਉਹ ਯੋਜਨਾਵਾਂ ਹੀ ਤਰਜੀਹੀ ਆਧਾਰ 'ਤੇ ਅੱਗੇ ਲਿਆਉਣੀਆਂ ਚਾਹੀਦੀਆਂ ਹਨ, ਜਿਨ੍ਹਾਂ ਦਾ ਅਸਰ ਸਿੱਧੇ ਰੂਪ ਵਿਚ ਆਮ ਨਾਗਰਿਕਾਂ ਉੱਤੇ ਪੈਂਦਾ ਹੋਵੇ। ਉਦਾਹਰਣ ਲਈ ਉਨ੍ਹਾਂ ਯੋਜਨਾਵਾਂ ਵਿਚ ਹੀ ਵਧੇਰਾ ਵਿਦੇਸ਼ੀ ਨਿਵੇਸ਼ ਹੋਣਾ ਚਾਹੀਦਾ ਹੈ, ਜਿਹੜੀਆਂ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਵਾਲੀਆਂ ਹੋਣ। ਅੱਜ ਸਾਡੇ ਦੇਸ਼ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਹੀ ਵੱਡੀ ਪੱਧਰ ਉੱਤੇ ਵਧ ਰਹੀ ਹੈ। ਹਾਲੇ ਤੱਕ ਅਜਿਹੀਆਂ ਯੋਜਨਾਵਾਂ ਸਾਹਮਣੇ ਨਹੀਂ ਆਈਆਂ ਜੋ ਬੇਰੁਜ਼ਗਾਰਾਂ ਨੂੰ ਕਿਸੇ ਤਰ੍ਹਾਂ ਦਾ ਕੰਮ ਦੇ ਸਕਣ ਦੇ ਸਮਰੱਥ ਹੋਣ।

ਦੇਸ਼ ਦੀ ਆਰਥਿਕਤਾ ਨਾਲ ਜੁੜੇ ਹੋਏ ਸਵਾਲਾਂ ਨੂੰ ਆਪਣੇ ਸੰਪਾਦਕੀ ਲੇਖਾਂ ਰਾਹੀਂ ਬਾਦਲੀਲ ਪੇਸ਼ ਕਰਨਾ ਅਤੇ ਦਰਪੇਸ਼ ਸਮੱਸਿਆਵਾਂ ਨੂੰ ਉਨ੍ਹਾਂ ਦੀ ਡੂੰਘਾਈ ਤੱਕ ਸਮਝ ਕੇ ਅਤੇ ਆਪਣੇ ਸੁਝਾਵਾਂ ਨਾਲ ਓਤਪੋਤ ਕਰਕੇ ਸਰਕਾਰਾਂ ਦੇ ਸਾਹਮਣੇ ਰੱਖਣਾ, ਸੰਪਾਦਕ ਦੀ ਦੂਰਅੰਦੇਸ਼ੀ ਦਾ ਸੂਚਕ ਹੈ।

> ਅਸੀਂ ਪਿਛਲੇ ਦਹਾਕਿਆਂ ਤੋਂ ਤੁਰੀਆਂ ਆਉਂਦੀਆਂ ਸਰਕਾਰੀ ਨੀਤੀਆਂ ਨੂੰ ਇਸ ਲਈ ਨਾਕਸ ਆਖਦੇ ਹਾਂ ਕਿਉਂਕਿ ਇਨ੍ਹਾਂ ਰਾਹੀਂ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਯੋਜਨਾਬੱਧ ਯਤਨ ਨਹੀਂ ਹੁੰਦੇ, ਨਾ ਹੀ ਅਜਿਹੀਆਂ ਨੀਤੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਜੋ ਸਨਅਤਾਂ ਨੂੰ ਹਰ ਪੱਖੋਂ ਪ੍ਰਫੁੱਲਤ ਕਰਨ ਵਾਲੀਆਂ ਹੋਣ। ਮਿਸਾਲ ਲਈ ਅੱਜ ਦੀ ਸਨਅਤ ਦੀ ਮੁੱਢਲੀ ਲੋੜ ਨਿਰੰਤਰ ਬਿਜਲੀ ਦੀ ਪੂਰਤੀ ਹੈ ਪਰ ਕਦੀ ਵੀ ਅਜਿਹਾ ਮੌਕਾ ਨਹੀਂ ਆਇਆ, ਜਿਸ ਨਾਲ ਇਹ ਪ੍ਰਭਾਵ ਮਿਲੇ ਕਿ ਬਿਜਲੀ ਲੋੜ ਅਨੁਸਾਰ ਨਿਰੰਤਰ ਮਿਲ ਰਹੀ ਹੈ।

ਸਰਕਾਰੀ ਨੀਤੀਆਂ ਨੂੰ ਬੇਬਾਕੀ ਨਾਲ ਹੰਗਾਲਣਾ ਅਤੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਅਨੁਕੂਲ ਉਨ੍ਹਾਂ ਨੀਤੀਆਂ ਨੂੰ ਢਾਲਣ ਦਾ ਯਤਨ ਕਰਨਾ 'ਅਜੀਤ' ਦੀ ਇਕ ਸਹਿਜ ਨੀਤੀ ਰਹੀ ਹੈ। ਬਿਜਲੀ, ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਨੂੰ ਪਿੰਡ ਪਿੰਡ ਪਹੁੰਚਣ ਲਈ ਸਮੇਂ-ਸਮੇਂ ਉੱਤੇ ਸਰਕਾਰ ਨੂੰ ਜਾਗਰੂਕ ਕਰਨਾ ਅਤੇ ਦੇਸ਼ ਭਰ ਵਿਚ ਵਾਪਰ ਰਹੀਆਂ ਘਟਨਾਵਾਂ ਅਤੇ ਹੋਰ ਆਫ਼ਤਾਂ ਨਾਲ ਪੈਦਾ ਹੋਣ ਵਾਲੇ ਦਰਦ ਨੂੰ ਪੰਜਾਬੀਅਤ ਦੀ ਭਾਵਨਾ ਨਾਲ ਜੋੜ ਕੇ ਉਸ ਦੇ ਦਰਦ ਨੂੰ ਮਹਿਸੂਸ ਕਰਨਾ 'ਅਜੀਤ' ਦੇ ਸੰਪਾਦਕੀਆਂ ਵਿਚੋਂ ਸਹਿਜ ਹੀ ਵੇਖਿਆ ਜਾ ਸਕਦਾ ਹੈ।

> ਹੋਰ ਬਹੁਤ ਸਾਰੇ ਅਦਾਰਿਆਂ ਵਾਂਗ 'ਅਜੀਤ' ਵੱਲੋਂ ਵੀ ਭੁਚਾਲ-ਪੀੜਤਾਂ ਦੀ ਸਹਾਇਤਾ ਲਈ ਆਪਣੇ ਪਾਠਕਾਂ ਨੂੰ ਪ੍ਰਧਾਨ ਮੰਤਰੀ ਰਾਹਤ ਫੰਡ ਵਿਚ ਹਿੱਸਾ ਪਾਉਣ ਦਾ ਸੱਦਾ ਦਿੱਤਾ ਗਿਆ ਸੀ। ਉਸ ਨੂੰ 'ਅਜੀਤ' ਦੇ ਪਾਠਕਾਂ ਤੇ ਹਮਦਰਦਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਹੈ।

ਲਗਾਤਾਰ ਲੋਕਾਂ ਨੇ 'ਅਜੀਤ ਪ੍ਰਕਾਸ਼ਨ ਸਮੂਹ' ਦੇ ਦਫ਼ਤਰ ਆ ਕੇ ਜਾਂ ਪ੍ਰਕਾਸ਼ਨ ਸਮੂਹ ਦੇ ਪ੍ਰਤੀਨਿਧਾਂ ਰਾਹੀਂ ਰਕਮਾਂ ਭੇਜ ਕੇ ਰਾਹਤ ਫੰਡ ਵਿਚ ਭਰਪੂਰ ਯੋਗਦਾਨ ਪਾਇਆ ਹੈ। 'ਅਜੀਤ' ਦੇ ਦਫ਼ਤਰ ਵਿਚ ਅਜਿਹੀ ਸੇਵਾ-ਭਾਵਨਾ ਵਾਲੇ ਲੋਕਾਂ ਦਾ ਤਾਂਤਾ ਲੱਗਾ ਰਹਿੰਦਾ ਹੈ। ਹੁਣ ਤੱਕ 35 ਲੱਖ ਤੋਂ ਵੀ ਵਧੇਰੇ ਰਕਮ ਇਸ ਫੰਡ ਵਿਚ ਜਮ੍ਹਾਂ ਹੋ ਚੁੱਕੀ ਹੈ, ਜਿਸ ਦੀ ਅੱਠ ਲੱਖ ਦੀ ਪਹਿਲੀ ਕਿਸ਼ਤ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਓਮ ਪ੍ਰਕਾਸ਼ ਚੌਟਾਲਾ ਰਾਹੀਂ ਪ੍ਰਧਾਨ ਮੰਤਰੀ ਨੂੰ ਭੇਜੀ ਜਾ ਚੁੱਕੀ ਹੈ।

**(ਬਰਜਿੰਦਰ ਸਿੰਘ ਹਮਦਰਦ)**

ਗੁਜਰਾਤ ਵਿਚ ਆਏ ਭੂਚਾਲ ਨਾਲ ਪੀੜਤ ਲੋਕਾਂ ਦੀ ਮਾਲੀ ਮਦਦ ਲਈ ਪੰਜਾਬੀਆਂ ਨੂੰ ਪ੍ਰੇਰਨਾ ਅਤੇ ਪੰਜਾਬੀਅਤ ਦੇ 'ਸਰਬੱਤ ਦਾ ਭਲਾ' ਵਾਲੇ ਸੰਕਲਪ ਨੂੰ ਆਪਣੇ ਵਿਹਾਰ ਨਾਲ ਜੋੜ ਕੇ, ਪੰਜਾਬੀਅਤ ਦੇ ਸਰਬਵਿਆਪਕ ਵਿਕਾਸ ਲਈ ਰਾਹ ਪੱਧਰਾ ਕਰਨ ਦੀ ਅਜਿਹੀ ਸ਼ੈਲੀ ਹੀ ਇਸ ਨੂੰ ਇਕਸੁਰ ਕਰਦੀ ਰਹੀ ਹੈ। ਪੰਜਾਬ ਸਰਕਾਰ ਦੀਆਂ ਆਰਥਿਕ ਨੀਤੀਆਂ ਨੂੰ ਉਨ੍ਹਾਂ ਦੇ ਸਾਰੇ ਵਿਸਥਾਰਾਂ ਅਤੇ ਸੀਮਾਵਾਂ ਸਮੇਤ ਸਮਝਣਾ ਅਤੇ ਪੰਜਾਬ ਦੇ ਲੋਕਾਂ ਦੀਆਂ ਲੋੜਾਂ ਮੁਤਾਬਿਕ ਉਨ੍ਹਾਂ ਨੂੰ ਢਾਲਣ ਦਾ ਯਤਨ ਕਰਨਾ ਇਸ ਅਖ਼ਬਾਰ ਦਾ ਅਜਿਹਾ ਕਾਰਜ ਹੈ ਜਿਹੜਾ ਇਸ ਨੂੰ ਸਿਰਫ਼ ਟੀਕਾ ਟਿੱਪਣੀ ਵਾਲੀ ਅਖ਼ਬਾਰ ਤੱਕ ਮਹਿਦੂਦ ਨਾ ਰੱਖ ਕੇ ਇਕ ਵਿਸ਼ਲੇਸ਼ਣ ਮੁਖੀ ਅਖ਼ਬਾਰ ਵਜੋਂ ਸਥਾਪਿਤ ਕਰਦਾ ਹੈ। ਸਥਿਤੀ ਅਤੇ ਘਟਨਾਵਾਂ ਦਾ ਵਿਸ਼ਲੇਸ਼ਣ ਕਰਨਾ ਉਸ ਵਿਸ਼ਲੇਸ਼ਣ ਨੂੰ ਗਹਿਰੇ ਮੰਤਕੀ ਸਿੱਟਿਆਂ ਤੱਕ ਵਿਸਤਾਰਨਾ ਅਤੇ ਸੁਝਾਓ ਮੁਖੀ ਸੰਪਾਦਕੀ ਲਿਖ ਕੇ ਸਰਕਾਰਾਂ-ਦਰਬਾਰਾਂ ਨੂੰ ਮਜਬੂਰ ਕਰਨਾ ਕਿ ਉਹ ਪੰਜਾਬ ਦੇ ਲੋਕਾਂ ਦੀ ਆਵਾਜ਼ 'ਅਜੀਤ' ਦੇ ਮਾਧਿਅਮ ਨਾਲ ਸੁਣੇ ਅਤੇ ਇਸ ਉੱਤੇ ਅਮਲ ਕਰਨ ਦਾ ਯਤਨ ਕਰੇ।

ਪੰਜਾਬ ਦੇ ਲੋਕਾਂ ਨੂੰ ਇਹ ਉਮੀਦ ਸੀ ਕਿ ਆਰਥਿਕ ਤੰਗੀਆਂ ਦੇ ਬਾਵਜੂਦ ਬਜਟ ਵਿਕਾਸ-ਮੁਖੀ ਹੋਵੇਗਾ। ਪੰਜਾਬ ਵਿਚ ਵੀ ਦੇਸ਼ ਦੇ ਹੋਰ ਸੂਬਿਆਂ ਵਾਂਗ ਵੱਡੀ ਸਮੱਸਿਆ ਨਿੱਤ-ਦਿਨ ਵਧਦੀ ਬੇਰੁਜ਼ਗਾਰੀ ਦੀ ਹੈ ਪਰ ਇਸ ਬਜਟ ਵਿਚ ਇਸ ਸਮੱਸਿਆ 'ਤੇ ਕਾਬੂ ਪਾਉਣ ਦੀਆਂ ਯੋਜਨਾਵਾਂ ਨਹੀਂ ਦਰਸਾਈਆਂ ਗਈਆਂ ਸਗੋਂ ਇਸ ਦੀਆਂ ਤਜਵੀਜ਼ਾਂ ਅਮਲੀ ਰੂਪ ਵਿਚ ਸਾਹਮਣੇ ਆਉਣ ਨਾਲ ਬੇਰੁਜ਼ਗਾਰੀ ਵਧਣ ਦਾ ਖ਼ਦਸ਼ਾ ਵਧ ਗਿਆ ਹੈ। ਸਰਕਾਰ ਨੇ ਚੋਣਾਂ ਸਮੇਂ ਇਹ ਵੀ ਵਾਅਦਾ ਕੀਤਾ ਸੀ ਕਿ ਕਿਸਾਨਾਂ ਨੂੰ ਝੋਨੇ 'ਤੇ 30 ਰੁਪਏ ਕੁਇੰਟਲ ਦੇ ਹਿਸਾਬ ਨਾਲ ਬੋਨਸ ਦਿੱਤਾ ਜਾਵੇਗਾ ਪਰ ਹੁਣ ਸਰਕਾਰ ਇਹ ਕਹਿ ਕੇ ਆਪਣੀ ਗੱਲ ਤੋਂ ਮੁੱਕਰ ਗਈ ਜਾਪਦੀ ਹੈ ਕਿ ਇਸ ਸਮੇਂ ਰਾਜ ਦੀ ਮਾਲੀ ਸਥਿਤੀ ਅਨੁਕੂਲ ਨਹੀਂ ਜਿਸ ਕਾਰਨ ਬੋਨਸ ਨਹੀਂ ਦਿੱਤਾ ਜਾ ਸਕਦਾ। ਚੋਣ ਮਨੋਰਥ-ਪੱਤਰ ਵਿਚ ਬੁਢਾਪਾ ਪੈਨਸ਼ਨ ਵਧਾਉਣ ਦੀ ਵੀ ਗੱਲ ਕੀਤੀ ਗਈ ਸੀ ਪਰ ਉਸ ਦਾ ਵੀ ਬਜਟ ਵਿਚ ਕਿਤੇ ਜ਼ਿਕਰ ਨਹੀਂ ਆਇਆ। ਪਿਛਲੀ ਸਰਕਾਰ ਵੱਲੋਂ ਦਲਿਤ ਪਰਿਵਾਰਾਂ ਲਈ ਸ਼ੁਰੂ ਕੀਤੀ ਗਈ ਸ਼ਗਨ ਸਕੀਮ ਵੀ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ।

**(ਬਰਜਿੰਦਰ ਸਿੰਘ ਹਮਦਰਦ)**

ਪੰਜਾਬ ਸਰਕਾਰ ਦੀਆਂ ਆਰਥਿਕ ਨੀਤੀਆਂ ਅਤੇ ਬਜਟ ਵਿਚ ਅਪਣਾਈ ਗਈ ਪਹੁੰਚ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਦੇ ਨਾਲ-ਨਾਲ ਜਨ-ਸਧਾਰਨ ਦੀਆਂ ਸਮੱਸਿਆਵਾਂ ਅਤੇ ਸਰਕਾਰ ਵੱਲੋਂ ਕੀਤੇ ਗਏ ਚੋਣ ਵਾਅਦਿਆਂ ਨਾਲ ਮੇਚ ਕੇ ਮੌਜੂਦਾ ਨੀਤੀਆਂ ਨੂੰ ਨਾਪਣਾ-ਤੋਲਣਾ ਇਸ ਅਖ਼ਬਾਰ ਦਾ ਅਜਿਹਾ ਅਮਲ ਹੈ ਜਿਹੜਾ ਇਸ ਨੂੰ ਸਹਿਜ ਰੂਪ ਵਿਚ ਹੀ ਪੰਜਾਬੀ ਮਾਨਸਿਕਤਾ ਦੀਆਂ ਮੂਲ ਭਾਵਨਾਵਾਂ ਨਾਲ ਜੋੜ ਦਿੰਦਾ ਹੈ।

ਇਹ ਅਖ਼ਬਾਰ ਪੂਰੀ ਤਰ੍ਹਾਂ ਸਮਝਦਾ ਹੈ ਕਿ ਪੰਜਾਬ ਦੀ ਤਰੱਕੀ ਇਥੋਂ ਦੇ ਨੌਜਵਾਨਾਂ ਅਤੇ ਔਰਤਾਂ ਦੀ ਤਰੱਕੀ ਨਾਲ ਪੀਡੀ ਤਰ੍ਹਾਂ ਜੁੜੀ ਹੋਈ ਹੈ। ਇਸ ਕਰਕੇ ਇਸ ਅਖ਼ਬਾਰ ਨੇ ਵਾਰ-ਵਾਰ ਅਤੇ ਲਗਾਤਾਰ ਔਰਤਾਂ ਨੂੰ ਸਮਾਜ ਵਿਚ ਸਨਮਾਨਯੋਗ ਥਾਂ ਦਿਵਾਉਣ ਲਈ ਨਾ ਸਿਰਫ਼ ਉਨ੍ਹਾਂ ਦੀਆਂ ਅਤੇ ਉਨ੍ਹਾਂ ਨਾਲ ਸੰਬੰਧਿਤ ਸਰਗਰਮੀਆਂ ਨੂੰ ਆਪਣੇ ਕਾਲਮਾਂ ਵਿਚ ਜਗ੍ਹਾ ਦਿੱਤੀ ਸਗੋਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਵਿਅਕਤ ਕਰਨ ਵਾਲੇ ਅਤੇ ਉਨ੍ਹਾਂ ਦੀ ਤਰੱਕੀ ਲਈ ਰਾਹ ਸੁਝਾਉਣ ਵਾਲੇ ਸੰਪਾਦਕੀ ਲਿਖ ਕੇ ਹਮੇਸ਼ਾ ਔਰਤ ਜਾਗ੍ਰਿਤੀ ਦੀ ਲਹਿਰ ਚਲਾਉਣ ਦਾ ਯਤਨ ਵੀ ਕੀਤਾ :

> ਅੱਜ ਵੀ ਔਰਤ ਨੂੰ ਉਸ ਦੀ ਸਮੁੱਚੀ ਸ਼ਖ਼ਸੀਅਤ ਦੇ ਪ੍ਰਭਾਵ ਮੁਤਾਬਿਕ ਮਾਣ ਨਹੀਂ ਦਿੱਤਾ ਜਾਂਦਾ ਸਗੋਂ ਉਸ ਨੂੰ ਆਮ ਤੌਰ ’ਤੇ ਪੁਰਸ਼ ਤੋਂ ਹੇਠਲਾ ਦਰਜਾ ਹੀ ਦਿੱਤਾ ਜਾਂਦਾ ਹੈ। ਅੱਜ ਵੀ ਭਾਰਤ ਵਿਚ ਬਹੁਤੀਆਂ ਥਾਵਾਂ ’ਤੇ ਮਰਦ ਦੀ ਹਰ ਖੇਤਰ ਵਿਚ ਪ੍ਰਧਾਨਗੀ ਨਜ਼ਰ ਆਉਂਦੀ ਹੈ। ਅੱਜ ਵੀ ਮਰਦਾਂ ਦੇ ਮੁਕਾਬਲੇ ਵਿਚ ਔਰਤਾਂ ਦੀ ਗਿਣਤੀ ਘੱਟ ਹੈ। ਪਿਛਲੇ ਜ਼ਮਾਨੇ ਵਿਚ ਤਾਂ ਸਾਡੇ ਸਮਾਜ ਵਿਚ ਕੁੜੀਆਂ ਜੰਮਣ ’ਤੇ ਸੋਗ ਪੈਦਾ ਹੋ ਜਾਂਦਾ ਸੀ। ਅੱਜ ਭਾਵੇਂ ਸਥਿਤੀ ਕਾਫ਼ੀ ਬਦਲ ਗਈ ਹੈ ਪਰ ਸਮਾਜ ਵਿਚ ਮੋਟੇ ਰੂਪ ਵਿਚ ਮਾਨਸਿਕਤਾ ਪਹਿਲਾਂ ਜਿਹੀ ਹੀ ਨਜ਼ਰ ਆਉਂਦੀ ਹੈ। ਚਾਹੇ ਔਰਤ ਦੇ ਹਿੱਤਾਂ ਦੀ ਰੱਖਿਆ ਲਈ ਕਈ ਕਾਨੂੰਨ ਬਣਾਏ ਗਏ ਹਨ, ਪਰ ਇਸ ਦੇ ਬਾਵਜੂਦ ਬਹੁਤੀਆਂ ਥਾਵਾਂ ’ਤੇ ਔਰਤ ਦਾ ਹਰ ਪੱਖੋਂ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਨੂੰ ਆਪਣੇ ਅਧਿਕਾਰਾਂ ਤੋਂ ਵਾਂਝਿਆਂ ਰਹਿਣਾ ਪੈਂਦਾ ਹੈ। ਇਸ ਨੂੰ ਬਹੁਤ ਵਾਰ ਦਿੱਖ ਜਾਂ ਅਦਿੱਖ ਰੂਪ ਵਿਚ ਮਰਦ ਦੀ ਅਧੀਨਗੀ ਕਬੂਲ ਕਰਨੀ ਪੈਂਦੀ ਹੈ। ਇਸ ਦਾ ਇਕ ਵੱਡਾ ਕਾਰਨ ਇਹ ਰਿਹਾ ਹੈ ਕਿ ਅੱਜ ਵੀ ਵੱਡੀ ਗਿਣਤੀ ਵਿਚ ਔਰਤ ਆਰਥਿਕ ਤੌਰ ’ਤੇ ਆਜ਼ਾਦ ਨਹੀਂ ਸਗੋਂ ਇਸ ਨੂੰ ਮਰਦ ਦੇ ਹੱਥਾਂ ਵੱਲ ਵੇਖਣਾ ਪੈਂਦਾ ਹੈ। ਜਿਥੇ ਕਿਤੇ ਔਰਤ ਨੇ ਆਰਥਿਕ ਆਜ਼ਾਦੀ ਪ੍ਰਾਪਤ ਕਰ ਲਈ ਹੈ ਉਥੇ ਉਸ ਦੀ ਸਮਾਜਿਕ ਸਥਿਤੀ ਸਬੰਧੀ ਮਾਨਸਿਕ ਤੌਰ ’ਤੇ ਵੱਡੀ ਤਬਦੀਲੀ ਆਈ ਦਿਖਾਈ ਦਿੰਦੀ ਹੈ।

**(ਬਰਜਿੰਦਰ ਸਿੰਘ ਹਮਦਰਦ)**

ਪੰਜਾਬ ਦੀ ਜਵਾਨੀ ਜਿਸ ਤਰ੍ਹਾਂ ਨਸ਼ਿਆਂ ਦੀ ਦਲਦਲ ਵਿਚ ਧਸਦੀ ਜਾ ਰਹੀ ਹੈ। ਉਸ ਦਾ ਦਰਦ ਹਰ ਪੰਜਾਬੀ ਨੂੰ ਕੋਹ ਰਿਹਾ ਹੈ। ਦੱਖਣੀ ਏਸ਼ੀਆ ਦਾ ਇਹ ਭੂਖੰਡ ਕਿਸੇ ਗਹਿਰੀ ਕੌਮਾਂਤਰੀ ਸਾਜ਼ਿਸ਼ ਅਧੀਨ ਨਸ਼ਿਆਂ ਦੇ ਦਰਿਆ ਵਿਚ ਡਬੋਇਆ ਜਾ ਰਿਹਾ ਹੈ। ਭਾਰਤ ਭੂਮੀ ਦਾ ਇਹ ਉੱਤਰ ਪੱਛਮੀ ਭਾਗ, ਜਿਸ ਨੂੰ ਗੁਰੂ ਸਾਹਿਬਾਨ ਦੀ

ਰੂਹਾਨੀ ਤਾਕਤ ਨੇ ਹਮੇਸ਼ਾ ਸ਼ਕਤੀ ਪ੍ਰਦਾਨ ਕੀਤੀ ਹੈ ਇਸ ਵੇਲੇ ਇਕ ਤੋਂ ਬਾਅਦ ਦੂਸਰੀ ਸਾਜ਼ਿਸ਼ ਦਾ ਸ਼ਿਕਾਰ ਹੋ ਰਿਹਾ ਹੈ ਪਰ ਇਨ੍ਹਾਂ ਸਾਜ਼ਿਸ਼ਾਂ ਨੂੰ ਨਾਕਾਮ ਕਰਨ ਵਾਲੀਆਂ ਸ਼ਕਤੀਆਂ ਨੂੰ ਵੀ ਇਸ ਦੇ ਵਿਰਸੇ ਵਿਚ ਅਜਿਹਾ ਬਲ ਮਿਲ ਰਿਹਾ ਹੈ ਕਿ ਉਹ ਨਵੀਂ ਪੀੜ੍ਹੀ ਵਿਚ ਉਸ ਦੀ ਕੁਦਰਤੀ ਅਦੁੱਤੀ ਸ਼ਕਤੀ ਨੂੰ ਜਗਾਉਣ ਦਾ ਰਾਹ ਪੱਧਰਾ ਕਰ ਰਿਹਾ ਹੈ। 'ਅਜੀਤ' ਨੂੰ ਅਜਿਹੀ ਜ਼ਿੰਮੇਵਾਰੀ ਦਾ ਅਹਿਸਾਸ ਹੈ ਇਸੇ ਕਰਕੇ ਉਹ ਪੰਜਾਬੀ ਨੌਜਵਾਨਾਂ ਵਿਚ ਜਾਗ੍ਰਿਤੀ ਦੀ ਲਹਿਰ ਪੈਦਾ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਸਮੇਂ-ਸਮੇਂ ਉੱਤੇ ਚੰਗੇ ਸਿਹਤਮੰਦ ਵਿਚਾਰਾਂ ਵਾਲੇ ਲੇਖ ਛਾਪ ਕੇ ਜਾਗਰੂਕਤਾ ਪੈਦਾ ਕਰਨ ਵਾਲੀਆਂ ਸਰਗਰਮੀਆਂ ਨੂੰ ਆਪਣੇ ਕਾਲਮਾਂ ਵਿਚ ਜਗ੍ਹਾ ਦੇ ਕੇ ਅਤੇ ਖੁਦ ਸੰਪਾਦਕੀ ਲੇਖ ਲਿਖ ਕੇ ਨਸ਼ਾ ਵਿਰੋਧੀ ਲਹਿਰ ਬਣਾਉਣ ਦੇ ਯਤਨ ਕਰਨਾ ਇਸ ਅਖ਼ਬਾਰ ਦੇ ਉਦੇਸ਼ਾਂ ਵਿਚ ਸ਼ਾਮਿਲ ਰਿਹਾ ਹੈ।

> ਪੰਜਾਬ ਵਿਚ ਚੋਣਾਂ ਹੋਣ ਜਾ ਰਹੀਆਂ ਹਨ। ਵੋਟਰਾਂ ਨੂੰ ਹਰ ਢੰਗ-ਤਰੀਕੇ ਨਾਲ ਭਰਮਾਇਆ ਜਾ ਰਿਹਾ ਹੈ। ਪੈਸੇ ਤੋਂ ਬਾਅਦ ਵੋਟਰਾਂ ਨੂੰ ਖਿੱਚਣ ਦਾ ਜੋ ਢੰਗ ਲੱਭਿਆ ਗਿਆ ਹੈ, ਉਹ ਹੈ ਹਰ ਤਰ੍ਹਾਂ ਦੇ ਨਸ਼ੇ ਵਰਤਾਉਣਾ। ਅੱਜ ਪਿੰਡਾਂ ਅਤੇ ਸ਼ਹਿਰਾਂ ਵਿਚ ਬਹੁਤ ਸਾਰੇ ਲੋਕ ਨਸ਼ਿਆਂ ਵਿਚ ਡੁੱਬੇ ਦਿਖਾਈ ਦਿੰਦੇ ਹਨ। ਚੋਣਾਂ ਕਾਰਨ ਸ਼ਰਾਬ ਦੇ ਦਰਿਆ ਵਹਿਣੇ ਅਤੇ ਭੁੱਕੀ ਦੇ ਢੇਰ ਲੱਗਣੇ ਸ਼ੁਰੂ ਹੋ ਗਏ ਹਨ। ਪਾਰਟੀਆਂ ਨੂੰ ਅਤੇ ਉਮੀਦਵਾਰਾਂ ਨੂੰ ਇਹ ਭਰਮ ਪੈਦਾ ਹੋ ਗਿਆ ਹੈ ਕਿ ਨਸ਼ੇ ਵਰਤਾਉਣ ਤੋਂ ਬਗ਼ੈਰ ਉਹ ਵੋਟਾਂ ਪ੍ਰਾਪਤ ਕਰਨ ਵਿਚ ਸਫ਼ਲ ਨਹੀਂ ਹੋਣਗੇ। ਅਸੀਂ ਇਸ ਨੂੰ ਪੰਜਾਬ ਦੀ ਬਦਕਿਸਮਤੀ ਸਮਝਦੇ ਹਾਂ। ਪੰਜਾਬ ਦੀ ਜਵਾਨੀ ਪਹਿਲਾਂ ਹੀ ਨਸ਼ਿਆਂ ਨੇ ਪੂਰੀ ਤਰ੍ਹਾਂ ਖੋਰ ਕੇ ਰੱਖ ਦਿੱਤੀ ਹੈ। ਹੁਣ ਅਜਿਹਾ ਵਰਤਾਰਾ ਇਸ ਨੂੰ ਪੂਰੀ ਤਰ੍ਹਾਂ ਤਬਾਹ ਕਰ ਕੇ ਰੱਖ ਦੇਵੇਗਾ।
>
> **(ਬਰਜਿੰਦਰ ਸਿੰਘ ਹਮਦਰਦ)**

ਪੰਜਾਬ ਦੀ ਖ਼ੈਰ-ਸੁੱਖ ਮੰਗਦੇ ਹੋਏ ਪੰਜਾਬ ਵਿਚ ਸਰਗਰਮ ਰਾਜਨੀਤਕ ਪਾਰਟੀਆਂ ਦੀ ਆਪਣੇ ਰਾਜਸੀ ਮੁਫ਼ਾਦਾਂ ਲਈ ਸੂਬੇ ਦੀ ਨੌਜਵਾਨ-ਸ਼ਕਤੀ ਨੂੰ ਨਸ਼ਿਆਂ ਦੀ ਭੱਠੀ ਵਿਚ ਝੋਕ ਦੇਣ ਦੀ ਕੂੜ-ਮਣਸ਼ਾ ਵਿਰੁੱਧ ਇਸ ਤਰ੍ਹਾਂ ਆਵਾਜ਼ ਉਠਾਉਣਾ ਅਤੇ ਨਸ਼ਿਆਂ ਨਾਲ ਹੋਣ ਵਾਲੀ ਤਬਾਹੀ ਤੋਂ ਖ਼ਬਰਦਾਰ ਕਰਨਾ ਕੋਈ ਮਾਮੂਲੀ ਅਮਲ ਨਹੀਂ ਹੈ। ਇਹ ਸਭ ਕੁਝ ਉਸ ਦੂਰ-ਅੰਦੇਸ਼ੀ ਦਾ ਹਿੱਸਾ ਹੈ ਜਿਹੜੀ ਇਸ ਅਖ਼ਬਾਰ ਨੂੰ ਇਸ ਦੀ ਵਿਰਾਸਤ ਵਿਚ ਮਿਲੀ ਹੈ।

ਇਹ ਵਿਰਾਸਤ ਇਸ ਖਿੱਤੇ ਦੇ ਸਰਬਪੱਖੀ ਵਿਕਾਸ ਲਈ ਇਕ ਮਾਹੌਲ ਪੈਦਾ ਕਰਨ ਵਾਲੀ ਸੋਝੀ ਵੀ ਦਿੰਦੀ ਹੈ ਅਤੇ ਸ਼ਕਤੀ ਵੀ। ਸੋਝੀ ਅਤੇ ਸ਼ਕਤੀ ਦਾ ਇਹ ਸੁਮੇਲ ਪੰਜਾਬ ਦੇ ਵਿਕਾਸ ਲਈ ਨਵੇਂ-ਨਵੇਂ ਰਾਹ ਖੋਲ੍ਹਣ ਲਈ ਸਬੱਬ ਬਣਾਉਂਦਾ ਹੈ ਅਤੇ ਸਰਕਾਰਾਂ ਨੂੰ ਸਮੁੱਤ ਬਖ਼ਸ਼ਣ ਦੀ ਕਾਮਨਾ ਕਰਦਾ ਹੈ।

> ਨਵੀਂ ਸਰਕਾਰ ਤੋਂ ਲੋਕਾਂ ਨੂੰ ਬਹੁਤ ਆਸਾਂ ਹੁੰਦੀਆਂ ਹਨ। ਸੂਬਾ ਸਮੱਸਿਆਵਾਂ ਭਰਪੂਰ ਹੈ। ਆਉਣ ਵਾਲੀਆਂ ਚੁਣੌਤੀਆਂ ਬੜੀਆਂ ਵੱਡੀਆਂ ਹਨ। ਸਿਆਸੀ ਪਾਰਟੀਆਂ ਨੇ ਚੋਣ ਮਨੋਰਥ

ਪੱਤਰਾਂ ਵਿਚ ਬੜੇ ਵਾਅਦੇ ਕੀਤੇ ਹੁੰਦੇ ਹਨ। ਚੁਣੇ ਗਏ ਵਿਧਾਇਕਾਂ ਨੇ ਆਪੋ-ਆਪਣੇ ਇਲਾਕਿਆਂ ਦੀ ਸਾਰ ਲੈਣੀ ਹੁੰਦੀ ਹੈ। ਖੇਤੀ ਦੇ ਖੇਤਰ ਵਿਚ ਬਹੁਤ ਕੁਝ ਕਰਨ ਵਾਲਾ ਹੈ। ਸਨਅਤੀ ਖੇਤਰ ਸਰਕਾਰ ਦੇ ਬਹੁਤ ਧਿਆਨ ਦੀ ਮੰਗ ਕਰਦਾ ਹੈ। ਵਿੱਦਿਆ ਅਤੇ ਸਿਹਤ ਦੇ ਖੇਤਰ ਭਰਪੂਰ ਯਤਨਾਂ ਦੀ ਮੰਗ ਕਰਦੇ ਹਨ। ਸੈਂਕੜੇ ਹੋਰ ਮਹੱਤਵਪੂਰਨ ਖੇਤਰਾਂ ਵਿਚ ਫੌਰੀ ਸਰਗਰਮੀ ਦਿਖਾਉਣ ਦੀ ਜ਼ਰੂਰਤ ਹੈ। ਇਹ ਸਾਰੇ ਦ੍ਰਿਸ਼ 'ਤੇ ਨਜ਼ਰਸਾਨੀ ਕਰਕੇ ਸਰਕਾਰ ਨੂੰ ਤੁਰੰਤ ਆਪਣੇ ਵਿੱਤੀ ਸਾਧਨਾਂ ਨੂੰ ਆਧਾਰ ਬਣਾ ਕੇ ਤਰਜੀਹਾਂ ਮਿੱਥਣ ਦੀ ਜ਼ਰੂਰਤ ਹੁੰਦੀ ਹੈ ਤਾਂ ਜੋ ਇਕ ਨਿਸ਼ਚਿਤ ਸਮੇਂ ਵਿਚ ਆਪਣੇ ਵੱਲੋਂ ਸ਼ੁਰੂ ਕੀਤੀਆਂ ਯੋਜਨਾਵਾਂ ਨੂੰ ਸਿਰੇ ਚੜ੍ਹਾਇਆ ਜਾ ਸਕੇ।

**(ਬਰਜਿੰਦਰ ਸਿੰਘ ਹਮਦਰਦ)**

ਪੰਜਾਬ ਦੇ ਵਿਕਾਸ ਨੂੰ ਦਿਸ਼ਾ ਪ੍ਰਦਾਨ ਕਰਨ ਵਾਲੀਆਂ ਯੋਜਨਾਵਾਂ ਦਾ 'ਅਜੀਤ' ਦੀ ਰਾਏ ਨੂੰ ਅਣਗੌਲਿਆਂ ਕਰਕੇ ਕਿਆਸ ਤੱਕ ਨਹੀਂ ਕੀਤਾ ਜਾ ਸਕਦਾ। ਪੰਜਾਬ, ਪੰਜਾਬੀ, ਪੰਜਾਬੀਅਤ, ਇਸ ਦਾ ਵਿਕਾਸ, ਇਸ ਦਾ ਭਵਿੱਖ ਅਤੇ 'ਅਜੀਤ' ਅਖ਼ਬਾਰ ਇਹ ਸਭ ਕੁਝ ਇਕ ਦੂਸਰੇ ਵਿਚ ਇਸ ਤਰ੍ਹਾਂ ਰਚ-ਮਿਚ ਗਏ ਹਨ ਕਿ ਇਨ੍ਹਾਂ ਸਭਨਾਂ ਦੀਆਂ ਪਰਤਾਂ ਨੂੰ ਸਮਝਣ ਲਈ ਇਕ ਦੂਸਰੇ ਦੇ ਵਿਚੀਂ ਗੁਜ਼ਰਨਾ ਪਵੇਗਾ। ਪੰਜਾਬ ਦੇ ਪਿੰਡਾਂ ਦੀ ਗੱਲ ਹੋਵੇ ਜਾਂ ਪੰਜਾਬ ਦੀ ਭਾਸ਼ਾ ਦੀ ਗੱਲ, ਇਸ ਦੇ ਸਾਹਿਤ, ਬੌਧਿਕ ਵਿਕਾਸ, ਅਮੀਰ ਵਿਰਸੇ, ਵਿਆਪਕ ਵਰਤਮਾਨ ਅਤੇ ਭਾਵੇਂ ਇਸ ਦੇ ਲੁਭਾਉਣੇ ਭਵਿੱਖ ਦੀ ਗੱਲ ਹੋਵੇ, ਸਾਰੇ ਦੇ ਸਾਰੇ ਪਾਸਾਰ 'ਅਜੀਤ' ਅਖ਼ਬਾਰ ਦੇ ਵਿਸਥਾਰਾਂ ਨਾਲ ਜੁੜੇ ਹੋਏ ਹਨ। ਇਹੀ ਕਾਰਨ ਹੈ ਕਿ ਵਿਕਾਸ ਦੇ ਸੰਕਲਪ ਅਤੇ ਪਿੰਡਾਂ ਦੇ ਵਿਕਾਸ ਦੀ ਗੱਲ ਕਰਦਿਆਂ ਆਪ ਮੁਹਾਰੇ ਹੀ 'ਅਜੀਤ' ਦੀ ਗੱਲ ਹੋ ਜਾਂਦੀ ਹੈ।

## ਟਿੱਪਣੀਆਂ ਅਤੇ ਹਵਾਲੇ

- Hornby as Seventh Edition, ਪੰਨਾ-48
- -ਉਹੀ-, ਪੰਨਾ-48
- ਪੰਜਾਬੀ-ਅੰਗਰੇਜ਼ੀ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਤੀਜੀ ਛਾਪ, ਪੰਨਾ-778.
- -ਉਹੀ-, ਪੰਨਾ-421, 2009.
- Mool Chand Sharma (Prof.) Human Security and Human Development some insights. Special Lecture-UGC New Delhi. ਪੰਨਾ-5.
- Sucha Singh Gill, Ranjit Singh Ghuman. (Rural Health-Emerging Punjab Scenario. Globalisation and Punjab. ਪੰਨਾ-221-22.
- -ਉਹੀ-, ਪੰਨਾ-222.
- Baller. E, 'The Cultural and Historical Progress and Cultural Heritage.' Communism and Cultural Heritage. ਪੰਨਾ-30.
- ਬਰਜਿੰਦਰ ਸਿੰਘ ਹਮਦਰਦ - ਸੰਪਾਦਕੀ 'ਅਜੀਤ' 20-5-2001.
- -ਉਹੀ-, ਬਿਜਲੀ ਦਾ ਸੰਕਟ ਸੁਚੱਜੀ ਯੋਜਨਾਬੰਦੀ ਦੀ ਲੋੜ - ਸੰਪਾਦਕੀ 'ਅਜੀਤ' - 28-3-2001.
- -ਉਹੀ-, ਪੰਜਾਬੀਅਤ ਦੀ ਭਾਵਨਾ ਦਾ ਪ੍ਰਗਟਾਵਾ - ਸੰਪਾਦਕੀ 'ਅਜੀਤ' 3-3-2001.
- -ਉਹੀ-, ਨਿਰਾਸ਼ਾਜਨਕ ਬੱਜਟ - ਸੰਪਾਦਕੀ 'ਅਜੀਤ' 21-6-2002.
- -ਉਹੀ-, ਕੌਮਾਂਤਰੀ ਨਾਰੀ ਦਿਵਸ ਦੀ ਸਾਰਥਿਕਤਾ - ਸੰਪਾਦਕੀ 'ਅਜੀਤ' 10-3-2002.
- -ਉਹੀ-, ਚੰਗੇ ਯਤਨ ਜਾਰੀ ਰੱਖੋ - ਸੰਪਾਦਕੀ 'ਅਜੀਤ' 3-2-2002.
- -ਉਹੀ-, 'ਅਜੀਤ' ਆਪਣੇ ਰਸਤੇ 'ਤੇ ਚਲਦਾ ਰਹੇਗਾ - ਸੰਪਾਦਕੀ 'ਅਜੀਤ' 21-4-2002.

# 'ਅਜੀਤ' ਦੇ ਸੰਪਾਦਕੀ ਲੇਖਾਂ ਦਾ ਅਧਿਐਨ

ਪੰਜਾਬ ਦੇ ਪਿੰਡਾਂ ਦੇ ਵਿਕਾਸ ਬਾਰੇ 'ਅਜੀਤ' ਦੀ ਚਿੰਤਾ ਅਤੇ ਚਿੰਤਨ ਦੀ ਸਹੀ ਸਹੀ ਤਸਵੀਰ ਇਸ ਦੇ ਸੰਪਾਦਕੀ ਲੇਖਾਂ ਵਿਚੋਂ ਝਲਕਦੀ ਭਲੀਭਾਂਤ ਦਿਸਦੀ ਹੈ। ਦੱਖਣੀ ਏਸ਼ੀਆ ਦੇ ਇਸ ਭੂਖੰਡ ਦਾ ਪਿਛਲੇ ਦਹਾਕੇ ਦਾ ਵਿਕਾਸ-ਇਤਿਹਾਸ ਬਹੁਤ ਹੀ ਤੇਜ਼ੀ ਨਾਲ ਬਲਦਲਦੀਆਂ ਹਾਲਤਾਂ ਵਾਲਾ ਹੈ। ਇਨ੍ਹਾਂ ਸਾਲਾਂ ਵਿਚ ਇਕ ਤੋਂ ਬਾਅਦ ਇਕ ਬਦਲਦੀਆਂ ਸਰਕਾਰਾਂ ਨੇ ਹਮੇਸ਼ਾ ਇਹ ਅਕਾਂਖਿਆ ਕੀਤੀ ਹੈ ਕਿ ਪੰਜਾਬ ਵਿਚਲੇ ਵਿਕਾਸ ਕਾਰਜ ਨਿਰਵਿਘਨ ਚਲਦੇ ਰਹਿਣ ਅਤੇ ਪੰਜਾਬ ਹਰ ਪੱਖੋਂ ਇਕ ਵਿਕਸਿਤ ਸੂਬੇ ਦੇ ਤੌਰ ਉੱਤੇ ਉੱਭਰੇ ਕੇ ਸਾਹਮਣੇ ਆਵੇ ਅਤੇ ਸਾਰੇ ਦੇਸ਼ ਲਈ ਇਕ ਮਿਸਾਲ ਬਣ ਸਕੇ। ਇਹ ਪ੍ਰਦੇਸ਼ ਪ੍ਰਦੂਸ਼ਣ ਮੁਕਤ ਹੋਵੇ, ਨਸ਼ਾ ਮੁਕਤ ਹੋਵੇ ਅਤੇ ਖ਼ੁਸ਼ਹਾਲ ਹੋਵੇ। ਜਿਥੇ ਜਿਥੇ ਵੀ ਸਰਕਾਰਾਂ ਦੀਆਂ ਇਹ ਅਕਾਂਖਿਆਵਾਂ ਡੋਲਦੀਆਂ ਨਜ਼ਰ ਆਉਣ ਅਤੇ ਜਦੋਂ ਜਦੋਂ ਵੀ ਇਹ ਮਹਿਸੂਸ ਹੋਣ ਲੱਗੇ ਕਿ ਪੰਜਾਬ ਦੇ ਲੋਕ ਇਸ ਸੰਬੰਧੀ ਅਵੱਸਲੇ ਹੋ ਰਹੇ ਹਨ ਉਦੋਂ ਉਦੋਂ ਹੀ 'ਅਜੀਤ' ਦੇ ਮੁੱਖ ਸੰਪਾਦਕ ਡਾ. ਬਰਿਜਦਰ ਸਿੰਘ ਹਮਦਰਦ ਦੀ ਕਲਮ ਨੇ ਆਪਣੇ ਸੰਪਾਦਕੀ ਲੇਖਾਂ ਰਾਹੀਂ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ। ਉਸ ਨੇ 8-2-2009 ਦੇ ਆਪਣੇ ਸੰਪਾਦਕੀ ਵਿਚ ਲਿਖਿਆ—

> ਅੱਜ ਸੂਬੇ ਵਿਚ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਫੈਲ ਰਹੀ ਹੈ। ਲਗਾਤਾਰ ਵਧਦੀ ਬੇਰੁਜ਼ਗਾਰਾਂ ਦੀ ਫ਼ੌਜ ਕਿਸੇ ਵੀ ਤਰ੍ਹਾਂ ਸਿਹਤਮੰਦ ਸੂਬੇ ਦੀ ਸ਼ਾਹਦੀ ਨਹੀਂ ਹੋ ਸਕਦੀ। ਇਸ ਸਮੱਸਿਆ ਨਾਲ ਨਜਿੱਠਣ ਲਈ ਬੜੀ ਮਜ਼ਬੂਤ ਅਤੇ ਵੱਡੀ ਯੋਜਨਾਬੰਦੀ ਦੀ ਜ਼ਰੂਰਤ ਹੋਵੇਗੀ ਕਿਉਂਕਿ ਇਸ ਸਮੱਸਿਆ ਨਾਲ ਅਨੇਕਾਂ ਹੋਰ ਸਮੱਸਿਆਵਾਂ ਵੀ ਜੁੜੀਆਂ ਹੋਈਆਂ ਹਨ, ਜੋ ਆਉਂਦੇ ਸਮੇਂ ਵਿਚ ਸਮਾਜ ਲਈ ਇਕ ਵੱਡੀ ਚੁਣੌਤੀ ਬਣ ਸਕਦੀਆਂ ਹਨ। ਅੱਜ ਚੋਣਾਂ ਦਾ ਸਮਾਂ ਹੈ। ਇਸ ਲਈ ਅਸੀਂ ਫ਼ੌਰੀ ਵੱਡੀਆਂ ਅਤੇ ਲੰਮੀਆਂ ਯੋਜਨਾਵਾਂ ਦਾ ਸੁਝਾਅ ਨਹੀਂ ਦੇ ਸਕਦੇ। ਪਰ ਇਹ ਗੱਲ ਯਕੀਨੀ ਹੈ ਕਿ ਇਨ੍ਹਾਂ ਯੋਜਨਾਵਾਂ ਨੂੰ ਸਫ਼ਲ ਬਣਾਉਣ ਤੋਂ ਬਗੈਰ ਭਵਿੱਖ ਵਿਚ ਰਾਜ ਲਈ ਠੋਸ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਨਾ ਹੀ ਪੰਜਾਬ ਨੂੰ ਇਕ ਖ਼ੁਸ਼ਹਾਲ ਅਤੇ ਸਿਹਤਮੰਦ ਸੂਬਾ ਬਣਾਇਆ ਜਾ ਸਕਦਾ ਹੈ।

**(ਬਰਜਿੰਦਰ ਸਿੰਘ ਹਮਦਰਦ)**

ਪੰਜਾਬ ਦੇ ਠੋਸ ਵਿਕਾਸ ਲਈ ਇਸ ਤਰ੍ਹਾਂ ਦੀ ਚਿੰਤਾ ਦਾ ਪ੍ਰਗਟਾਵਾ ਕਰਨਾ ਅਤੇ ਸੂਬੇ ਦੀ ਖ਼ੁਸ਼ਹਾਲੀ ਲਈ ਵਿਕਾਸ ਦੀਆਂ ਯੋਜਨਾਵਾਂ ਸੰਬੰਧੀ ਨਾ ਸਿਰਫ਼ ਆਪਣੇ ਸੁਝਾਅ ਪੇਸ਼ ਕਰਨਾ ਸਗੋਂ ਉਨ੍ਹਾਂ ਨੂੰ ਲਾਗੂ ਕਰਵਾਉਣ ਲਈ ਉਨ੍ਹਾਂ ਉੱਤੇ ਪਹਿਰਾ ਵੀ ਦੇਣਾ ਇਸ ਅਖ਼ਬਾਰ ਦੀ ਮੂਲ ਚਿੰਤਾ ਹੈ।

## ਯੋਜਨਾਬੱਧ ਵਿਕਾਸ 'ਤੇ ਜ਼ੋਰ

ਦੇਸ਼ ਦੀ ਸਮੁੱਚੀ ਹਾਲਤ ਦੇ ਸੰਦਰਭ ਵਿਚ ਪੰਜਾਬ ਨੂੰ ਵੇਖਣਾ ਅਤੇ ਇਸ ਦੀ ਖ਼ੁਸ਼ਹਾਲੀ ਲਈ ਹਰ ਯਤਨ ਕਰਨ ਲਈ ਤਤਪਰ ਰਹਿਣਾ ਅਤੇ ਪਿੰਡਾਂ ਦੇ ਵਿਕਾਸ ਦੇ ਸਵਾਲ ਨੂੰ ਅਮਲੀ ਯੋਜਨਾਬੰਦੀ ਦੀ ਲੋੜ ਸਮਝ ਕੇ

ਸਰਕਾਰਾਂ ਨੂੰ ਜਾਗਰੂਕ ਕਰਨਾ 'ਅਜੀਤ' ਦੇ ਕਾਲਮਾਂ ਦਾ ਮੁੱਖ ਉਦੇਸ਼ ਹੈ। ਜੁਲਾਈ 2004 ਵਿਚ ਜਦੋਂ ਸਾਂਝੇ ਪ੍ਰਗਤੀਸ਼ੀਲ ਗਠਜੋੜ ਦੀ ਸਰਕਾਰ ਵੱਲੋਂ ਸੱਤਾ ਵਿਚ ਆਉਣ ਉਪਰੰਤ ਸਾਰੇ ਰਾਜਾਂ ਦੇ ਮੁੱਖ ਮੰਤਰੀਆਂ ਦੀ ਬੈਠਕ ਬੁਲਾਈ ਗਈ ਤਾਂ ਉਸ ਬੈਠਕ ਵਿਚ ਕੀਤੇ ਗਏ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਭਾਸ਼ਣ ਉੱਤੇ ਟਿੱਪਣੀ ਕਰਦਿਆਂ ਡਾ. ਬਰਜਿੰਦਰ ਸਿੰਘ ਹਮਦਰਦ ਨੇ ਲਿਖਿਆ ਸੀ।

> ਅਸੀਂ ਇਸ ਮਸਲੇ ਪ੍ਰਤੀ ਸਰਕਾਰ ਦੀ ਚਿੰਤਾ ਅਤੇ ਉਸ ਦੇ ਗੰਭੀਰ ਹੋਣ ਸੰਬੰਧੀ ਸ਼ੱਕ ਨਹੀਂ ਕਰਦੇ ਪਰ ਇਸ ਵਿਚ ਚੰਗੀ ਪ੍ਰਾਪਤੀ ਤਦੇ ਹੋ ਸਕਦੀ ਹੈ, ਜੇਕਰ ਇਸ ਪ੍ਰਤੀ ਕੀਤੀ ਗਈ ਯੋਜਨਾਬੰਦੀ ਨੂੰ ਅਮਲੀ ਰੂਪ ਪ੍ਰਦਾਨ ਕੀਤਾ ਜਾਵੇ। ਇਸ ਯੋਜਨਾਬੰਦੀ ਵਿਚ ਪਿੰਡਾਂ ਵਿਚ ਵੱਧ ਤੋਂ ਵੱਧ ਰੁਜ਼ਗਾਰ ਦੇ ਸਾਧਨ ਪੈਦਾ ਕਰਨਾ ਸ਼ਾਮਿਲ ਹੋਣਾ ਚਾਹੀਦਾ ਹੈ। ਖੇਤੀ ਆਧਾਰਿਤ ਸਨਅਤਾਂ ਦਾ ਪਸਾਰ ਇਸ ਨਿਸ਼ਾਨੇ ਦੀ ਪੂਰਤੀ ਵਿਚ ਕਾਫੀ ਸਹਾਈ ਹੋ ਸਕਦਾ ਹੈ ਜਿਸ ਨਾਲ ਕਿਸਾਨ ਨੂੰ ਉਸ ਦੀ ਉਪਜ ਦਾ ਚੰਗਾ ਮੁੱਲ ਮਿਲ ਸਕਦਾ ਹੈ। ਫ਼ਸਲਾਂ ਦਾ ਚੰਗਾ ਮੰਡੀਕਰਨ ਅਤੇ ਚੰਗੀ ਉਪਜ ਦੇ ਚੰਗੇ ਭਾਅ ਹੀ ਕਿਸਾਨ ਦੀ ਹੋਣੀ ਨੂੰ ਸਵਾਰਨ ਦੀ ਸ਼ਾਅਦੀ ਹੋ ਸਕਦੇ ਹਨ। ਅਸੀਂ ਮਹਿਸੂਸ ਕਰਦੇ ਹਾਂ ਕਿ ਅਜਿਹੇ ਯਤਨਾਂ ਵਿਚ ਕਿਸਾਨ ਸੰਗਠਨਾਂ ਨੂੰ ਵੀ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਤਜਰਬੇ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੇਕਰ ਇਸ ਖੇਤਰ ਨੂੰ ਤਰਜੀਹੀ ਆਧਾਰ 'ਤੇ ਲੈਂਦੇ ਹਨ ਤਾਂ ਆਉਣ ਵਾਲੇ ਸਮੇਂ ਵਿਚ ਉਹ ਦੇਸ਼ ਨੂੰ ਵੱਡੀ ਦੇਣ ਦੇ ਸਕਣ ਦੇ ਸਮਰੱਥ ਹੋ ਸਕਣਗੇ।

'ਅਜੀਤ' ਅਖ਼ਬਾਰ ਪੰਜਾਬ ਦੀ ਸਥਿਤੀ ਦਾ ਵਰਣਨ ਕਰਦਾ ਹੋਇਆ ਹਮੇਸ਼ਾ ਇਹ ਸਮਝਦਾ ਰਿਹਾ ਹੈ ਕਿ ਇਸ ਸਮੇਂ ਪੰਜਾਬ ਨੂੰ ਆਪਣੇ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਦੀ ਬੇਹੱਦ ਲੋੜ ਹੈ। ਕੋਈ ਸਮਾਂ ਸੀ ਜਦੋਂ ਪੰਜਾਬ ਵਿਚ ਇਹ ਮਾਣ ਨਾਲ ਕਿਹਾ ਜਾਣ ਲੱਗਾ ਕਿ ਇਸ ਦੇ ਹਰ ਪਿੰਡ ਨੂੰ ਸੜਕਾਂ ਨਾਲ ਜੋੜ ਦਿੱਤਾ ਗਿਆ ਹੈ ਅਤੇ ਹਰ ਪਿੰਡ ਵਿਚ ਬਿਜਲੀ ਪਹੁੰਚਾ ਦਿੱਤੀ ਗਈ ਹੈ। ਪਰੰਤੂ ਇਹ ਹਕੀਕਤ ਹੋਣ ਦੇ ਬਾਵਜੂਦ ਨਾ ਸੜਕਾਂ ਦੀ ਹਾਲਤ ਤਸੱਲੀਬਖ਼ਸ਼ ਹੈ ਅਤੇ ਨਾ ਹੀ ਬਿਜਲੀ ਗੁਜ਼ਾਰੇ ਜੋਗੀ ਮੁਹੱਈਆ ਹੋ ਰਹੀ ਹੈ। ਪਿੰਡਾਂ ਨੂੰ ਪ੍ਰਦੂਸ਼ਣ ਰਹਿਤ ਬਣਾਉਣ ਲਈ ਵੀ ਕੋਈ ਗੰਭੀਰ ਯੋਜਨਾਬੰਦੀ ਨਹੀਂ ਕੀਤੀ ਜਾ ਰਹੀ। 'ਅਜੀਤ' ਵੱਲੋਂ ਇਨ੍ਹਾਂ ਸਮੱਸਿਆਵਾਂ ਦੀ ਚਰਚਾ ਕਰਦੇ ਹੋਏ ਸਰਕਾਰ ਵੱਲੋਂ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਆਰੰਭੇ ਜਾਣ ਵਾਲੇ ਕਾਰਜਾਂ ਨੂੰ 22 ਮਈ 2002 ਨੂੰ ਲਿਖੇ ਸੰਪਾਦਕੀ ਵਿਚ ਜੀ ਆਇਆਂ ਕਿਹਾ ਅਤੇ ਅਜਿਹੇ ਕਾਰਜਾਂ ਦੀ ਸਫ਼ਲਤਾ ਲਈ ਕਾਮਨਾ ਕੀਤੀ—

> ਵਿਸ਼ਵ ਬੈਂਕ ਦੀ ਸਹਾਇਤਾ ਨਾਲ ਆਉਂਦੇ ਸਮੇਂ 'ਚ ਤਿੰਨ ਹਜ਼ਾਰ ਪਿੰਡਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕੀਤਾ ਜਾਏਗਾ। ਪਿੰਡਾਂ ਦੇ ਟੋਭਿਆਂ ਦੀ ਸਫ਼ਾਈ ਕੀਤੀ ਜਾਵੇਗੀ ਅਤੇ ਕੁੱਲ 100 ਪਿੰਡਾਂ ਅੰਦਰ ਸੀਵਰੇਜ ਪਾਇਆ ਜਾਵੇਗਾ। ਇਸੇ ਤਰ੍ਹਾਂ ਹੀ 1500 ਕਰੋੜ ਦੀ ਲਾਗਤ ਨਾਲ 1300 ਕਿਲੋਮੀਟਰ ਸੜਕਾਂ ਨੂੰ ਚੌੜੀਆਂ, ਮਜ਼ਬੂਤ ਅਤੇ ਮੁਕੰਮਲ ਕਰਨ ਦਾ ਪ੍ਰਾਜੈਕਟ ਆਰੰਭ ਕਰ ਦਿੱਤਾ ਗਿਆ ਹੈ। ਜੇਕਰ ਸਿਆਣੀ ਯੋਜਨਾਬੰਦੀ ਨਾਲ ਬਣਾਏ ਗਏ ਇਨ੍ਹਾਂ

> ਪ੍ਰਾਜੈਕਟਾਂ ਨੂੰ ਮਿੱਥੇ ਸਮੇਂ ਵਿਚ ਸਿਰੇ ਚਾੜ੍ਹਿਆ ਜਾ ਸਕੇ ਤਾਂ ਇਹ ਪੰਜਾਬ ਸਰਕਾਰ ਦੀ ਵੱਡੀ ਸਫ਼ਲਤਾ ਮੰਨੀ ਜਾਏਗੀ। ਇਸ ਸਮੇਂ ਅਨੇਕਾਂ ਅਜਿਹੇ ਮਹੱਤਵਪੂਰਨ ਪ੍ਰਾਜੈਕਟ ਅਧੂਰੇ ਪਏ ਹਨ, ਜਿਨ੍ਹਾਂ ਦੇ ਪੂਰੇ ਹੋਣ ਨਾਲ ਰਾਜ ਦੀ ਹੋਣੀ ਬਦਲ ਸਕਦੀ ਹੈ।
>
> **(ਬਰਜਿੰਦਰ ਸਿੰਘ ਹਮਦਰਦ)**

ਪੰਜਾਬ ਵਿਚ ਪਿੰਡਾਂ ਅਤੇ ਸ਼ਹਿਰਾਂ ਦੇ ਅਸਾਵੇਂ ਵਿਕਾਸ ਨੂੰ ਸਰਕਾਰਾਂ ਦੇ ਧਿਆਨ ਵਿਚ ਲਿਆਉਣਾ ਵੀ 'ਅਜੀਤ' ਦਾ ਮੁੱਖ ਉਦੇਸ਼ ਰਿਹਾ ਹੈ। 'ਅਜੀਤ' ਨੇ ਆਪਣੇ ਕਾਲਮਾਂ ਵਿਚ ਵਾਰ-ਵਾਰ ਲਿਖਿਆ ਹੈ ਕਿ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਵਿਕਾਸ ਦੀ ਤਸਵੀਰ ਹਰ ਪੱਖੋਂ ਵਿਚਾਰਗੀ ਵਾਲੀ ਹੈ ਕਿਉਂਕਿ ਸਾਡੀਆਂ ਸਰਕਾਰਾਂ ਨੇ ਸ਼ਹਿਰਾਂ ਅਤੇ ਪਿੰਡਾਂ ਲਈ ਵੱਖੋ ਵੱਖਰੇ ਪੈਮਾਨੇ ਰੱਖੇ ਹੋਏ ਹਨ। ਪਿਛਲੇ ਕੁਝ ਸਾਲਾਂ ਤੋਂ ਸ਼ਹਿਰਾਂ ਵਿਚ ਵਸੋਂ ਦਾ ਰੁਝਾਨ ਵਧਣ ਦੇ ਬਾਵਜੂਦ ਹਾਲਾਂ ਵੀ ਪੰਜਾਬ ਦੀ ਆਬਾਦੀ ਦਾ 66 ਫੀਸਦੀ ਹਿੱਸਾ ਪਿੰਡਾਂ ਵਿਚ ਵਸਦਾ ਹੈ ਅਤੇ ਆਪਣੀ ਰੋਟੀ ਰੋਜ਼ੀ ਲਈ ਖੇਤੀਬਾੜੀ ਜਾਂ ਇਸ ਨਾਲ ਸੰਬੰਧਤ ਸਹਾਇਕ ਧੰਦਿਆਂ ਉੱਤੇ ਹੀ ਨਿਰਭਰ ਕਰਦਾ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਜੀਵਨ ਦੀਆਂ ਬੁਨਿਆਦੀ ਸਹੂਲਤਾਂ ਦਾ ਤਵਾਜ਼ਨ ਇਸ ਦੇ ਬਿਲਕੁਲ ਉਲਟ ਹੈ। ਜੇਕਰ ਸਹੂਲਤਾਂ ਦਾ ਤਵਾਜ਼ਨ ਆਬਾਦੀ ਦੇ ਅਨੁਪਾਤ ਅਨੁਸਾਰ ਨਾ ਵੀ ਹੋਵੇ ਤਾਂ ਘੱਟੋ ਘੱਟ ਬਰਾਬਰੀ ਵਾਲਾ ਤਾਂ ਹੋਣਾ ਹੀ ਚਾਹੀਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਵਿਕਾਸ ਸਾਵਾਂ ਹੋਵੇਗਾ। ਜੇਕਰ ਸਿੱਖਿਆ ਨਾਲ ਸੰਬੰਧਤ ਸਹੂਲਤਾਂ ਨੂੰ ਹੀ ਲੈ ਲਈਏ ਤਾਂ ਰਾਜ ਦੀਆਂ ਚਾਰ ਯੂਨੀਵਰਸਿਟੀਆਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦਾ ਪੇਂਡੂ ਤੇ ਸ਼ਹਿਰੀ ਅਨੁਪਾਤ ਨਿਰਾਸ਼ ਕਰਨ ਵਾਲਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਤਤਕਾਲੀਨ ਉੱਪ ਕੁਲਪਤੀ ਸਵਰਨ ਸਿੰਘ ਬੋਪਾਰਾਏ ਵੱਲੋਂ ਰਾਜ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੂੰ ਅਜਿਹੀ ਹਾਲਤ ਸੰਬੰਧੀ ਲਿਖੇ ਗਏ ਇਕ ਪੱਤਰ ਦਾ ਹਵਾਲਾ ਦਿੰਦੇ ਹੋਏ 'ਅਜੀਤ' ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨੇ ਆਪਣੀ ਅਖ਼ਬਾਰ ਦੇ ਪੰਜ ਦਸੰਬਰ 2006 ਦੇ ਸੰਪਾਦਕੀ ਵਿਚ ਆਈ ਪੀੜਾ ਨੂੰ ਕੁਝ ਇਸ ਤਰ੍ਹਾਂ ਪ੍ਰਗਟ ਕੀਤਾ—

> ਇਕ ਸਰਵੇਖਣ ਅਨੁਸਾਰ ਰਾਜ ਦੀਆਂ ਚਾਰ ਯੂਨੀਵਰਸਿਟੀਆਂ ਵਿਚ ਪਿੰਡਾਂ ਦੇ ਰਹਿਣ ਵਾਲੇ ਬਹੁਤ ਹੀ ਘੱਟ ਨੌਜਵਾਨ ਦਾਖ਼ਲ ਹਨ। ਸ. ਬੋਪਾਰਾਏ ਨੇ ਕਿਹਾ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਪਿੰਡਾਂ ਦੇ ਸਿਰਫ਼ ਚਾਰ ਫ਼ੀਸਦੀ ਨੌਜਵਾਨ ਹੀ ਪੜ੍ਹਾਈ ਕਰ ਰਹੇ ਹਨ ਜਦੋਂ ਕਿ 96 ਫ਼ੀਸਦੀ ਵਿਦਿਆਰਥੀ ਸ਼ਹਿਰਾਂ ਦੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਪਿੰਡਾਂ ਦੇ ਸਿਰਫ਼ 4.73 ਫ਼ੀਸਦੀ ਵਿਦਿਆਰਥੀ ਹੀ ਪੜ੍ਹਾਈ ਕਰ ਰਹੇ ਹਨ ਜਦੋਂ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਤਿੰਨ ਫ਼ੀਸਦੀ ਅਤੇ ਪੰਜਾਬ ਯੂਨੀਵਰਸਿਟੀ ਵਿਚ ਸਿਰਫ਼ 2 ਫ਼ੀਸਦੀ ਹਨ। ਸਿਰਫ਼ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੇਂਡੂ ਵਿਦਿਆਰਥੀਆਂ ਦੀ ਗਿਣਤੀ 8 ਫ਼ੀਸਦੀ ਹੈ। ਇਸ ਦਾ ਮੁੱਖ ਕਾਰਨ ਯੂਨੀਵਰਸਿਟੀ ਵਿਚ ਪ੍ਰਬੰਧਕਾਂ ਵੱਲੋਂ ਕੀਤੀਆਂ ਗਈਆਂ ਵੱਡੀਆਂ ਤਬਦੀਲੀਆਂ ਹਨ।

> ਯੂਨੀਵਰਸਿਟੀ ਵੱਲੋਂ ਪੇਂਡੂ ਇਲਾਕਿਆਂ ਵਿਚ 6 ਹੋਰ ਥਾਵਾਂ ’ਤੇ ਕੈਂਪਸ ਸਥਾਪਿਤ ਕੀਤੇ ਗਏ ਹਨ ਜਿਨ੍ਹਾਂ ਵਿਚ ਵਧੇਰੇ ਪਿੰਡਾਂ ਦੇ ਵਿਦਿਆਰਥੀ ਪੜ੍ਹ ਰਹੇ ਹਨ। ਇਹ ਕੈਂਪਸ ਰਾਮਪੁਰਾ ਫੂਲ, ਝੁਨੀਰ, ਕਰੰਡੀ, ਸਰਦੂਲਗੜ੍ਹ, ਜੋਗਾ ਅਤੇ ਦੇਹਲਾ ਸੀਹਾਂ ਵਿਚ ਹਨ। ਸ. ਬੋਪਾਰਾਏ ਨੇ ਦੱਸਿਆ ਹੈ ਕਿ ਸਰਕਾਰ ਨੇ ਇਨ੍ਹਾਂ ਯੂਨੀਵਰਸਿਟੀਆਂ ਨੂੰ 165 ਕਰੋੜ ਰੁਪਏ ਦੀ ਗਰਾਂਟ ਦਿੱਤੀ ਹੈ। ਜੇਕਰ ਉੱਪਰਲੇ ਅਨੁਪਾਤ ਅਨੁਸਾਰ ਇਸ ਗਰਾਂਟ ਨੂੰ ਵੇਖਿਆ ਜਾਵੇ ਤਾਂ ਪੇਂਡੂ ਵਿਦਿਆਰਥੀਆਂ ਦੇ ਹਿੱਸੇ ਸਿਰਫ਼ 7.30 ਫ਼ੀਸਦੀ ਰਕਮ ਹੀ ਆਉਂਦੀ ਹੈ।
>
> (**ਬਰਜਿੰਦਰ ਸਿੰਘ ਹਮਦਰਦ**)

ਫਰਵਰੀ 2006 ਵਿਚ ਜਦੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਂਧਰਾ ਪ੍ਰਦੇਸ਼ ਦੇ ਛੋਟੇ ਜਿਹੇ ਪਿੰਡ ਬੰਡਲਾਪਲੇ ਵਿਚ ਪਹੁੰਚ ਕੇ ‘ਪੇਂਡੂ ਰੁਜ਼ਗਾਰ ਗਰੰਟੀ ਯੋਜਨਾ’ ਦੀ ਸ਼ੁਰੂਆਤ ਕੀਤੀ ਤਾਂ ‘ਅਜੀਤ’ ਨੇ ਇਸ ਨੂੰ ਇਨਕਲਾਬੀ ਕਦਮ ਦੱਸਦੇ ਹੋਏ ਪ੍ਰਧਾਨ ਮੰਤਰੀ ਦੇ ਉਨ੍ਹਾਂ ਸ਼ਬਦਾਂ ਦੀ ਸ਼ਲਾਘਾ ਕੀਤੀ ਜਿਨ੍ਹਾਂ ਵਿਚ ਉਨ੍ਹਾਂ ਕਿਹਾ ਸੀ ਕਿ ਇਸ ਦੇਸ਼ ਦੇ ਸੰਵਿਧਾਨ ਘਾੜਿਆਂ ਦਾ ਇਹ ਸੁਪਨਾ ਸੀ ਕਿ ਇਸ ਦੇਸ਼ ਵਿਚੋਂ ਗ਼ਰੀਬੀ, ਭੁੱਖ, ਅਤੇ ਬੇਰੁਜ਼ਗਾਰੀ ਦੂਰ ਹੋਵੇ ਅਤੇ ਇਸ ਯੋਜਨਾ ਦੀ ਸਫ਼ਲਤਾ ਦੀ ਕਾਮਨਾ ਕਰਦੇ ਹੋਏ ਕਿਹਾ ਸੀ ਕਿ ਇਸ ਯੋਜਨਾ ਦੇ ਸਫ਼ਲਤਾ ਨਾਲ ਲਾਗੂ ਹੋਣ ਉਪਰੰਤ ਇਸ ਦਾ ਲਾਭ ਇਸ ਦੇਸ਼ ਦੇ ਅਤਿ ਗ਼ਰੀਬ ਲੋਕਾਂ ਨੂੰ ਮਿਲੇਗਾ ਅਤੇ ਇਸ ਨਾਲ ਸਾਡੇ ਲੋਕਾਂ ਦਾ ਪਿੰਡਾਂ ਤੋਂ ਸ਼ਹਿਰਾਂ ਵਲ ਪਲਾਇਨ ਵੀ ਘਟੇਗਾ। ਜਿਸ ਭਾਵਨਾ ਨਾਲ ਇਹ ਯੋਜਨਾ ਸ਼ੁਰੂ ਕੀਤੀ ਗਈ ਹੈ ਜੇਕਰ ਉਸੇ ਭਾਵਨਾ ਨਾਲ ਇਸ ਨੂੰ ਅਮਲੀ ਜਾਮਾ ਪਹਿਨਾਇਆ ਜਾਂਦਾ ਹੈ ਤਾਂ ਦੇਸ਼ ਦੇ ਕਰੋੜਾਂ ਲੋਕਾਂ ਲਈ ਇਹ ਵੱਡਾ ਵਰਦਾਨ ਸਾਬਤ ਹੋ ਸਕਦੀ ਹੈ। ਬੇਹੱਦ ਲੋੜਵੰਦ ਪਰਿਵਾਰਾਂ ਨੂੰ ਇਹ ਆਸ ਵੀ ਬੱਝ ਸਕਦੀ ਹੈ ਕਿ ਕੋਈ ਉਨ੍ਹਾਂ ਦੀ ਸਾਰ ਲੈਣ ਵਾਲਾ ਹੈ। ਤੌਖਲਾ ਸਿਰਫ਼ ਇਹ ਹੈ ਕਿ ਇਸ ਯੋਜਨਾ ਦਾ ਹਸ਼ਰ ਵੀ ਪਹਿਲਾਂ ਬਣਾਈਆਂ ਗਈਆਂ ਵੱਡੀਆਂ ਯੋਜਨਾਵਾਂ ਵਰਗਾ ਨਾ ਹੋ ਜਾਵੇ ਇਸ ਭਾਵਨਾ ਨਾਲ ਆਪਣੀ ਚਿੰਤਾ ਨੂੰ ਪ੍ਰਗਟ ਕਰਦੇ ਹੋਏ ਆਪਣੇ ਸੰਪਾਦਕੀ ਵਿਚ ਤਿੰਨ ਫਰਵਰੀ 2006 ਨੂੰ ਡਾ. ਬਰਜਿੰਦਰ ਸਿੰਘ ਹਮਦਰਦ ਨੇ ਬਹੁਤ ਬੇਬਾਕ ਸ਼ਬਦਾਂ ਵਿਚ ਲਿਖਿਆ—

> ਆਜ਼ਾਦੀ ਮਿਲਣ ਤੋਂ ਬਾਅਦ ਆਰਥਿਕ ਮੁਹਾਜ਼ ’ਤੇ 5 ਸਾਲਾ ਯੋਜਨਾਵਾਂ ਬਣਾਈਆਂ ਗਈਆਂ ਸਨ, ਜੋ ਲਗਾਤਾਰ ਚਲਦੀਆਂ ਰਹੀਆਂ ਹਨ। ‘ਗ਼ਰੀਬੀ ਹਟਾਓ’ ਦੀ ਲਹਿਰ ਚਲਾਉਣ ਦਾ ਯਤਨ ਵੀ ਕੀਤਾ ਗਿਆ ਸੀ। ਇਸੇ ਲੜੀ ਵਿਚ ‘ਕੰਮ ਲਈ ਅਨਾਜ’ ਦੀ ਯੋਜਨਾ ਵੀ ਸਾਹਮਣੇ ਆਈ ਸੀ ਪਰ ਹੁਣ ਤੱਕ ਇਹ ਯੋਜਨਾਵਾਂ ਅੱਧੀਆਂ-ਅਧੂਰੀਆਂ ਹੀ ਸਿਰੇ ਚੜ੍ਹ ਸਕੀਆਂ ਹਨ। ਦੇਸ਼ ਵਿਚ ਗ਼ਰੀਬਾਂ ਅਤੇ ਬੇਰੁਜ਼ਗਾਰਾਂ ਦੀ ਗਿਣਤੀ ਘਟਣ ਦੀ ਬਜਾਏ ਵਧਦੀ ਹੀ ਰਹੀ ਹੈ। ਅਤਿ ਪਿਛੜੇ ਪੇਂਡੂ ਖੇਤਰਾਂ ਵਿਚ ਤਾਂ ਬਹੁਤੇ ਲੋਕਾਂ ਦੀ ਹਾਲਤ ਬੇਹੱਦ ਤਰਸਯੋਗ ਰਹੀ ਹੈ। ਇਸ ਨੇ ਮੁਲਕ ਭਰ ਵਿਚ ਅਸ਼ਾਂਤੀ ਦੀਆਂ ਵੱਡੀਆਂ ਲਹਿਰਾਂ ਵੀ ਪੈਦਾ ਕੀਤੀਆਂ, ਜੋ ਅੱਜ ਵੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਪ੍ਰਬੰਧਕੀ ਮਸ਼ੀਨਰੀ ਲਈ ਵੱਡੀ ਚੁਣੌਤੀ ਬਣੀਆਂ ਨਜ਼ਰ

> ਆਉਂਦੀਆਂ ਹਨ। ਇਸ ਨੇ ਹੀ ਅਮਨ ਕਾਨੂੰਨ ਦੀ ਸਥਿਤੀ ਨੂੰ ਪੂਰੀ ਤਰ੍ਹਾਂ ਵਿਗਾੜ ਕੇ ਰੱਖ ਦਿੱਤਾ ਅਤੇ ਇਹ ਅਹਿਸਾਸ ਵੀ ਪੈਦਾ ਕੀਤਾ ਕਿ ਆਮ ਤੇ ਗ਼ਰੀਬ ਵਿਅਕਤੀ ਦਾ ਇਥੇ ਕੋਈ ਵਾਲੀ ਵਾਰਸ ਨਹੀਂ ਰਿਹਾ। ਬਹੁਤੀਆਂ ਬਣਾਈਆਂ ਗਈਆਂ ਵਧੀਆ ਯੋਜਨਾਵਾਂ ਵੀ ਅਫ਼ਸਰਸ਼ਾਹੀ ਅਤੇ ਦੇਸ਼ ਦੀ ਰਗ-ਰਗ ਵਿਚ ਫੈਲੇ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਗਈਆਂ।

**(ਬਰਜਿੰਦਰ ਸਿੰਘ ਹਮਦਰਦ)**

ਇਸੇ ਤਰ੍ਹਾਂ 2006 ਵਿਚ ਹੀ ਪੰਜਾਬ ਯੋਜਨਾ ਬੋਰਡ ਦੇ ਉੱਪ-ਚੇਅਰਮੈਨ ਡਾ. ਈਸ਼ਵਰ ਐਸ. ਆਲੂਵਾਲੀਆ ਨੇ ਜਦੋਂ ਅੰਮ੍ਰਿਤਸਰ ਵਿਚ ਹੋਏ ਇਕ ਸੈਮੀਨਾਰ ਵਿਚ ਬੋਲਦਿਆਂ, ਪੰਜਾਬ ਦੀ ਨਿੱਘਰ ਰਹੀ ਹਾਲਤ ਉੱਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਨਿਘਾਰ ਵਾਲੀ ਹਾਲਤ ਵਿਚੋਂ ਪੰਜਾਬ ਨੂੰ ਕੱਢਣ ਲਈ ਇਕ ਆਮ ਰਾਏ ਵਾਲੀ ਯੋਜਨਾਬੰਦੀ ਦੀ ਲੋੜ ਉੱਤੇ ਜ਼ੋਰ ਦਿੱਤਾ ਤਾਂ ਡਾ. ਬਰਜਿੰਦਰ ਸਿੰਘ ਹਮਦਰਦ ਨੇ ਵੀ ਆਪਣੇ ਕਾਲਮਾਂ ਵਿਚ ਪੰਜਾਬ ਦੇ ਸਨਅਤੀ ਵਿਕਾਸ ਅਤੇ ਖੇਤੀਬਾੜੀ ਵਿਚ ਆਈ ਖੜੋਤ ਨੂੰ ਗੰਭੀਰਤਾ ਨਾਲ ਲਿਆ। ਉਨ੍ਹਾਂ ਲਿਖਿਆ ਕਿ ਇਹ ਦੋਵੇਂ ਖੇਤਰ ਪੰਜਾਬ ਦੀ ਆਰਥਿਕਤਾ ਲਈ ਅਹਿਮ ਮੰਨੇ ਜਾਂਦੇ ਰਹੇ ਹਨ। ਇਸ ਤੋਂ ਇਲਾਵਾ ਕੁਝ ਹੋਰ ਖੇਤਰਾਂ ਲਈ ਵੀ ਯਤਨ ਆਰੰਭ ਕੀਤੇ ਜਾ ਸਕਦੇ ਹਨ ਪਰ ਹਾਲ ਦੀ ਘੜੀ ਪੰਜਾਬ ਦੀ ਪੂਰੀ ਟੇਕ ਇਨ੍ਹਾਂ ਖੇਤਰਾਂ ਦੀ ਪ੍ਰਫੁੱਲਤਾ 'ਤੇ ਹੀ ਹੈ। ਖੇਤੀਬਾੜੀ ਵਿਚ ਵਿਭਿੰਨਤਾ ਲਿਆਉਣ ਦੀ ਗੱਲ ਕਹੀ ਜਾ ਰਹੀ ਹੈ ਜੇਕਰ ਇਸ ਵਿਚ ਕੁਝ ਚੰਗੀਆਂ ਪ੍ਰਾਪਤੀਆਂ ਕਰ ਲਈਆਂ ਜਾਂਦੀਆਂ ਤਾਂ ਇਸ ਦੇ ਕਈ ਪੱਖਾਂ ਤੋਂ ਲਾਭ ਹੋ ਸਕਦੇ ਸਨ। ਉਨ੍ਹਾਂ ਇਹ ਵੀ ਲਿਖਿਆ ਕਿ ਖੇਤੀਬਾੜੀ ਨੂੰ ਸਨਅਤੀ ਉਤਪਾਦਨ ਨਾਲ ਜੋੜਿਆ ਜਾਣਾ ਜ਼ਰੂਰੀ ਜਾਪਣ ਲੱਗ ਪਿਆ ਹੈ। ਉਨ੍ਹਾਂ ਨੇ ਡਾਕਟਰ ਆਹਲੂਵਾਲੀਆ ਦੇ ਹਵਾਲੇ ਨਾਲ ਕਿਹਾ ਕਿ ਜੇਕਰ ਪੰਜਾਬ ਸਰਕਾਰ ਮੁੱਢਲੀਆਂ ਸਹੂਲਤਾਂ ਨੂੰ ਵਧਾਉਣ ਵਿਚ ਸਫ਼ਲ ਹੋ ਜਾਵੇ ਤਾਂ ਇਸ ਦਾ ਅਸਰ ਵੀ ਕਈ ਪੱਖਾਂ ਤੋਂ ਪੰਜਾਬ ਦੀ ਆਰਥਿਕਤਾ ਉੱਤੇ ਪੈ ਸਕਦਾ ਹੈ।

> ਹੁਣ ਇਹ ਸਮਾਂ ਜ਼ਰੂਰ ਆ ਗਿਆ ਕਿ ਪੰਜਾਬ ਵਿਚ ਇਨ੍ਹਾਂ ਪੱਖਾਂ ਤੋਂ ਯੋਜਨਾਬੰਦੀ ਨੂੰ ਹਰ ਸੂਰਤ ਵਿਚ ਸਿਰੇ ਚੜ੍ਹਾਇਆ ਜਾਏ ਨਹੀਂ ਤਾਂ ਕਦੇ ਸਭ ਤੋਂ ਖ਼ੁਸ਼ਹਾਲ ਰਿਹਾ ਪੰਜਾਬ ਆਪਣੇ ਹੀ ਦੇਸ਼ ਵਿਚ ਬੇਹੱਦ ਪਿੱਛੇ ਰਹਿ ਜਾਵੇਗਾ। ਡਾ. ਆਹਲੂਵਾਲੀਆ ਨੇ ਸਪੱਸ਼ਟ ਸ਼ਬਦਾਂ ਵਿਚ ਇਹ ਕਿਹਾ ਕਿ ਜਿਥੇ ਦੇਸ਼ ਭਰ ਵਿਚ 8 ਫ਼ੀਸਦੀ ਵਿਕਾਸ ਦਰ ਦੇ ਟੀਚੇ ਪੂਰੇ ਕੀਤੇ ਜਾ ਰਹੇ ਹਨ, ਉਥੇ ਪੰਜਾਬ ਇਨ੍ਹਾਂ ਟੀਚਿਆਂ ਤੋਂ ਪਛੜ ਗਿਆ ਹੈ। ਸੂਬੇ ਨੂੰ ਅਜਿਹੀ ਨਾਖ਼ੁਸ਼ਗਵਾਰ ਹਾਲਾਤ 'ਚੋਂ ਕੱਢਣ ਲਈ ਸਰਕਾਰ ਦੇ ਨਾਲ-ਨਾਲ ਲੋਕਾਂ ਦੀ ਸ਼ਮੂਲੀਅਤ ਵੀ ਵੱਡੀ ਪੱਧਰ 'ਤੇ ਯਕੀਨੀ ਬਣਾਉਣ ਦੀ ਲੋੜ ਹੋਵੇਗੀ। ਜੇਕਰ ਸਰਕਾਰ ਦੀ ਸੂਬੇ ਵਿਚ ਵੱਧ ਤੋਂ ਵੱਧ ਸਨਅਤਾਂ ਲਿਆਉਣ, ਲਾਉਣ ਦੀ ਨੀਤੀ ਅਮਲੀ ਰੂਪ ਧਾਰਨ ਕਰਦੀ ਹੈ ਤਾਂ ਇਸ ਦਾ ਵੀ ਰਾਜ ਦੀ ਆਰਥਿਕਤਾ 'ਤੇ ਸੁਖਾਵਾਂ ਪ੍ਰਭਾਵ ਪੈਣ ਦੀ ਆਸ ਬਣ ਜਾਏਗੀ।

**(ਬਰਜਿੰਦਰ ਸਿੰਘ ਹਮਦਰਦ)**

ਪੰਜਾਬ ਦੀ ਆਰਥਿਕਤਾ ਨੂੰ ਸੁਖਾਵਾਂ ਬਣਾਉਣ ਲਈ ਅਤੇ ਪੰਜਾਬ ਦੇ ਭਵਿੱਖ ਨੂੰ ਉਜਲਾ ਵੇਖਣ ਲਈ 'ਅਜੀਤ' ਹਮੇਸ਼ਾ ਤਤਪਰ ਰਿਹਾ ਅਤੇ ਹਮੇਸ਼ਾ ਇਹ ਤੌਖਲਾ ਪ੍ਰਗਟ ਕਰਦਾ ਰਿਹਾ ਹੈ ਕਿ ਜੇਕਰ ਪੰਜਾਬ ਦੇ ਵਿਕਾਸ ਦੀ ਸਥਿਤੀ ਜਿਉਂ ਦੀ ਤਿਉਂ ਰਹਿੰਦੀ ਹੈ ਤਾਂ ਸਚਮੁੱਚ ਹੀ ਆਉਂਦੇ ਸਮੇਂ ਵਿਚ ਪੰਜਾਬ ਹੋਰ ਗਹਿਰੇ ਸੰਕਟ ਵਿਚ ਘਿਰ ਸਕਦਾ ਹੈ। ਡਾ. ਹਮਦਰਦ ਵਾਰ-ਵਾਰ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਇਸ ਲਈ ਕੋਈ ਤਰਕੀਬ ਜੁਟਾਉਣੀ ਜ਼ਰੂਰੀ ਹੈ। ਅਜਿਹੀ ਤਰਕੀਬ ਜਿਸ ਨਾਲ ਪੰਜਾਬ ਨੂੰ ਗਹਿਰੇ ਹੋ ਰਹੇ ਸੰਕਟ ਵਿਚੋਂ ਉਭਾਰਿਆ ਜਾ ਸਕੇ। ਇਸੇ ਵਿਚ ਹੀ ਪੰਜਾਬ ਦੀ ਭਲਾਈ ਆਂਕੀ ਜਾ ਸਕਦੀ ਹੈ।

> ਜੇਕਰ ਪੰਜਾਬ ਨੂੰ ਸਹੀ ਅਰਥਾਂ ਵਿਚ ਵਿਕਾਸ ਦੇ ਰਾਹ ਪਾਉਣਾ ਹੈ ਤਾਂ ਇਸ ਲਈ ਹਰ ਸੂਰਤ ਵਿਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੋਵੇਗੀ। ਬੁਨਿਆਦੀ ਢਾਂਚੇ ਵਿਚ ਬਿਜਲੀ ਦੀ ਪੂਰਤੀ ਅਤੇ ਲੋੜੀਂਦੀਆਂ ਸੜਕਾਂ ਬੜਾ ਅਹਿਮ ਹਿੱਸਾ ਪਾਉਂਦੀਆਂ ਹਨ। ਦਿਨ-ਪ੍ਰਤੀ-ਦਿਨ ਹਰ ਖੇਤਰ ਵਿਚ ਲੋੜਾਂ ਵਧਦੀਆਂ ਜਾ ਰਹੀਆਂ ਹਨ। ਜੇਕਰ ਪੈਦਾ ਹੋਈਆਂ ਲੋੜਾਂ ਮੁਤਾਬਿਕ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਨੂੰ ਨਾ ਵਧਾਇਆ ਜਾਵੇ ਤਾਂ ਆਮ ਜੀਵਨ ਅਸ਼ਾਂਤ ਹੋ ਉੱਠਦਾ ਹੈ। ਮਿਸਾਲ ਦੇ ਤੌਰ 'ਤੇ ਨਿਤ ਦਿਨ ਹਰ ਤਰ੍ਹਾਂ ਦੇ ਹਜ਼ਾਰਾਂ ਹੀ ਨਵੇਂ ਵਾਹਨ ਸੜਕਾਂ 'ਤੇ ਆ ਰਹੇ ਹਨ। ਇਸ ਲਈ ਹੁਣ ਵਧੇਰੇ ਚੌੜੀਆਂ ਅਤੇ ਨਵੀਆਂ ਸੜਕਾਂ ਦੀ ਜ਼ਰੂਰਤ ਹੈ। ਇਸੇ ਤਰ੍ਹਾਂ ਬਿਜਲੀ ਦੀ ਮੰਗ ਬੇਤਹਾਸ਼ਾ ਵਧਦੀ ਜਾ ਰਹੀ ਹੈ। ਘਰੇਲੂ ਖਪਤ ਲਈ, ਸਨਅਤ ਅਤੇ ਖੇਤੀਬਾੜੀ ਦੇ ਖੇਤਰਾਂ ਲਈ ਇਹ ਲੋੜ ਬੇਹੱਦ ਅਹਿਮ ਬਣ ਗਈ ਹੈ। ਇਹ ਗੱਲ ਵੀ ਯਕੀਨੀ ਹੈ ਕਿ ਜੇਕਰ ਬਿਜਲੀ ਨਹੀਂ ਤਾਂ ਵਿਕਾਸ ਨਹੀਂ ਹੋ ਸਕਦਾ। ਸਨਅਤੀ ਖੇਤਰ ਦੀ ਬਿਜਲੀ ਦੀ ਮੰਗ ਦੀ ਅਪੂਰਤੀ ਬੇਰੁਜ਼ਗਾਰੀ ਵਧਾਉਣ ਦਾ ਕਾਰਨ ਬਣਦੀ ਹੈ। ਸਨਅਤੀ ਵਿਕਾਸ ਵਿਚ ਖੜੋਤ ਸਿੱਧੇ ਰੂਪ ਵਿਚ ਸੂਬੇ ਦੀ ਆਰਥਿਕਤਾ 'ਤੇ ਸੱਟ ਮਾਰਦੀ ਹੈ। ਪੰਜਾਬ ਵਿਚ ਖੇਤੀਬਾੜੀ ਵਾਲੀ ਜ਼ਮੀਨ ਸੀਮਤ ਹੈ। ਇਸ ਤੋਂ ਵੱਧ ਉਤਪਾਦਨ ਕਰਕੇ ਇਸ ਖੇਤਰ ਵਿਚ ਹੋਰ ਮਜ਼ਬੂਤੀ ਲਿਆਈ ਜਾ ਸਕਦੀ ਹੈ। ਪਰ ਜੇਕਰ ਪਿੰਡਾਂ ਵਿਚ ਬਿਜਲੀ ਹੀ ਨਹੀਂ ਹੋਵੇਗੀ ਤਾਂ ਖੇਤੀਬਾੜੀ ਦੀ ਪ੍ਰਫੁੱਲਤਾ ਬਾਰੇ ਕਿਆਸ-ਅਰਾਈਆਂ ਖੋਖਲੀਆਂ ਸਾਬਤ ਹੋਣਗੀਆਂ।

**(ਬਰਜਿੰਦਰ ਸਿੰਘ ਹਮਦਰਦ)**

ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਜਿਥੇ ਉਨ੍ਹਾਂ ਨੇ ਖੇਤੀਬਾੜੀ ਅਤੇ ਸਨਅਤ ਦੇ ਖੇਤਰ ਵਿਚ ਸਾਵੇਂ ਵਿਕਾਸ ਲਈ ਆਵਾਜ਼ ਉਠਾਈ ਉਥੇ ਉਨ੍ਹਾਂ ਨੇ ਸਥਾਨਕ ਸਰਕਾਰਾਂ ਅਤੇ ਵਿਸ਼ੇਸ਼ ਕਰਕੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਵਧੇਰੇ ਅਧਿਕਾਰ ਦੇਣ ਦੀ ਵੀ ਵਕਾਲਤ ਕੀਤੀ।

## ਪੰਚਾਇਤਾਂ ਨੂੰ ਵੱਧ ਅਧਿਕਾਰ

'ਅਜੀਤ' ਅਖ਼ਬਾਰ ਦੇ ਪੰਨੇ ਇਸ ਤੱਥ ਨੂੰ ਬਹੁਤ ਉਭਾਰ ਕੇ ਪੇਸ਼ ਕਰਦੇ ਦਿਸਦੇ ਹਨ ਕਿ ਜੇਕਰ ਪਿੰਡਾਂ ਦੇ ਵਿਕਾਸ ਨੂੰ ਹੁਲਾਰਾ ਦੇਣਾ ਹੈ ਤਾਂ ਪੰਚਾਇਤਾਂ ਨੂੰ ਵਧੇਰੇ ਅਧਿਕਾਰ ਦੇਣੇ ਜ਼ਰੂਰੀ ਹਨ ਕਿਉਂਕਿ ਪੰਚਾਇਤਾਂ ਨਾਲ

ਜੁੜੀਆਂ ਹੋਈਆਂ ਹਨ ਪਿੰਡਾਂ ਵਿਚ ਵਸਦੇ ਵਸਨੀਕਾਂ ਦੀਆਂ ਮੁੱਢਲੀਆਂ ਸਹੂਲਤਾਂ। ਡਾ. ਬਰਜਿੰਦਰ ਸਿੰਘ ਹਮਦਰਦ ਨੇ ਆਪਣੇ ਸੰਪਾਦਕੀਆਂ ਵਿਚ ਵਾਰ-ਵਾਰ ਲਿਖਿਆ ਹੈ ਕਿ ਜੇਕਰ ਸਭ ਤੋਂ ਪਹਿਲਾਂ ਸਿਹਤ ਸੇਵਾਵਾਂ, ਸਿੱਖਿਆ, ਪਸ਼ੂ ਹਸਪਤਾਲ ਅਤੇ ਪੀਣ ਦੇ ਪਾਣੀ ਦੇ ਖੇਤਰਾਂ ਵਿਚ ਵੱਧ ਤੋਂ ਵੱਧ ਅਧਿਕਾਰ ਚੁਣੀਆਂ ਹੋਈਆਂ ਪੰਚਾਇਤਾਂ ਨੂੰ ਦਿੱਤੇ ਜਾਣ ਅਤੇ ਇਮਾਨਦਾਰੀ ਨਾਲ ਬਗੈਰ ਬਹੁਤੇ ਸਰਕਾਰੀ ਦਖਲ ਦੇ ਪੰਚਾਇਤਾਂ ਨੂੰ ਆਪਣੀ ਕਾਰਗੁਜ਼ਾਰੀ ਦਿਖਾਉਣ ਦਾ ਮੌਕਾ ਦਿੱਤਾ ਜਾਵੇ ਤਾਂ ਇਸ ਨਾਲ ਇਕ ਤਰ੍ਹਾਂ ਨਵੇਂ ਇਨਕਲਾਬ ਵਰਗਾ ਪ੍ਰਭਾਵ ਬਣੇਗਾ ਅਤੇ ਪੰਜਾਬ ਅੰਦਰ ਨਵੀਂ ਜ਼ਿੰਦਗੀ ਦੀ ਰੌਂਅ ਧੜਕੇਗੀ। ਉਨ੍ਹਾਂ ਵੱਲੋਂ ਲਿਖੇ ਗਏ 5 ਅਗਸਤ, 2003 ਦੇ ਸੰਪਾਦਕੀ ਵਿਚ ਪੰਚਾਇਤਾਂ ਨੂੰ ਵਧੇਰੇ ਫੰਡ ਦੇਣ ਦੀ ਵਕਾਲਤ ਵੀ ਕੀਤੀ ਗਈ—

> ਬਹੁਤੀਆਂ ਪੰਚਾਇਤਾਂ ਨੂੰ ਫੰਡ ਆਦਿ ਲਈ ਵਾਰ-ਵਾਰ ਸਰਕਾਰ ਵੱਲ ਵੇਖਣਾ ਪੈਂਦਾ ਹੈ। ਆਪਣੇ ਅਧਿਕਾਰ ਖੇਤਰ ਵਿਚ ਵੀ ਉਹ ਖ਼ੁਦਮੁਖ਼ਤਾਰ ਨਹੀਂ ਹਨ। ਉਹ ਆਪਣੇ ਬਲਬੂਤੇ 'ਤੇ ਵਿਕਾਸ ਕੰਮਾਂ ਨੂੰ ਸਿਰੇ ਨਹੀਂ ਚੜ੍ਹਾ ਸਕਦੀਆਂ। ਇਸ ਲਈ ਉਨ੍ਹਾਂ ਨੂੰ ਲਗਾਤਾਰ ਸੰਬੰਧਿਤ ਅਧਿਕਾਰੀਆਂ ਵੱਲ ਵੇਖਣਾ ਪੈਂਦਾ ਹੈ। ਇਸ ਦੇ ਨਾਲ-ਨਾਲ ਇਹ ਗੱਲ ਵੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਕਿ ਪਿੰਡਾਂ ਦੇ ਵਿਕਾਸ ਲਈ ਦਿੱਤੀ ਗਈ ਰਕਮ ਦਾ ਸਹੀ ਢੰਗ ਨਾਲ ਇਸਤੇਮਾਲ ਕੀਤਾ ਜਾ ਸਕੇ। ਇਸ ਸਬੰਧੀ ਵੀ ਬਹੁਤ ਸਾਰੀਆਂ ਸ਼ਿਕਾਇਤਾਂ ਸੁਣਨ ਨੂੰ ਮਿਲਦੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੁਧਿਆਣੇ ਵਿਚ ਪੰਚਾਇਤੀ ਰਾਜ ਸਬੰਧੀ ਕਰਾਏ ਗਏ ਸੂਬਾਈ ਇਜਲਾਸ ਦੇ ਮੌਕੇ 'ਤੇ ਇਹ ਐਲਾਨ ਕੀਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਚਾਇਤੀ ਰਾਜ ਦੀਆਂ ਮੱਦਾਂ ਨੂੰ ਇਸੇ ਸਾਲ 2 ਅਕਤੂਬਰ ਤੱਕ ਲਾਗੂ ਕਰ ਦਿੱਤਾ ਜਾਏਗਾ। ਰਾਜੀਵ ਗਾਂਧੀ ਦੇ ਕਾਰਜਕਾਲ ਸਮੇਂ ਦੇਸ਼ ਦੇ ਸੰਵਿਧਾਨ ਵਿਚ ਪੰਚਾਇਤੀ ਸੰਸਥਾਵਾਂ ਦੀਆਂ ਸਮੇਂ ਸਿਰ ਚੋਣਾਂ ਅਤੇ ਉਨ੍ਹਾਂ ਨੂੰ ਵਧੇਰੇ ਅਧਿਕਾਰ ਦੇਣ ਲਈ 73ਵੀਂ ਸੋਧ ਕੀਤੀ ਗਈ ਸੀ। ਇਸ ਅਧੀਨ ਸਥਾਨਿਕ ਪੱਧਰ ਦੇ ਬਹੁਤ ਸਾਰੇ ਅਧਿਕਾਰ ਪੰਚਾਇਤਾਂ ਨੂੰ ਸੌਂਪਣ ਦੀ ਗੱਲ ਕਹੀ ਗਈ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇਕਰ ਸਰਕਾਰ ਇਸ ਸੋਧ ਅਨੁਸਾਰ ਪੰਚਾਇਤਾਂ ਨੂੰ ਅਧਿਕਾਰ ਦਿੰਦੀ ਹੈ ਅਤੇ ਇਸ ਖੇਤਰ ਵਿਚ ਉਨ੍ਹਾਂ ਨੂੰ ਆਜ਼ਾਦ ਤੌਰ 'ਤੇ ਵਿਚਰਨ ਦਾ ਮੌਕਾ ਪ੍ਰਦਾਨ ਕਰਦੀ ਹੈ ਤਾਂ ਇਹ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਹੋਵੇਗੀ।
>
> (**ਬਰਜਿੰਦਰ ਸਿੰਘ ਹਮਦਰਦ**)

ਪੰਜਾਬ ਦੇ ਯੋਜਨਾਬੱਧ ਵਿਕਾਸ ਲਈ ਸਨਅਤ ਅਤੇ ਖੇਤੀਬਾੜੀ ਵਿਚ ਤਾਲਮੇਲ ਬਿਠਾਉਣ ਦੇ ਨਾਲ-ਨਾਲ ਕਿਸਾਨਾਂ ਦੀ ਨਿਰਾਸ਼ਾਜਨਕ ਹਾਲਤ ਅਤੇ ਪੰਜਾਬ ਵਿਚ ਕਰਜ਼ੇ ਦੀ ਮਾਰ ਹੇਠ ਆਈ ਕਿਸਾਨੀ ਦੀ ਹਾਲਤ ਸੁਧਾਰਨ ਲਈ ਕਿਸਾਨਾਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੇ ਜਾਣ ਦੀ ਵਕਾਲਤ ਵੀ 'ਅਜੀਤ' ਅਖ਼ਬਾਰ ਆਪਣੇ ਸੰਪਾਦਕੀ ਲੇਖਾਂ ਵਿਚ ਲਗਾਤਾਰ ਕਰਦਾ ਰਹਿੰਦਾ ਹੈ।

## ਕਿਸਾਨਾਂ ਵੱਲ ਧਿਆਨ ਦੀ ਲੋੜ

ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਦੇਸ਼ ਦੇ ਸਮੁੱਚੇ ਅੰਨ ਭੰਡਾਰ ਵਿਚ ਅਜੇ ਵੀ ਪੰਜਾਬ ਦਾ ਹਿੱਸਾ ਜ਼ਿਕਰਯੋਗ ਸਥਾਨ ਰੱਖਦਾ ਹੈ। ਜੇਕਰ ਪੰਜਾਬ ਦਾ ਕਿਸਾਨ ਖ਼ੁਸ਼ਹਾਲ ਨਹੀਂ ਹੈ ਤਾਂ ਪੰਜਾਬ ਦੇ ਚੰਗੇ ਭਵਿੱਖ ਦਾ ਕਿਆਸ ਕਰਨਾ ਮੁਸ਼ਕਿਲ ਹੈ। ਅਜਿਹੀ ਸਥਿਤੀ ਨੂੰ 'ਅਜੀਤ' ਅਖ਼ਬਾਰ ਬਹੁਤ ਚੰਗੀ ਤਰ੍ਹਾਂ ਸਮਝਦਾ ਹੈ। ਇਸੇ ਕਰਕੇ 'ਅਜੀਤ' ਦੇ ਪੰਨਿਆਂ ਅਤੇ ਸੰਪਾਦਕੀਆਂ ਵਿਚੋਂ ਪੰਜਾਬ ਦੇ ਕਿਸਾਨਾਂ ਦੀ ਖ਼ੁਸ਼ਹਾਲੀ ਦੀ ਪੁਕਾਰ ਵਾਰ-ਵਾਰ ਸੁਣਾਈ ਦਿੰਦੀ ਹੈ।

'ਅਜੀਤ' ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨੇ ਕਿਸਾਨਾਂ ਦੀ ਮੰਦਹਾਲੀ ਬਾਰੇ ਸਰਕਾਰ ਨੂੰ ਮੁੜ ਮੁੜ ਚੇਤੇ ਕਰਾਉਣ ਦਾ ਯਤਨ ਕਰਦਿਆਂ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਣਸਾਂ ਦੇ ਲਾਹੇਵੰਦ ਭਾਅ ਦੇਣ ਲਈ ਹਮੇਸ਼ਾ ਆਵਾਜ਼ ਬੁਲੰਦ ਕੀਤੀ ਹੈ। ਉਨ੍ਹਾਂ ਨੇ ਸਮੇਂ-ਸਮੇਂ ਉੱਤੇ ਕਿਸਾਨਾਂ ਨੂੰ ਖੇਤੀ ਦੀਆਂ ਨਵੀਆਂ ਤਕਨੀਕਾਂ ਨਾਲ ਜੁੜਨ ਅਤੇ ਰਵਾਇਤੀ ਫ਼ਸਲੀ ਚੱਕਰ ਵਿਚੋਂ ਬਾਹਰ ਨਿਕਲ ਕੇ ਫ਼ਸਲੀ ਵਿਭਿੰਨਤਾ ਉੱਤੇ ਕੇਂਦਰਿਤ ਹੋਣ ਲਈ ਪ੍ਰੇਰਿਆ ਹੈ। ਉਨ੍ਹਾਂ ਨੇ ਸਰਕਾਰਾਂ ਨੂੰ ਸਮੇਂ-ਸਮੇਂ ਅਗਾਹ ਕੀਤਾ ਹੈ ਕਿ ਉਹ ਕਿਸਾਨਾਂ ਨੂੰ ਸਹੀ ਸੇਧ ਦੇ ਕੇ ਉਨ੍ਹਾਂ ਦੀ ਖ਼ੁਸ਼ਹਾਲੀ ਦੇ ਰਸਤੇ ਖੋਲ੍ਹਣ ਲਈ ਯਤਨ ਕਰਨ—

> ਕਿਸਾਨ ਨੂੰ ਕਣਕ ਅਤੇ ਝੋਨੇ ਦੇ ਫਸਲੀ ਚੱਕਰ 'ਚੋਂ ਕੱਢਿਆ ਜਾਏ। ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ, ਫਲਾਂ ਅਤੇ ਅਜਿਹੀਆਂ ਹੋਰ ਅਨੇਕਾਂ ਵਸਤਾਂ ਦੀ ਕਾਸ਼ਤ ਕਰਕੇ ਇਨ੍ਹਾਂ ਨੂੰ ਖੇਤੀਬਾੜੀ ਆਧਾਰਿਤ ਸਨਅਤਾਂ ਲਾਉਣ ਲਈ ਰਾਹ ਪੱਧਰਾ ਕੀਤਾ ਜਾ ਸਕਦਾ ਹੈ। ਜੇਕਰ ਪੰਜਾਬ ਦੇ ਕਿਸਾਨ ਵੱਲੋਂ ਪੈਦਾ ਕੀਤੀ ਗਈ ਫ਼ਸਲ ਦੀ ਪੰਜਾਬ ਵਿਚ ਹੀ ਵੱਡੇ ਪੱਧਰ 'ਤੇ 'ਪ੍ਰੋਸੈਸਿੰਗ' (ਭਾਵ ਉਸ ਨੂੰ ਹੋਰ ਮੁਨਾਫ਼ਾਬਖ਼ਸ਼ ਵਸਤ ਵਿਚ ਬਦਲਣਾ) ਸ਼ੁਰੂ ਹੋ ਜਾਏ ਤਾਂ ਕਿਸਾਨਾਂ ਨੂੰ ਆਪਣੀ ਉਪਜ ਦੇ ਵਧੇਰੇ ਭਾਅ ਮਿਲਣਗੇ, ਜੋ ਮੌਜੂਦਾ ਸਥਿਤੀ ਵਿਚ ਕਿਸਾਨੀ ਲਈ ਬੜੇ ਲਾਭਕਾਰੀ ਸਾਬਤ ਹੋ ਸਕਦੇ ਹਨ। ਪਰ ਇਸ ਲਈ ਬੜੀ ਤਕੜੀ ਯੋਜਨਾਬੰਦੀ ਦੀ ਜ਼ਰੂਰਤ ਹੋਏਗੀ, ਜਿਸ ਨੂੰ ਦ੍ਰਿੜ੍ਹ ਨਿਸ਼ਚੈ ਨਾਲ ਹੀ ਪੂਰਾ ਕੀਤਾ ਜਾਣਾ ਸੰਭਵ ਹੋ ਸਕਦਾ ਹੈ। ਬਿਨਾਂ ਸ਼ੱਕ ਸਰਕਾਰ ਲਈ ਇਹ ਵੀ ਵੱਡੀ ਚੁਣੌਤੀ ਹੈ ਕਿ ਕਿਸਾਨ ਦੀ ਉਪਜ ਦਾ ਸਹੀ ਭਾਅ ਕਿਸ ਤਰ੍ਹਾਂ ਮਿਲ ਸਕਦਾ ਹੈ। ਇਸ ਵਿਚੋਂ ਵੱਧ ਤੋਂ ਵੱਧ ਵਿਚੋਲਿਆਂ ਨੂੰ ਕਿਵੇਂ ਕੱਢਿਆ ਜਾ ਸਕਦਾ ਹੈ। ਸਰਕਾਰ ਨੂੰ ਅਜਿਹੇ ਪ੍ਰਬੰਧ ਸਿਰੇ ਚੜ੍ਹਾਉਣ ਦੀ ਜ਼ਰੂਰਤ ਹੋਵੇਗੀ ਕਿ ਵਿਚਲੇ ਆਦਮੀਆਂ ਵੱਲੋਂ ਕਿਸਾਨ ਦਾ ਸ਼ੋਸ਼ਣ ਨਾ ਕੀਤਾ ਜਾ ਸਕੇ।

**(ਬਰਜਿੰਦਰ ਸਿੰਘ ਹਮਦਰਦ)**

ਵੱਖ-ਵੱਖ ਏਜੰਸੀਆਂ ਅਤੇ ਆੜ੍ਹਤੀਆਂ ਯਾਨੀ ਵਿਚੋਲਿਆਂ ਵੱਲੋਂ ਕੀਤੀ ਜਾ ਰਹੀ ਕਿਸਾਨ ਦੀ ਲੁੱਟ, ਪੰਜਾਬ ਦੀ ਕਿਸਾਨੀ ਨੂੰ ਉਨ੍ਹਾਂ ਦੇ ਰਵਾਇਤੀ ਕਸਬ ਨਾਲੋਂ ਤੋੜ ਕੇ ਜਾਂ ਤਾਂ ਹੋਰ ਕੰਮਾਂ ਵੱਲ ਜਾਣ ਲਈ ਮਜਬੂਰ

ਕਰਦੀ ਹੈ ਅਤੇ ਜਾਂ ਫਿਰ ਆਤਮ-ਹੱਤਿਆਵਾਂ ਦਾ ਕਾਰਨ ਬਣਦੀ ਹੈ । ਕਿਉਂਕਿ ਪੰਜਾਬ ਦੇ ਕਿਸਾਨ ਨੂੰ ਹੋਰ ਕੰਮਾਂ ਦੀ ਓਨੀ ਮੁਹਾਰਤ ਨਹੀਂ ਹੁੰਦੀ ਇਸ ਕਰਕੇ ਉਸ ਦੀ ਲੁੱਟ ਦੇ ਚੋਰ ਰਾਹ ਵੀ ਖੁੱਲ੍ਹਣੇ ਸ਼ੁਰੂ ਹੋ ਜਾਂਦੇ ਹਨ। ਇਸ ਦਾ ਦੂਰਰਸ ਨਤੀਜਾ ਵੀ ਨਿਰਾਸ਼ਾ ਵਾਲਾ ਹੀ ਨਿਕਲਦਾ ਹੈ। ਇਸ ਕਰਕੇ ਪੰਜਾਬ ਦੇ ਕਿਸਾਨ ਦੀ ਸਹੀ ਸੁਧ ਲੈਣੀ ਬਹੁਤ ਜ਼ਰੂਰੀ ਹੋ ਜਾਂਦੀ ਹੈ। ਅਜਿਹੇ ਵਿਚਾਰਾਂ ਨੂੰ 'ਅਜੀਤ' ਦੇ ਸੰਪਾਦਕੀਆਂ ਵਿਚ ਵਾਰ-ਵਾਰ ਪੇਸ਼ ਕੀਤਾ ਗਿਆ ਹੈ।

ਜਦੋਂ ਆੜ੍ਹਤੀਆਂ ਦੀ ਲੁੱਟ ਜਾਂ ਕੁਦਰਤੀ ਆਫ਼ਤਾਂ ਦੀ ਕਰੋਪੀ ਕਿਸਾਨ ਨੂੰ ਘੇਰ ਲੈਂਦੀ ਹੈ ਤਾਂ ਉਸ ਕੋਲ ਘੋਰ ਨਿਰਾਸ਼ਾ ਤੋਂ ਬਿਨਾਂ ਕੁਝ ਵੀ ਨਹੀਂ ਬਚਦਾ। 'ਅਜੀਤ' ਦੇ ਸੰਪਾਦਕੀ ਕਹਿੰਦੇ ਹਨ ਕਿ ਕਿਸਾਨਾਂ ਦੇ ਉਜਲੇ ਭਵਿੱਖ ਲਈ ਅਜਿਹੀਆਂ ਯੋਜਨਾਵਾਂ ਬਣਾਈਆਂ ਜਾਣ ਜਿਹੜੀਆਂ ਉਸ ਨੂੰ ਅਜਿਹੀ ਨਿਰਾਸ਼ਾ ਦੇ ਆਲਮ ਵਿਚੋਂ ਵੀ ਆਸ ਦੀ ਕੋਈ ਕਿਰਨ ਵਿਖਾ ਸਕਣ। ਫ਼ਸਲਾਂ ਦੇ ਬੀਮੇ ਦੀਆਂ ਯੋਜਨਾਵਾਂ ਦੇ ਕਾਰਗਰ ਹੋਣ ਦੀ ਗੱਲ ਕਰਦਿਆਂ ਡਾ. ਬਰਜਿੰਦਰ ਸਿੰਘ ਹਮਦਰਦ ਨੇ ਆਪਣੇ ਵੀਹ ਅਪ੍ਰੈਲ 2006 ਦੇ ਸੰਪਾਦਕੀ ਵਿਚ ਕਿਸਾਨਾਂ ਨੂੰ ਬਚਾਉਣ ਲਈ ਸੁਚੱਜੀ ਯੋਜਨਾਬੰਦੀ ਦੀ ਲੋੜ ਉੱਤੇ ਜ਼ੋਰ ਦਿੰਦਿਆਂ ਲਿਖਿਆ ਹੈ—

> ਪਿਛਲੇ ਲੰਮੇ ਸਮੇਂ ਤੋਂ ਫ਼ਸਲਾਂ ਲਈ ਬੀਮੇ ਦੀ ਯੋਜਨਾ ਲਾਗੂ ਕਰਨ ਦੀਆਂ ਯੋਜਨਾਵਾਂ ਵੀ ਬਣਾਈਆਂ ਗਈਆਂ ਪਰ ਉਹ ਵੀ ਕੋਈ ਪ੍ਰਭਾਵਸ਼ਾਲੀ ਢੰਗ ਨਾਲ ਸਿਰੇ ਨਹੀਂ ਚੜ੍ਹਾਈਆਂ ਜਾ ਸਕੀਆਂ। ਬਿਨਾਂ ਸ਼ੱਕ ਅੱਜ ਦੀ ਕਿਸਾਨੀ ਵੱਡੀਆਂ ਸਮੱਸਿਆਵਾਂ 'ਚੋਂ ਗੁਜ਼ਰ ਰਹੀ ਹੈ। ਬਹੁਤੇ ਕਿਸਾਨਾਂ ਵਿਚ ਭਵਿੱਖ ਪ੍ਰਤੀ ਅਨਿਸਚਿਤਾ ਦਾ ਡਰ ਪੈਦਾ ਹੁੰਦਾ ਜਾ ਰਿਹਾ ਹੈ। ਅਜਿਹੀ ਅਵਸਥਾ ਉਸ ਨੂੰ ਵੱਡੀ ਹੱਦ ਤੱਕ ਨਿੰਮੋਝੂਣਾ ਕਰਨ ਦਾ ਕਾਰਨ ਬਣ ਗਈ ਹੈ। ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਅਜਿਹੀ ਮਾਨਸਿਕਤਾ ਦਾ ਹੀ ਸਿਖ਼ਰ ਕਹੀਆਂ ਜਾ ਸਕਦੀਆਂ ਹਨ। ਇਹ ਗੱਲ ਹੁਣ ਯਕੀਨੀ ਜਾਪਣ ਲੱਗ ਪਈ ਹੈ ਕਿ ਜੇਕਰ ਖੇਤੀਬਾੜੀ ਦੇ ਧੰਦੇ ਨੂੰ ਬਚਾਉਣਾ ਹੈ ਤਾਂ ਸਰਕਾਰ ਨੂੰ ਇਸ ਲਈ ਚੰਗੀ ਯੋਜਨਾਬੰਦੀ ਕਰਨ ਦੀ ਜ਼ਰੂਰਤ ਹੈ ਤਾਂ ਜੋ ਇਸ ਕੰਮ ਲਈ ਕਿਸਾਨਾਂ ਦਾ ਉਤਸ਼ਾਹ ਬਣਿਆ ਰਹੇ। ਉਸ ਦਾ ਭਵਿੱਖ ਸੁਰੱਖਿਅਤ ਰਹੇ ਅਤੇ ਦੇਸ਼ ਦਾ ਅੰਨ ਭੰਡਾਰ ਵੀ ਭਰਿਆ ਰਹੇ।

**(ਬਰਜਿੰਦਰ ਸਿੰਘ ਹਮਦਰਦ)**

ਸਾਲ 2006 ਵਿਚ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਵਿਚ ਤਿੰਨ ਪਿੰਡਾਂ ਦੀ ਸਾਢੇ ਚਾਰ ਸੌ ਏਕੜ ਜ਼ਮੀਨ ਪੰਜਾਬ ਸਰਕਾਰ ਵੱਲੋਂ ਇਕ ਵੱਡੀ ਕੰਪਨੀ ਨੂੰ ਦਿੱਤੇ ਜਾਣ ਵਿਰੁੱਧ ਜਦੋਂ ਪੰਜਾਬ ਦੇ ਕਿਸਾਨਾਂ ਵਿਚ ਰੋਹ ਦੀ ਲਹਿਰ ਉੱਠੀ ਤਾਂ 'ਅਜੀਤ' ਨੇ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਜਾਇਜ਼ ਠਹਿਰਾਉਂਦੇ ਹੋਏ ਨਾ ਸਿਰਫ਼ ਉਨ੍ਹਾਂ ਦੀ ਬਾਂਹ ਹੀ ਫੜੀ ਸਗੋਂ ਅੰਦੋਲਨਕਾਰੀ ਕਿਸਾਨਾਂ ਦੀਆਂ ਸਰਗਰਮੀਆਂ ਨੂੰ ਆਪਣੇ ਕਾਲਮਾਂ ਵਿਚ ਭਰਪੂਰ ਜਗ੍ਹਾ ਦਿੰਦੇ ਹੋਏ ਆਪਣੇ ਸੰਪਾਦਕੀਆਂ ਵਿਚ ਵੀ ਉਨ੍ਹਾਂ ਦੇ ਸੰਘਰਸ਼ ਨੂੰ ਬਾਦਲੀਲ ਢੰਗ ਨਾਲ ਪੰਜਾਬ ਸਰਕਾਰ ਅੱਗੇ ਰੱਖਿਆ।

'ਅਜੀਤ' ਨੇ ਇਹ ਮੁੱਦਾ ਲਗਾਤਾਰ ਉਠਾਉਂਦੇ ਹੋਏ ਆਪਣੇ ਕਾਲਮਾਂ ਵਿਚ ਲਿਖਿਆ ਕਿ ਇਨ੍ਹਾਂ ਪਿੰਡਾਂ ਦੀ ਜ਼ਮੀਨ ਲੈਣ (ਐਕਵਾਇਰ ਕਰਨ) ਲੱਗਿਆਂ ਸਰਕਾਰ ਨੇ ਇਨ੍ਹਾਂ ਉੱਤੇ ਨਿਰਭਰ ਕਿਸਾਨ ਪਰਿਵਾਰਾਂ ਦੀ ਨਾ ਹੀ

ਰਜ਼ਾਮੰਦੀ ਲਈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਹੋਰ ਰੁਜ਼ਗਾਰ ਦੇਣ ਸਬੰਧੀ ਯੋਜਨਾਬੰਦੀ ਕੀਤੀ। 'ਅਜੀਤ' ਨੇ ਇਹ ਵੀ ਕਿਹਾ ਕਿ ਦਿੱਤੇ ਜਾਣ ਵਾਲੇ ਮੁਆਵਜ਼ੇ ਨਾਲ ਇਹ ਪਰਿਵਾਰ ਕਿਸ ਤਰ੍ਹਾਂ ਆਪਣਾ ਨਵਾਂ ਧੰਦਾ ਸ਼ੁਰੂ ਕਰ ਸਕਦੇ ਹਨ ? ਕਿਸ ਤਰ੍ਹਾਂ ਆਪਣੇ ਪਰਿਵਾਰਾਂ ਲਈ ਭਵਿੱਖ ਵਿਚ ਕੋਈ ਮਜ਼ਬੂਤ ਆਧਾਰ ਕਾਇਮ ਕਰ ਸਕਦੇ ਹਨ ? ਇਸ ਬਾਰੇ ਕੁਝ ਵੀ ਸੋਚਣ ਦਾ ਕਸ਼ਟ ਸਰਕਾਰ ਨੇ ਨਹੀਂ ਕੀਤਾ। ਲੋਕਤੰਤਰ ਵਿਚ ਲੋਕ-ਭਾਵਨਾਵਾਂ ਨੂੰ ਪਹਿਲੀ ਥਾਂ ਦਿੱਤੀ ਜਾਣੀ ਚਾਹੀਦੀ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਨੇ 'ਕਿਸਾਨਾਂ ਨੂੰ ਨਾ ਉਜਾੜੋ' ਸਿਰਲੇਖ ਹੇਠ ਲਿਖੇ ਆਪਣੇ ਸੰਪਾਦਕੀ ਵਿਚ ਬੇਹੱਦ ਦਲੀਲ ਭਰੇ ਅੰਦਾਜ਼ ਵਿਚ ਪੰਜਾਬ ਦੀ ਕਿਸਾਨੀ ਦੀ ਹਾਲਤ ਅਤੇ ਵੱਡੀਆਂ ਕੰਪਨੀਆਂ ਵੱਲੋਂ ਕਿਸਾਨਾਂ ਨਾਲ ਕੀਤੇ ਜਾਣ ਧੱਕੇ ਦੀ ਗੱਲ ਕਰਕੇ ਪੰਜਾਬ ਸਰਕਾਰ ਨੂੰ ਅਜਿਹੀ ਕਿਸਾਨ ਮਾਰੂ ਨੀਤੀ ਨੂੰ ਤਿਆਗ ਦੇਣ ਲਈ ਕਿਹਾ, ਉਨ੍ਹਾਂ ਲਿਖਿਆ—

> ਪੰਜਾਬ ਮੁੱਖ ਰੂਪ ਵਿਚ ਖੇਤੀਬਾੜੀ 'ਤੇ ਆਧਾਰਿਤ ਸੂਬਾ ਹੈ। ਪਹਿਲਾਂ ਹੀ ਇਥੇ ਵਧੇਰੇ ਸ਼ਹਿਰੀਕਰਨ ਹੋਣ ਕਰਕੇ ਅਤੇ ਵੱਡੀਆਂ ਕੰਪਨੀਆਂ ਦੇ ਲਗਾਤਾਰ ਪਸਾਰੇ ਕਰਕੇ ਜ਼ਮੀਨਾਂ ਘਟਦੀਆਂ ਜਾ ਰਹੀਆਂ ਹਨ। ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਤਾਂ ਛੋਟੇ-ਛੋਟੇ ਟੁਕੜਿਆਂ ਵਿਚ ਵੰਡੀਆਂ ਗਈਆਂ ਨਜ਼ਰ ਆਉਣ ਲੱਗੀਆਂ ਹਨ। ਅਜਿਹੀ ਸੂਰਤ ਵਿਚ ਸਰਕਾਰ ਵੱਲੋਂ ਆਪਣੀ ਅਜਿਹੀ ਨੀਤੀ ਤਹਿਤ ਕਿਸਾਨਾਂ ਦੀ ਮਰਜ਼ੀ ਤੋਂ ਬਗੈਰ ਉਨ੍ਹਾਂ ਦੀਆਂ ਜ਼ਮੀਨਾਂ ਐਕਵਾਇਰ ਕਰਕੇ ਜਾਂ ਲੈ ਕੇ ਧਨਾਢ ਕੰਪਨੀਆਂ ਨੂੰ ਦੇਣ ਨਾਲ ਹੌਲੀ-ਹੌਲੀ ਕਿਸਾਨਾਂ ਅਤੇ ਪਿੰਡਾਂ ਦਾ ਦ੍ਰਿਸ਼ ਪੂਰੀ ਤਰ੍ਹਾਂ ਬਦਲਦਾ ਜਾ ਰਿਹਾ ਹੈ। ਇਸ ਸੰਦਰਭ ਵਿਚ ਸਰਕਾਰ ਨੂੰ ਕਿਸਾਨਾਂ ਦੀਆਂ ਜ਼ਮੀਨਾਂ ਐਕਵਾਇਰ ਕਰਨ ਵੇਲੇ ਹਰ ਪੱਖ ਤੋਂ ਧਿਆਨ ਰੱਖਣਾ ਚਾਹੀਦਾ ਹੈ। ਬਹੁਤ ਹੀ ਸੋਚ-ਸਮਝ ਕੇ ਨੀਤੀ ਅਪਣਾਉਣੀ ਚਾਹੀਦੀ ਹੈ ਅਤੇ ਇਸ ਦਿਸ਼ਾ ਵਿਚ ਫੂਕ-ਫੂਕ ਕੇ ਕਦਮ ਚੁੱਕਣੇ ਚਾਹੀਦੇ ਹਨ, ਤਾਂ ਜੋ ਉਹ ਕੁਝ ਛੋਟਾ ਜਿਹਾ ਵਸਾਉਣ ਦੀ ਨੀਅਤ ਨਾਲ ਉਸ ਵੱਡੇ ਉਜਾੜੇ ਦੀ ਭਾਗੀ ਨਾ ਬਣੇ ਜਿਸ ਨੂੰ ਰੋਕਣ ਦੀ ਜ਼ਿੰਮੇਵਾਰੀ ਕਿਸੇ ਵੀ ਲੋਕ-ਪੱਖੀ ਸਰਕਾਰ ਦਾ ਪਹਿਲਾ ਫਰਜ਼ ਬਣ ਜਾਂਦਾ ਹੈ।

**(ਬਰਜਿੰਦਰ ਸਿੰਘ ਹਮਦਰਦ)**

## ਧਰਤੀ ਹੇਠਲੇ ਪਾਣੀ ਦਾ ਸੰਕਟ

ਪੰਜਾਬ ਵਿਚ ਪਾਣੀ ਦੀ ਵਧ ਰਹੀ ਕਿੱਲਤ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਨੀਵਾਂ ਹੋਣ ਦੀ ਚਿੰਤਾ ਹਰ ਪੰਜਾਬੀ ਲਈ ਇਕ ਵੰਗਾਰ ਭਰੀ ਸਥਿਤੀ ਹੈ। ਜਦੋਂ ਪੰਜਾਬ ਨੇ ਆਪਣੀਆਂ ਰਵਾਇਤੀ ਫ਼ਸਲਾਂ ਕਣਕ, ਮੱਕੀ, ਕਮਾਦ ਆਦਿ ਤੋਂ ਹੱਟ ਕੇ ਵਪਾਰਕ ਨਜ਼ਰੀਏ ਤੋਂ ਝੋਨੇ ਦੀ ਫ਼ਸਲ ਨੂੰ ਵਧੇਰੇ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਤਾਂ ਕੁਦਰਤੀ ਤੌਰ 'ਤੇ ਪਾਣੀ ਦੀ ਵਰਤੋਂ ਵਧ ਜਾਣੀ ਸੀ ਜਿਸ ਦਾ ਦੂਰਰਸ ਨਤੀਜਾ ਇਹ ਹੋਇਆ ਕਿ

ਧਰਤੀ ਹੇਠਲੇ ਪਾਣੀ ਦਾ ਪੱਧਰ ਹੋਰ ਨੀਵਾਂ ਹੋਣਾ ਸ਼ੁਰੂ ਹੋ ਗਿਆ। ਵਿਗਿਆਨੀਆਂ ਨੇ ਸਖ਼ਤ ਚਿਤਾਵਨੀ ਦਿੱਤੀ ਕਿ ਜੇਕਰ ਇਹ ਸਭ ਕੁਝ ਇਸੇ ਤਰ੍ਹਾਂ ਹੁੰਦਾ ਗਿਆ ਤਾਂ ਪੰਜਾਬ ਬਹੁਤ ਛੇਤੀ ਰੇਗਿਸਤਾਨ ਬਣ ਜਾਵੇਗਾ। ਇਸ ਸਥਿਤੀ ਵਿਚ ਵੀ ਡਾ. ਬਰਜਿੰਦਰ ਸਿੰਘ ਹਮਦਰਦ ਨੇ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਗਿਆਰਾਂ ਅਪ੍ਰੈਲ 2008 ਦੇ ਸੰਪਾਦਕੀ ਵਿਚ ਲਿਖਿਆ—

> ਪਾਣੀ ਦੇ ਘੱਟ ਜਾਣ ਨਾਲ ਸਿੱਧਾ ਕਿਸਾਨ ਅਤੇ ਪੰਜਾਬ ਦੀ ਆਰਥਿਕਤਾ 'ਤੇ ਅਸਰ ਪਵੇਗਾ। ਇਸੇ ਲਈ ਹਰ ਵਰਗ ਵੱਲੋਂ ਪਿਛਲੇ ਸਮੇਂ ਵਿਚ ਇਸ ਸਬੰਧੀ ਵੱਡੀ ਚਿੰਤਾ ਪ੍ਰਗਟਾਈ ਜਾਂਦੀ ਰਹੀ ਹੈ। ਇਹ ਵੀ ਅਪੀਲਾਂ ਕੀਤੀਆਂ ਜਾਂਦੀਆਂ ਰਹੀਆਂ ਹਨ ਕਿ ਹਰ ਪੱਖ ਤੋਂ ਪਾਣੀ ਦੀ ਬੇਲੋੜੀ ਵਰਤੋਂ ਨੂੰ ਰੋਕਿਆ ਜਾਵੇ। ਅੱਜ ਹਰ ਪਾਸੇ ਤੋਂ ਇਹ ਮੰਗ ਉੱਠਣ ਲੱਗੀ ਹੈ। ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਤਾਂ ਪੀਣ ਵਾਲੇ ਪਾਣੀ ਦੀ ਹੀ ਵੱਡੀ ਘਾਟ ਪੈਦਾ ਹੋ ਚੁੱਕੀ ਹੈ, ਖਾਸ ਤੌਰ 'ਤੇ ਗਰਮੀਆਂ ਦੇ ਦਿਨਾਂ ਵਿਚ ਸਰਕਾਰੀ ਟੂਟੀਆਂ ਦੇ ਕੋਲ ਥਾਂ-ਪੁਰ-ਥਾਂ ਪਾਣੀ ਲੈਣ ਲਈ ਲੰਮੀਆਂ ਕਤਾਰਾਂ ਲੱਗੀਆਂ ਦੇਖੀਆਂ ਜਾ ਸਕਦੀਆਂ ਹਨ। ਆਉਣ ਵਾਲੇ ਸਮੇਂ ਵਿਚ ਹਾਲਤ ਦੇ ਬਦਤਰ ਹੋਣ ਦਾ ਹੀ ਅੰਦਾਜ਼ਾ ਕੀਤਾ ਜਾ ਰਿਹਾ ਹੈ। ਪਾਣੀ ਨੂੰ ਬਚਾਉਣ ਸਬੰਧੀ ਯੋਜਨਾਵਾਂ ਬਣਾਉਣ ਅਤੇ ਉਨ੍ਹਾਂ ਨੂੰ ਅਮਲੀ ਰੂਪ ਦੇਣ ਲਈ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ।

**(ਬਰਜਿੰਦਰ ਸਿੰਘ ਹਮਦਰਦ)**

ਪੰਜਾਬ ਦੇ ਜਲ ਸਰੋਤਾਂ ਦੀ ਸੰਭਾਲ ਅਤੇ ਪਾਣੀ ਦੀ ਰੋਜ਼ਾਨਾ ਜੀਵਨ ਵਿਚ ਵਰਤੋਂ ਸੰਬੰਧੀ ਚੇਤਨਾ ਜਗਾਉਣ ਵਿਚ ਵੀ 'ਅਜੀਤ' ਨੇ ਅਹਿਮ ਭੂਮਿਕਾ ਨਿਭਾਈ ਹੈ। 'ਅਜੀਤ' ਮੁਤਾਬਕ ਜਲ ਸਰੋਤਾਂ ਦੀ ਸੰਭਾਲ ਨੂੰ ਕੌਮੀ ਨਿਸ਼ਾਨਾ ਬਣਾਇਆ ਜਾਣਾ ਚਾਹੀਦਾ ਹੈ। ਸਤੰਬਰ 2007 ਵਿਚ ਜਦੋਂ ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਵਿਖੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਬਾਰੇ ਇਕ ਕੌਮੀ ਕਾਨਫਰੰਸ ਵਿਚ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਦੇਸ਼ ਦੇ ਇਸ ਬਹੁਤ ਅਹਿਮ ਮਸਲੇ ਵਲ ਦੇਸ਼ ਦਾ ਧਿਆਨ ਦੁਆਇਆ ਤਾਂ 'ਅਜੀਤ' ਅਖ਼ਬਾਰ ਨੇ ਇਸ ਦੀ ਗੰਭੀਰਤਾ ਨੂੰ ਸਮਝਦੇ ਹੋਏ ਲੋਕਾਂ ਨੂੰ ਜਾਗਰੂਕ ਕੀਤਾ ਕਿ ਜੇਕਰ ਕੁਦਰਤ ਦਾ ਇਹ ਖਜ਼ਾਨਾ ਧਰਤੀ ਹੇਠੋਂ ਅਲੋਪ ਹੋ ਗਿਆ ਤਾਂ ਇਸ ਨਾਲ ਬਹੁਤ ਵੱਡੀ ਸਮੱਸਿਆ ਪੈਦਾ ਹੋ ਜਾਵੇਗੀ। ਇਸ ਦਾ ਸਿੱਧਾ ਅਸਰ ਖੇਤੀ ਦੀ ਉਪਜ ਅਤੇ ਸਨਅਤੀ ਉਤਪਾਦਨ ਉੱਤੇ ਪਵੇਗਾ। ਇਥੋਂ ਤੱਕ ਕਿ ਅਜਿਹਾ ਸੰਕਟ ਮਨੁੱਖੀ ਜੀਵਨ ਦੀ ਹੋਂਦ ਲਈ ਵੀ ਖ਼ਤਰਾ ਬਣ ਸਕਦਾ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਨੇ ਤੇਰਾਂ ਸਤੰਬਰ 2007 ਨੂੰ ਲਿਖੇ ਆਪਣੇ ਸੰਪਾਦਕੀ ਵਿਚ ਆਪਣੀ ਚਿੰਤਾ ਦਾ ਪ੍ਰਗਟਾਵਾ ਇਸ ਤਰ੍ਹਾਂ ਕੀਤਾ—

> ਮਨੁੱਖ ਦੇ ਜੀਵਨ ਵਿਚ ਪਾਣੀ ਦੀ ਮਹੱਤਤਾ ਇਸੇ ਪੱਖ ਤੋਂ ਹੀ ਜਾਣੀ ਜਾ ਸਕਦੀ ਹੈ ਕਿ ਪੁਰਾਣੀਆਂ ਵੱਡੀਆਂ ਸੱਭਿਆਤਾਵਾਂ ਉਨ੍ਹਾਂ ਥਾਵਾਂ 'ਤੇ ਹੀ ਪ੍ਰਫੁੱਲਿਤ ਹੋਈਆਂ ਜਿਨ੍ਹਾਂ ਥਾਵਾਂ 'ਤੇ

> ਪਾਣੀ ਉਪਲਬਧ ਸੀ। ਉਸ ਸਮੇਂ ਪਾਣੀ ਦੇ ਮੁੱਖ ਸੋਮੇ ਨਦੀਆਂ ਅਤੇ ਦਰਿਆ ਸਨ। ਮਨੁੱਖ ਨੇ ਆਪਣੇ ਟਿਕਾਣੇ ਇਨ੍ਹਾਂ ਨਦੀਆਂ ਅਤੇ ਦਰਿਆਵਾਂ ਦੇ ਕੰਢਿਆਂ 'ਤੇ ਬਣਾਏ। ਜਿਨ੍ਹਾਂ ਥਾਵਾਂ 'ਤੇ ਪਾਣੀ ਉਪਲਬਧ ਨਹੀਂ ਸੀ, ਉਹ ਥਾਂ ਵੱਡੇ ਮਾਰੂਥਲਾਂ ਵਿਚ ਤਬਦੀਲ ਹੁੰਦੇ ਗਏ। ਅੱਜ ਜਦੋਂ ਕਿ ਜੀਵਨ-ਸੈਲੀ ਵਿਚ ਵੱਡੀਆਂ ਤਬਦੀਲੀਆਂ ਆ ਚੁੱਕੀਆਂ ਹਨ ਤਾਂ ਪਾਣੀ ਦੀ ਲੋੜ ਵਧੇਰੇ ਮਹਿਸੂਸ ਹੋਣ ਲੱਗੀ ਹੈ। ਅਜਿਹੇ ਸਮੇਂ ਪਾਣੀ ਦੇ ਸੁੰਗੜਦੇ ਸੋਮੇ ਚਿੰਤਾ ਦਾ ਵਿਸ਼ਾ ਬਣ ਗਏ ਹਨ। ਜੇਕਰ ਅੱਜ ਦੇ ਸਮੁੱਚੇ ਵਰਤਾਰੇ ਨੂੰ ਦੇਖਿਆ ਜਾਵੇ ਤਾਂ ਲਗਦਾ ਹੈ ਕਿ ਜਿਸ ਹੱਦ ਤੱਕ ਸਥਿਤੀ ਚਿੰਤਾਜਨਕ ਬਣ ਗਈ ਹੈ, ਉਸ ਦੇ ਮੁਕਾਬਲੇ ਵਿਚ ਪਾਣੀ ਦੇ ਸਰੋਤਾਂ ਦੀ ਰੱਖਿਆ ਅਤੇ ਸਾਂਭ-ਸੰਭਾਲ ਸਬੰਧੀ ਯੋਜਨਾਬੰਦੀ ਦੀ ਬੇਹੱਦ ਘਾਟ ਹੈ। ਇਸ ਕਰਕੇ ਬਹੁਤ ਸਾਰਾ ਪਾਣੀ ਵਿੱਰਥ ਜਾ ਰਿਹਾ ਹੈ। ਇਹ ਗੱਲ ਵੀ ਯਕੀਨੀ ਹੈ ਕਿ ਜੇਕਰ ਪਾਣੀ ਨੂੰ ਸੰਭਾਲਣ ਸਬੰਧੀ ਯੋਜਨਾਵਾਂ ਨੂੰ ਗੰਭੀਰਤਾਪੂਰਕ ਸਿਰੇ ਨਾ ਚੜ੍ਹਾਇਆ ਗਿਆ ਤਾਂ ਇਹ ਸੰਕਟ ਇਸ ਧਰਤੀ ਨੂੰ ਰੇਗਿਸਤਾਨ ਵਿਚ ਬਦਲ ਦੇਵੇਗਾ।
>
> **(ਬਰਜਿੰਦਰ ਸਿੰਘ ਹਮਦਰਦ)**

ਕੇਂਦਰ ਸਰਕਾਰ ਵੱਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਤਿਆਰ ਕੀਤੇ ਜਾ ਰਹੇ 'ਮਾਡਲ ਬਿੱਲ' ਦੀ ਚਰਚਾ ਕਰਦਿਆਂ ਡਾ. ਬਰਜਿੰਦਰ ਸਿੰਘ ਹਮਦਰਦ ਨੇ ਪੰਜਾਬ ਸਰਕਾਰ ਨੂੰ ਵੀ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣ ਲਈ ਕਿਹਾ। ਉਨ੍ਹਾਂ ਨੇ ਕਿਹਾ ਕਿ ਇਸ ਦੀ ਗੰਭੀਰਤਾ ਨੂੰ ਸਮਝ ਕੇ ਪੰਜਾਬ ਸਰਕਾਰ ਲੋਕਾਂ ਦਾ ਅਤੇ ਕਿਸਾਨਾਂ ਦਾ ਬਹੁਤ ਫਾਇਦਾ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਝੋਨੇ ਦੀ ਫ਼ਸਲ ਸੰਬੰਧੀ ਮਾਹਿਰਾਂ ਵੱਲੋਂ ਲਗਾਤਾਰ ਸੁਚੇਤ ਕੀਤਾ ਜਾ ਰਿਹਾ ਹੈ ਕਿ ਜੇਕਰ ਇਸ ਨੂੰ ਬੀਜਣ ਦਾ ਸਮਾਂ ਨਿਸ਼ਚਿਤ ਨਾ ਕੀਤਾ ਗਿਆ ਅਤੇ ਇਸ ਫ਼ਸਲ ਦੀ ਉਪਜ ਸੰਬੰਧੀ ਨਿਯਮਾਂ ਨੂੰ ਬੇਤਰਤੀਬਾ ਛੱਡ ਦਿੱਤਾ ਗਿਆ ਤਾਂ ਇਸ ਨਾਲ ਪਾਣੀ ਦੀ ਪੱਧਰ ਹੋਰ ਵੀ ਨੀਵੀਂ ਚਲੀ ਜਾਵੇਗੀ।

ਡਾ. ਬਰਜਿੰਦਰ ਸਿੰਘ ਹਮਦਰਦ ਨੇ 7 ਸਤੰਬਰ 2007 ਦੇ ਆਪਣੇ ਸੰਪਾਦਕੀ ਵਿਚ ਲਿਖਿਆ—

> ਕੇਂਦਰੀ ਜਲ ਸਰੋਤ ਮੰਤਰਾਲੇ ਨੇ ਜ਼ਮੀਨ ਹੇਠਲੇ ਪਾਣੀ ਦੀ ਪੱਧਰ ਹੇਠਾਂ ਜਾਣ ਤੋਂ ਰੋਕਣ ਲਈ ਅਤੇ ਇਸ ਦੀ ਯੋਗ ਵਰਤੋਂ ਲਈ ਇਕ ਮਾਡਲ ਬਿੱਲ ਤਿਆਰ ਕੀਤਾ ਹੈ। ਇਸ ਨੂੰ ਪਾਸ ਕਰਵਾ ਕੇ ਕਾਨੂੰਨ ਬਣਾਉਣ ਦਾ ਅਤੇ ਇਸ ਨੂੰ ਸਖ਼ਤੀ ਨਾਲ ਲਾਗੂ ਕਰਨ ਦਾ ਫ਼ੈਸਲਾ ਵੀ ਲਿਆ ਹੈ। ਮਿਲੀਆਂ ਰਿਪੋਰਟਾਂ ਅਨੁਸਾਰ ਹੁਣ ਆਂਧਰਾ ਪ੍ਰਦੇਸ਼, ਤਾਮਿਲਨਾਡੂ, ਗੋਆ, ਕੇਰਲਾ, ਬਿਹਾਰ ਤੇ ਪੱਛਮੀ ਬੰਗਾਲ ਤੇ ਇਥੋਂ ਤੱਕ ਕਿ ਹਿਮਾਚਲ ਪ੍ਰਦੇਸ਼ ਨੇ ਵੀ ਇਸ ਮਾਡਲ ਬਿੱਲ ਦੇ ਆਧਾਰ 'ਤੇ ਆਪਣੇ ਕਾਨੂੰਨ ਬਣਾ ਕੇ ਇਨ੍ਹਾਂ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ। ਪਰ ਪੰਜਾਬ ਸਰਕਾਰ ਦਾ ਇਸ ਪ੍ਰਤੀ ਢਿੱਲਮੱਠ ਵਾਲਾ ਰਵੱਈਆ ਬੇਹੱਦ ਅੱਖਰਦਾ ਹੈ।
>
> **(ਬਰਜਿੰਦਰ ਸਿੰਘ ਹਮਦਰਦ)**

ਧਰਤੀ ਹੇਠਲੇ ਪਾਣੀ ਦੀ ਸੰਭਾਲ ਲਈ ਸਰਬ ਵਿਆਪੀ ਚੇਤਨਾ ਪੈਦਾ ਕਰਨ ਦਾ ਬੀੜਾ ਚੁਕਦਿਆਂ 'ਅਜੀਤ' ਅਖ਼ਬਾਰ ਨੇ ਆਮ ਜ਼ਿੰਦਗੀ ਵਿਚ ਪਾਣੀ ਦੀ ਵਰਤੋਂ ਸੰਬੰਧੀ ਜਨ-ਸਾਧਾਰਨ ਨੂੰ ਸੁਚੇਤ ਕਰਨ ਦੀ ਮੁਹਿੰਮ ਵੀ ਨਾਲੋ-ਨਾਲ ਹੀ ਜਾਰੀ ਰੱਖੀ। ਉਨ੍ਹਾਂ ਨੇ ਆਪਣੇ ਕਿਸਾਨਾਂ ਨੂੰ ਅਤੇ ਹੋਰ ਤਬਕਿਆਂ ਦੇ ਲੋਕਾਂ ਨੂੰ ਪਾਣੀ ਵਰਗੀ ਨਿਹਮਤ ਪ੍ਰਤੀ ਜਾਗਰੂਕ ਹੋਣ ਦਾ ਹੋਕਾ ਦਿੱਤਾ। ਉਨ੍ਹਾਂ ਆਪਣੇ ਕਾਲਮਾਂ ਵਿਚ ਲਿਖਿਆ ਕਿ ਅੱਜ ਭਾਵੇਂ ਇਹ ਮੁੱਦੇ ਸਾਨੂੰ ਮਹੱਤਵਹੀਣ ਲਗਦੇ ਹਨ ਅਤੇ ਇਨ੍ਹਾਂ ਨੂੰ ਅਸੀਂ ਅਣਗੌਲਿਆਂ ਕਰ ਰਹੇ ਹਾਂ, ਕੱਲ੍ਹ ਨੂੰ ਇਨ੍ਹਾਂ ਪ੍ਰਤੀ ਲਾਪ੍ਰਵਾਹੀ ਕਰਕੇ ਸਾਨੂੰ ਪਛਤਾਉਣਾ ਪਵੇਗਾ। ਭਾਰਤ ਵਰਗਾ ਮੁਲਕ ਸਦੀਆਂ ਤੋਂ ਅਜੇਹੀਆਂ ਲਾਪ੍ਰਵਾਹੀਆਂ ਕਰਕੇ ਨੁਕਸਾਨ ਉਠਾਉਂਦਾ ਰਿਹਾ ਹੈ ਅਤੇ ਇਸ ਦੇਸ਼ ਨੇ ਵੱਡੇ ਵੱਡੇ ਸੰਤਾਪ ਭੋਗੇ ਹਨ। ਅੱਜ ਫੇਰ ਇਹ ਸੰਤਾਪ ਅਤੇ ਵੱਡੀਆਂ ਔਕੜਾਂ ਵਿਚੋਂ ਗੁਜ਼ਰ ਰਿਹਾ ਹੈ ਪਰ ਬੜੇ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਸਾਡੀਆਂ ਸਰਕਾਰਾਂ ਅਜਿਹੇ ਅਹਿਮ ਮਸਲਿਆਂ ਸਬੰਧੀ ਵੀ ਕਿਸੇ ਨਾ ਕਿਸੇ ਤਰ੍ਹਾਂ ਡੰਗ ਟਪਾਈ ਵਾਲੀ ਪਹੁੰਚ ਵਿਚ ਹੀ ਭਲਾ ਸਮਝਦੀਆਂ ਹਨ। ਇਹ ਵਤੀਰਾ ਦੇਸ਼ ਦੇ ਭਵਿੱਖ ਲਈ ਸਹੀ ਨਹੀਂ ਹੈ।

ਆਪਣੇ 23 ਮਾਰਚ 2006 ਦੇ ਸੰਪਾਦਕੀ ਵਿਚ ਡਾ. ਬਰਜਿੰਦਰ ਸਿੰਘ ਹਮਦਰਦ ਨੇ ਲਿਖਿਆ—

> ਸਭ ਤੋਂ ਪਹਿਲੀ ਗੱਲ ਕਿਸਾਨਾਂ ਨੂੰ ਸੁਚੇਤ ਕਰਨ ਦੀ ਜ਼ਰੂਰਤ ਹੋਵੇਗੀ ਕਿ ਉਨ੍ਹਾਂ ਨੇ ਪਾਣੀ ਦੀ ਵਰਤੋਂ ਕਿਸ ਕਦਰ ਤੇ ਕਿਸ ਤਰ੍ਹਾਂ ਕਰਨੀ ਹੈ। ਇਸ ਲਈ ਫ਼ਸਲੀ ਵਿਭਿੰਨਤਾ ਦੀ ਜ਼ਰੂਰਤ ਤੋਂ ਇਲਾਵਾ ਨੇੜ ਭਵਿੱਖ ਵਿਚ ਹਰ ਸੂਰਤ 'ਚ ਡਰਿਪ ਇਰੀਗੇਸ਼ਨ (ਤੁਪਕਾ ਪ੍ਰਣਾਲੀ) ਤਕਨੀਕ ਅਨੁਸਾਰ ਕਿਸਾਨਾਂ ਨੂੰ ਖੇਤਾਂ ਲਈ ਪਾਣੀ ਦੀ ਵਰਤੋਂ ਕਰਨ ਦੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਸਨਅਤ ਲਈ ਵਰਤੇ ਜਾਂਦੇ ਪਾਣੀ ਨੂੰ ਸਾਫ਼ ਕਰਕੇ ਉਸ ਦੀ ਮੁੜ ਵਰਤੋਂ ਕਰਨੀ ਹੋਵੇਗੀ। ਖੇਤਾਂ ਲਈ ਵੀ ਤਰਜੀਹੀ ਤੌਰ 'ਤੇ ਇਹੀ ਪਾਣੀ ਵਰਤਿਆ ਜਾਣਾ ਚਾਹੀਦਾ ਹੈ। ਪਿੰਡਾਂ ਤੇ ਸ਼ਹਿਰਾਂ ਵਿਚ ਜਿਥੇ-ਜਿਤੇ ਵੀ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੈ, ਇਸ ਗੱਲ ਦਾ ਵੱਧ ਤੋਂ ਵੱਧ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਕਿਸੇ ਵੀ ਸੂਰਤ ਵਿਚ ਪਾਣੀ ਜਾਇਆ ਨਾ ਜਾਏ।
>
> **(ਬਰਜਿੰਦਰ ਸਿੰਘ ਹਮਦਰਦ)**

ਆਪਣੇ ਇਸੇ ਸੰਪਾਦਕੀ ਵਿਚ ਡਾ. ਬਰਜਿੰਦਰ ਸਿੰਘ ਹਮਦਰਦ ਨੇ ਜਿਥੇ ਪਿੰਡਾਂ ਅਤੇ ਸ਼ਹਿਰਾਂ ਵਿਚ ਕੀਤੀ ਜਾ ਰਹੀ ਪਾਣੀ ਦੀ ਸਪਲਾਈ ਬਾਰੇ ਵਧੇਰੇ ਨਿਯਮਤ ਹੋਣ ਦੀ ਗੱਲ ਕੀਤੀ ਉਥੇ ਮੀਂਹ ਦੇ ਪਾਣੀ ਦੀ ਸੰਭਾਲ ਤੇ ਉਸ ਦੀ ਸੁਚੱਜੀ ਵਰਤੋਂ ਕਰਨ ਉੱਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਦੇ ਦੂਰਰਸ ਨਤੀਜੇ ਸਾਡੇ ਲਈ ਵਰਦਾਨ ਸਾਬਿਤ ਹੋ ਸਕਦੇ ਹਨ।

> ਅੱਜ ਅਸੀਂ ਵੇਖਦੇ ਹਾਂ ਕਿ ਟੁੱਟੀਆਂ-ਫੁੱਟੀਆਂ ਪਾਈਪਾਂ ਵਿਚੋਂ ਵਗਦਾ ਪਾਣੀ, ਪਾਣੀ ਦੀਆਂ ਵਗਦੀਆਂ ਖੁੱਲ੍ਹੀਆਂ ਟੂਟੀਆਂ ਅਤੇ ਲੋਕਾਂ ਦੀ ਹਰ ਪੱਖੋਂ ਪਾਣੀ ਦੀ ਵਰਤੋਂ ਸਬੰਧੀ ਲਾਪ੍ਰਵਾਹੀ ਬਹੁਤ ਸਾਰੇ ਪਾਣੀ ਦੇ ਜ਼ਾਇਆ ਹੋਣ ਲਈ ਜ਼ਿੰਮੇਵਾਰ ਹੈ। ਹੁਣ ਹਾਲਤ ਇਥੋਂ ਤੱਕ ਪੁੱਜ ਚੁੱਕੀ ਹੈ

ਕਿ ਅਸੀਂ ਹਰ ਸੂਰਤ ਵਿਚ ਮੀਂਹ ਦੇ ਪਾਣੀ ਦੀ ਸੰਭਾਲ ਕਰੀਏ। ਇਸ ਸੰਬੰਧੀ ਅਨੇਕਾਂ ਸੁਝਾਅ ਦਿੱਤੇ ਜਾ ਚੁੱਕੇ ਹਨ। ਬਹੁਤ ਸਾਰੀਆਂ ਥਾਵਾਂ 'ਤੇ ਇਸ ਦੇ ਸਫ਼ਲ ਤਜਰਬੇ ਵੀ ਹੋ ਚੁੱਕੇ ਹਨ। ਇਸ ਲਈ ਸ਼ਹਿਰੀ ਵਸੋਂ ਨੂੰ ਵੀ ਨਾਲ ਲਿਆ ਜਾਣਾ ਜ਼ਰੂਰੀ ਹੈ। ਜੇਕਰ ਮੀਂਹ ਦੇ ਪਾਣੀ ਨੂੰ ਬਚਾਉਣ ਲਈ ਪ੍ਰਭਾਵਸ਼ਾਲੀ ਢੰਗ ਅਪਣਾਏ ਜਾਣ ਤਾਂ ਆਉਂਦੇ ਸਮੇਂ ਵਿਚ ਪਾਣੀ ਦੀ ਪੈਦਾ ਹੋ ਰਹੀ ਵੱਡੀ ਤੰਗੀ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ। ਪਾਣੀ ਨੂੰ ਬਚਾਉਣ ਲਈ ਨਾ ਸਿਰਫ਼ ਸਨਅਤ, ਖੇਤੀਬਾੜੀ ਤੇ ਘਰੇਲੂ ਵਰਤੋਂ ਆਦਿ ਲਈ ਸਖ਼ਤ ਕਾਨੂੰਨ ਹੀ ਬਣਾਏ ਜਾਣੇ ਚਾਹੀਦੇ ਹਨ, ਇਸ ਦੇ ਨਾਲ-ਨਾਲ ਲੋਕਾਂ ਅੰਦਰ ਹਰ ਢੰਗ-ਤਰੀਕੇ ਨਾਲ ਪਾਣੀ ਦੀ ਵਰਤੋਂ ਬਾਰੇ ਜਾਗਰੂਕਤਾ ਵੀ ਪੈਦਾ ਕੀਤੀ ਜਾਣੀ ਚਾਹੀਦੀ ਹੈ। ਅਜਿਹੀ ਜਾਗਰੂਕਤਾ ਹੀ ਭਵਿੱਖ ਵਿਚ ਪਾਣੀ ਨੂੰ ਕਾਫ਼ੀ ਹੱਦ ਤੱਕ ਬਚਾਉਣ 'ਚ ਸਹਾਈ ਹੋ ਸਕਦੀ ਹੈ।

**(ਬਰਜਿੰਦਰ ਸਿੰਘ ਹਮਦਰਦ)**

ਪਾਣੀ ਦੀ ਸਾਂਭ-ਸੰਭਾਲ ਅਤੇ ਸੁਚੱਜੀ ਵਰਤੋਂ ਤੋਂ ਸੁਚੇਤ ਕਰਨ ਦੇ ਨਾਲ-ਨਾਲ 'ਅਜੀਤ' ਨੇ ਗੰਧਲੇ ਹੋ ਰਹੇ ਵਾਤਾਵਰਨ ਪ੍ਰਤੀ ਲੋਕਾਂ ਨੂੰ ਸੁਚੇਤ ਕਰਨ ਦੀ ਜ਼ਿੰਮੇਵਾਰੀ ਵੀ ਲਗਾਤਾਰ ਨਿਭਾਈ ਹੈ। ਪ੍ਰਦੂਸ਼ਤ ਹੋ ਰਿਹਾ ਵਾਤਾਵਰਨ ਮਨੁੱਖੀ ਅਣਗਹਿਲੀਆਂ ਨਾਲ ਵੀ ਜੁੜਿਆ ਹੋਇਆ ਹੈ ਜਿਸ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ।

## ਵਾਤਾਵਰਨ ਦੀ ਸ਼ੁੱਧਤਾ ਲਈ ਮੁਹਿੰਮ

ਪੰਜਾਬ ਵਿਚ ਜਿਥੇ ਧਰਤੀ ਹੇਠਲੇ ਪਾਣੀ ਦੀ ਗੰਭੀਰ ਸਮੱਸਿਆ ਹੈ ਉਥੇ ਮਨੁੱਖੀ ਅਣਗਹਿਲੀਆਂ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਆਪਣੀਆਂ ਗ਼ਲਤੀਆਂ ਨਾਲ ਵੀ ਗੰਧਲਾ ਕਰੀ ਜਾ ਰਹੀਆਂ ਹਨ। ਸਨਅਤੀ ਗੰਦੇ ਪਾਣੀ ਦੇ ਨਿਕਾਸ ਨੂੰ ਕੁਦਰਤੀ ਸੋਮਿਆਂ ਤੋਂ ਵਹਿੰਦੇ ਪਾਣੀ ਵਿਚ ਮਿਲਾ ਕੇ ਸਾਰਾ ਵਾਤਾਵਰਨ ਹੀ ਗੰਧਲਾ ਹੋ ਰਿਹਾ ਹੈ। ਪੰਜਾਬ ਦੀ ਧਰਤੀ ਉੱਤੇ ਵਗਦੀਆਂ ਸਭ ਨਦੀਆਂ ਪ੍ਰਦੂਸ਼ਿਤ ਹੋ ਚੁੱਕੀਆਂ ਹਨ। ਕਾਲੀ ਵਈਂ ਨੂੰ ਸਾਫ਼ ਕਰਨ ਦੀ ਮੁਹਿੰਮ ਸੰਤ ਬਲਵੀਰ ਸਿੰਘ ਸੀਚੇਵਾਲ ਵੱਲੋਂ ਵਿੱਢੀ ਗਈ ਅਤੇ ਉਸ ਵਿਚ ਉਨ੍ਹਾਂ ਨੂੰ ਕਾਫ਼ੀ ਸਫ਼ਲਤਾ ਵੀ ਮਿਲੀ। 'ਅਜੀਤ' ਨੇ ਨਾ ਸਿਰਫ਼ ਇਸ ਮੁਹਿੰਮ ਵਿਚ ਉਨ੍ਹਾਂ ਦਾ ਸਾਥ ਲੋਕਾਂ ਨੂੰ ਜਾਗਰੂਕ ਕਰਕੇ ਦਿੱਤਾ ਸਗੋਂ ਵਾਤਾਵਰਨ ਦੀ ਸ਼ੁੱਧਤਾ ਲਈ ਮਾਹੌਲ ਬਣਾਉਣ ਲਈ ਅਗਵਾਈ ਵਾਲਾ ਰੋਲ ਵੀ ਅਦਾ ਕੀਤਾ ਇਸੇ ਤਰ੍ਹਾਂ ਚਿੱਟੀ ਵੇਈਂ ਅਤੇ ਕਾਲਾ ਸੰਘਿਆ ਡਰੇਨ ਨੂੰ ਸਾਫ਼-ਸੁਥਰਾ ਰੱਖਣ ਦੀ ਮੁਹਿੰਮ ਵਿਚ ਵੀ 'ਅਜੀਤ' ਨੇ ਸਰਗਰਮ ਰੋਲ ਅਦਾ ਕੀਤਾ। ਇਸ ਉਪਰੰਤ ਜਦੋਂ ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਜਿਨ੍ਹਾਂ ਵਿਚ ਬਟਾਲਾ, ਪਠਾਨਕੋਟ ਅਤੇ ਗੁਰਦਾਸਪੁਰ ਸ਼ਾਮਿਲ ਹਨ, ਪੀਣ ਵਾਲੇ ਪਾਣੀ ਦੇ ਨਮੂਨੇ ਫੇਲ੍ਹ ਹੋ ਗਏ ਅਤੇ ਮਿਊਂਸਪਲ ਕਾਰਪੋਰੇਸ਼ਨਾਂ ਵੱਲੋਂ ਲੋਕਾਂ ਨੂੰ ਸਪਲਾਈ ਕੀਤੇ ਜਾਣ ਵਾਲਾ ਪਾਣੀ ਪੀਣ ਦੇ ਯੋਗ ਹੀ ਨਾ ਸਮਝਿਆ ਗਿਆ ਤਾਂ 'ਅਜੀਤ' ਨੇ ਸਾਫ਼ ਅਤੇ ਪੀਣ ਯੋਗ ਪਾਣੀ ਦੀ ਸਪਲਾਈ ਨੂੰ ਬੇਹੱਦ ਚੁਣੌਤੀ ਭਰਿਆ ਕਾਰਜ ਸਮਝਦੇ ਹੋਏ ਸਰਕਾਰ ਨੂੰ ਜਾਗਰੂਕ ਕਰਨ ਦੀ ਮੁਹਿੰਮ ਛੇੜੀ। 'ਅਜੀਤ' ਨੇ ਆਪਣੇ ਕਾਲਮਾਂ ਵਿਚ ਲਿਖਿਆ ਕਿ ਅੱਜ ਜਿਸ ਤਰ੍ਹਾਂ ਦਾ ਸ਼ਹਿਰਾਂ ਦਾ ਵਾਤਾਵਰਨ ਬਣ ਰਿਹਾ ਹੈ। ਜਿਸ ਤਰ੍ਹਾਂ

ਅੱਜਕਲ੍ਹ ਗੰਦੇ ਪਾਣੀ ਦੇ ਨਾਲੇ ਸ਼ਹਿਰਾਂ ਦੇ ਨਾਲ-ਨਾਲ ਵਹਿੰਦੇ ਨਜ਼ਰ ਆ ਰਹੇ ਹਨ, ਉਸ ਨਾਲ ਧਰਤੀ ਹੇਠਲਾ ਪਾਣੀ ਕਿਵੇਂ ਸਾਫ਼ ਰਹਿਣਾ ਹੈ, ਇਸ ਤਰ੍ਹਾਂ ਦੇ ਪ੍ਰਬੰਧ ਵੀ ਸਾਹਮਣੇ ਨਹੀਂ ਆਏ ਕਿ ਧਰਤੀ ਹੇਠਲੇ ਪਾਣੀ ਨੂੰ ਸਾਫ਼ ਰੱਖਣ ਲਈ ਕੋਈ ਵੱਡੀ ਯੋਜਨਾਬੰਦੀ ਕੀਤੀ ਗਈ ਹੋਵੇ, ਜੇਕਰ ਸ਼ਹਿਰਾਂ ਦਾ ਹਾਲ ਅਜਿਹਾ ਹੈ ਤਾਂ ਪਿੰਡਾਂ ਦਾ ਹਾਲ ਇਸ ਤੋਂ ਵੀ ਬਦਤਰ ਦਿਖਾਈ ਦਿੰਦਾ ਹੈ।

ਡਾ. ਬਰਜਿੰਦਰ ਸਿੰਘ ਹਮਦਰਦ ਨੇ ਤਿੰਨ ਮਾਰਚ 2005 ਦੇ ਆਪਣੇ ਸੰਪਾਦਕੀ ਲੇਖ ਵਿਚ ਸਰਕਾਰ ਅਤੇ ਲੋਕਾਂ ਨੂੰ ਸੁਚੇਤ ਕਰਦੇ ਹੋਏ ਲਿਖਿਆ—

> ਅੱਜ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿਚ ਧਰਤੀ ਹੇਠਲਾ ਪਾਣੀ ਪੀਣ ਦੇ ਯੋਗ ਨਹੀਂ ਰਿਹਾ। ਇਸ ਪਾਣੀ ਦੇ ਪੀਣ ਨਾਲ ਅਨੇਕਾਂ ਬਿਮਾਰੀਆਂ ਜਨਮ ਲੈ ਰਹੀਆਂ ਹਨ ਅਤੇ ਮਨੁੱਖੀ ਸਰੀਰਾਂ ਨੂੰ ਨਕਾਰਾ ਕਰ ਰਹੀਆਂ ਹਨ। ਪੰਜਾਬ ਸਰਕਾਰ ਨੂੰ ਅੱਜ ਦੋ ਗੱਲਾਂ ਵੱਲ ਵੱਧ ਤੋਂ ਵੱਧ ਧਿਆਨ ਦੇਣ ਦੀ ਜ਼ਰੂਰਤ ਹੈ। ਇਨ੍ਹਾਂ ਵਿਚੋਂ ਇਕ ਪਾਣੀ ਦਾ ਪ੍ਰਦੂਸ਼ਣ ਅਤੇ ਦੂਸਰਾ ਹਵਾ ਦਾ ਪ੍ਰਦੂਸ਼ਣ। ਜਿੰਨਾ ਚਿਰ ਧਰਤੀ ਉੱਪਰਲਾ ਗੰਦਾ ਪਾਣੀ ਆਦਿ ਧਰਤੀ ਵਿਚ ਜਜ਼ਬ ਹੋ ਰਿਹਾ ਹੈ, ਉਸ ਨੇ ਕਿਸੇ ਵੀ ਸੂਰਤ ਵਿਚ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਹਿਣ ਦੇਣਾ। ਹਵਾ ਵਿਚ ਏਨਾ ਪ੍ਰਦੂਸ਼ਣ ਫੈਲ ਗਿਆ ਹੈ ਕਿ ਆਪ ਮਨੁੱਖ ਲਈ ਬਾਹਰ ਨਿਕਲਣਾ ਅਤੇ ਸਾਹ ਲੈਣਾ ਮੁਸ਼ਕਿਲ ਹੋ ਰਿਹਾ ਹੈ। ਵਾਹਨਾਂ ਦੀ ਗਿਣਤੀ ਦਿਨ-ਬ-ਦਿਨ ਵਧ ਰਹੀ ਹੈ, ਧੂੰਏਂ ਦਾ ਪ੍ਰਦੂਸ਼ਣ ਅੱਖਾਂ ਤੇ ਨੱਕ ਸਾੜ ਰਿਹਾ ਹੈ, ਸੜਕਾਂ ਟੁੱਟੀਆਂ-ਫੁੱਟੀਆਂ ਅਤੇ ਬਹੁਤ ਛੋਟੀਆਂ ਹਨ, ਜਿਸ ਕਰਕੇ ਪੂਰੇ ਵਾਤਾਵਰਨ ਵਿਚ ਮਿੱਟੀ ਦਾ ਪ੍ਰਦੂਸ਼ਣ ਫੈਲਿਆ ਹੋਇਆ ਹੈ। ਸਨਅਤੀ ਇਕਾਈਆਂ ਦੀਆਂ ਚਿਮਨੀਆਂ 'ਚੋਂ ਨਿਕਲਦਾ ਧੂੰਆਂ ਸਾਰੇ ਵਾਤਾਵਰਨ ਵਿਚ ਫੈਲ ਰਿਹਾ ਹੈ। ਹੁਣ ਤਾਂ ਕਿਸਾਨਾਂ ਵੱਲੋਂ ਵੀ ਆਪਣੀਆਂ ਫ਼ਸਲਾਂ ਦੀ ਰਹਿੰਦ-ਖੂੰਹਦ ਅਤੇ ਪਰਾਲੀ ਆਦਿ ਅੱਗ ਲਗਾ ਕੇ ਸਾੜਨ ਦੇ ਅਮਲ ਨੇ ਵਾਤਾਵਰਨ ਵਿਚ ਧੂੰਆਂ ਹੀ ਧੂੰਆਂ ਫੈਲਾਅ ਦਿੱਤਾ ਹੈ।

**(ਬਰਜਿੰਦਰ ਸਿੰਘ ਹਮਦਰਦ)**

ਡਾ. ਹਮਦਰਦ ਨੇ ਆਪਣੇ ਇਸ ਸੰਪਾਦਕੀ ਰਾਹੀਂ ਨਾ ਸਿਰਫ਼ ਹਾਲਾਤ ਦੀ ਮੰਜ਼ਰਕਸ਼ੀ ਹੀ ਕੀਤੀ ਸਗੋਂ ਇਸ ਦੇ ਕਾਰਨਾਂ ਵੱਲ ਵੀ ਧਿਆਨ ਦਿਵਾਉਂਦੇ ਹੋਏ ਇਸ ਦੇ ਇਲਾਜ ਲਈ ਵੀ ਦਿਸ਼ਾ ਨਿਰਦੇਸ਼ ਕੀਤੇ ਹਨ। ਉਨ੍ਹਾਂ ਨੇ ਸਪੱਸ਼ਟ ਲਿਖਿਆ ਕਿ ਅਜਿਹੀ ਸਥਿਤੀ ਦਾ ਇਕ ਕਾਰਨ ਤਾਂ ਬਹੁਤੇ ਲੋਕਾਂ ਅਤੇ ਅਦਾਰਿਆਂ ਵੱਲੋਂ ਆਪਣੀ ਸਾਂਝੀ ਜ਼ਿੰਮੇਵਾਰੀ ਨਾ ਸਮਝਣਾ ਹੈ ਅਤੇ ਦੂਸਰਾ ਕਾਰਨ ਵੱਖ-ਵੱਖ ਵਿਭਾਗਾਂ ਵਿਚ ਫੈਲਿਆ ਹੋਇਆ ਭ੍ਰਿਸ਼ਟਾਚਾਰ ਹੈ। ਜੇਕਰ ਅੱਜ ਪ੍ਰਦੂਸ਼ਣ ਦੇ ਇਸ ਮੁਹਾਜ਼ ਉੱਤੇ ਪੰਜਾਬ ਦੀ ਹਾਲਤ ਤਰਸਯੋਗ ਬਣ ਗਈ ਹੈ ਤਾਂ ਇਸ ਵਿਚ ਸਾਡੀ ਸਰਕਾਰ, ਇਸ ਨਾਲ ਸਬੰਧਿਤ ਅਦਾਰੇ ਅਤੇ ਸੰਬੰਧਤ ਅਫ਼ਸਰਸ਼ਾਹੀ ਦਾ ਪੂਰਾ-ਪੂਰਾ ਦੋਸ਼ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਪ੍ਰਦੂਸ਼ਣ ਦਾ ਖਾਤਮਾ ਪੰਜਾਬ ਸਰਕਾਰ ਦੀਆਂ ਮੁੱਖ ਤਰਜੀਹਾਂ ਵਿਚੋਂ ਇਕ ਹੋਣਾ ਚਾਹੀਦਾ ਹੈ। ਇਸ ਲਈ ਸਖ਼ਤ

ਕਾਨੂੰਨ ਬਣਾਏ ਜਾਣੇ ਚਾਹੀਦੇ ਹਨ ਅਤੇ ਅਜਿਹੇ ਕਾਨੂੰਨਾਂ ਨੂੰ ਲਾਗੂ ਕਰਨ ਲਈ ਪ੍ਰਤੀਬੱਧ ਅਤੇ ਇਮਾਨਦਾਰ ਅਫ਼ਸਰ ਲਾਏ ਜਾਣੇ ਚਾਹੀਦੇ ਹਨ। ਇਸ ਦੇ ਨਾਲ ਹੀ ਲੋਕਾਂ ਨੂੰ ਇਸ ਪਾਸੇ ਤੋਂ ਸੁਚੇਤ ਕਰਕੇ ਪ੍ਰੇਰਿਆ ਜਾਣਾ ਚਾਹੀਦਾ ਹੈ। ਅਜਿਹੀਆਂ ਚੰਗੀਆਂ ਲਹਿਰਾਂ ਨੂੰ ਪੂਰੀ ਤਰ੍ਹਾਂ ਲੋਕ-ਜੀਵਨ ਨਾਲ ਜੋੜ ਲਿਆ ਜਾਵੇ ਤਾਂ ਅਜਿਹੀ ਜਾਗ੍ਰਿਤੀ ਪੰਜਾਬ ਲਈ ਸੱਜਰੀ ਅਤੇ ਸਿਹਤਮੰਦ ਸਵੇਰ ਦਾ ਸੁਨੇਹਾ ਹੋਵੇਗੀ।

ਡਾ. ਬਰਜਿੰਦਰ ਸਿੰਘ ਹਮਦਰਦ ਵੱਲੋਂ ਲਿਖੇ ਗਏ 25 ਅਗਸਤ, 2009 ਦੇ ਸੰਪਾਦਕੀ ਵਿਚ ਸਰਕਾਰ ਅਤੇ ਲੋਕਾਂ ਨੂੰ ਇਸ ਪਾਸੇ ਵੱਲ ਵਿਸ਼ੇਸ਼ ਧਿਆਨ ਦੇਣ ਲਈ ਕਿਹਾ ਗਿਆ—

> ਅੱਜ ਕਈ ਤਰ੍ਹਾਂ ਦੇ ਫੈਲੇ ਪ੍ਰਦੂਸ਼ਣ ਦੇ ਕਾਰਨ ਹੀ ਪੰਜਾਬ ਬਿਮਾਰੀਆਂ ਦਾ ਘਰ ਬਣਦਾ ਜਾ ਰਿਹਾ ਹੈ। ਬਹੁਤ ਸਾਰੀਆਂ ਥਾਵਾਂ 'ਤੇ ਜ਼ਮੀਨ ਦੇ ਪਾਣੀ ਵਿਚ ਕਈ ਤਰ੍ਹਾਂ ਦੇ ਜ਼ਹਿਰੀਲੇ ਤੱਤ ਰਲੇ ਹੋਣ ਕਾਰਨ ਪਾਣੀ ਪੀਣਯੋਗ ਨਹੀਂ ਰਿਹਾ। ਬਿਨਾਂ ਸ਼ੱਕ ਪੰਜਾਬ ਦੀ ਧਰਤੀ ਆਪਣੇ ਦਰਿਆਵਾਂ ਲਈ ਗੌਰਵਮਈ ਰੂਪ 'ਚ ਜਾਣੀ ਜਾਂਦੀ ਸੀ ਪਰ ਅੱਜ ਇਸ ਧਰਤੀ 'ਤੇ ਪਾਣੀਆਂ ਦਾ ਕਾਲ ਪੈਂਦਾ ਜਾ ਰਿਹਾ ਹੈ, ਜੋ ਸਰਕਾਰ ਲਈ ਬੇਹੱਦ ਚੁਣੌਤੀਪੂਰਨ ਗੱਲ ਕਹੀ ਜਾ ਸਕਦੀ ਹੈ। ਇਸ ਦੇ ਹੱਲ ਲਈ ਵਿਸ਼ੇਸ਼ ਯੋਜਨਾਵਾਂ ਬਣਾ ਕੇ ਕੇਂਦਰ ਸਰਕਾਰ ਅਤੇ ਕੌਮਾਂਤਰੀ ਏਜੰਸੀਆਂ ਤੋਂ ਵੀ ਮਦਦ ਲਈ ਜਾਣੀ ਚਾਹੀਦੀ ਹੈ। ਜੇਕਰ ਅੰਮ੍ਰਿਤ ਵਰਗੀ ਪਾਣੀ ਦੀ ਦਾਤ ਨੂੰ ਇਸੇ ਤਰ੍ਹਾਂ ਜ਼ਹਿਰੀਲਾ ਹੋਣ ਦਿੱਤਾ ਗਿਆ ਤਾਂ ਆਉਂਦੇ ਸਮੇਂ ਵਿਚ ਪੰਜਾਬ ਦੀ ਇਹ ਧਰਤੀ ਜਿਊਣ ਯੋਗ ਨਹੀਂ ਰਹੇਗੀ। ਨਾ ਹੀ ਅਜਿਹੇ ਬਦਤਰ ਹਾਲਾਤ ਵਿਚ ਇਸ ਧਰਤੀ ਤੋਂ ਕੋਈ ਵੱਡੀਆਂ ਪ੍ਰਾਪਤੀਆਂ ਦੀ ਆਸ ਹੀ ਕੀਤੀ ਜਾ ਸਕੇਗੀ। ਇਸ ਲਈ ਪਾਣੀਆਂ ਦੀ ਦਾਤ ਨੂੰ ਬਚਾਉਣ ਲਈ ਵੱਡੀਆਂ ਮੁਹਿੰਮਾਂ ਚਲਾਉਣ ਦੀ ਜ਼ਰੂਰਤ ਹੋਵੇਗੀ, ਜਿਨ੍ਹਾਂ ਵਿਚ ਸਰਕਾਰ ਦੇ ਨਾਲ-ਨਾਲ ਅਨੇਕਾਂ ਢੰਗ-ਤਰੀਕਿਆਂ ਨਾਲ ਸਮੁੱਚੇ ਸਮਾਜ ਨੂੰ ਸ਼ਾਮਿਲ ਹੋਣਾ ਪਵੇਗਾ।
>
> (**ਬਰਜਿੰਦਰ ਸਿੰਘ ਹਮਦਰਦ**)

ਪ੍ਰਦੂਸ਼ਣ ਦੀ ਇਸ ਗੰਭੀਰ ਸਮੱਸਿਆ ਨਾਲ ਨਜਿੱਠਣ ਲਈ ਸਮਾਜ ਸੇਵੀ ਸੰਸਥਾਵਾਂ ਕੀ ਭੂਮਿਕਾ ਨਿਭਾ ਸਕਦੀਆਂ ਹਨ, ਇਸ ਬਾਰੇ ਵੀ 'ਅਜੀਤ' ਅਖ਼ਬਾਰ ਨੇ ਵਿਸ਼ੇਸ਼ ਚਰਚਾ ਅਰੰਭੀ। ਪੰਜਾਬ ਦੀ ਹਾਲਤ ਉੱਤੇ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਡਾ. ਬਰਜਿੰਦਰ ਸਿੰਘ ਹਮਦਰਦ ਨੇ ਆਪਣੇ ਕਾਲਮਾਂ ਵਿਚ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਕਿ ਪੰਜਾਬ ਵਿਚ ਜਿਸ ਤਰ੍ਹਾਂ ਇਹ ਪ੍ਰਦੂਸ਼ਣ ਵਧ ਰਿਹਾ ਹੈ ਅਤੇ ਜਿਸ ਤਰ੍ਹਾਂ ਇਸ ਪ੍ਰਤੀ ਲਾਪ੍ਰਵਾਹੀ ਵਰਤੀ ਜਾ ਰਹੀ ਹੈ ਉਸ ਨੂੰ ਵੇਖ ਕੇ ਲਗਦਾ ਹੈ ਕਿ ਇਹ ਕਦੇ ਖੁਸ਼ਹਾਲ ਮੰਨਿਆ ਜਾਂਦਾ ਸੂਬਾ ਆਉਂਦੇ ਸਮੇਂ ਵਿਚ ਬਿਮਾਰੀਆਂ ਦਾ ਘਰ ਬਣ ਜਾਏਗਾ। ਇਸ ਧਰਤੀ ਦੇ ਗੱਭਰੂਆਂ ਜਵਾਨਾਂ ਦੇ ਸਰੀਰ ਤਾਂ ਪਹਿਲਾਂ ਹੀ ਜਰਜ਼ਰ ਹੋਣੇ ਸ਼ੁਰੂ ਹੋ ਚੁੱਕੇ ਹਨ।

ਡਾ. ਬਰਜਿੰਦਰ ਸਿੰਘ ਹਮਦਰਦ ਨੇ ਇੱਕੀ ਮਈ 2009 ਨੂੰ ਲਿਖੇ ਆਪਣੇ ਸੰਪਾਦਕੀ ਵਿਚ ਥਾਂ-ਥਾਂ ਸੁੱਟੇ ਜਾ ਰਹੇ ਕੂੜੇ-ਕਰਕਟ ਵੱਲ ਧਿਆਨ ਦੁਆਉਂਦੇ ਹੋਏ ਪੰਜਾਬ ਦੇ ਪ੍ਰਦੂਸ਼ਣ ਵਿਰੁੱਧ ਜਾਗਰੂਕਤਾ ਦੀ ਲੋੜ ਉੱਤੇ ਜ਼ੋਰ ਦਿੱਤਾ—

ਅੱਜ ਤੱਕ ਵੀ ਸਾਡੀਆਂ ਸਰਕਾਰਾਂ ਸ਼ਹਿਰਾਂ ਅਤੇ ਪਿੰਡਾਂ ਵਿਚ ਥਾਂ-ਪੁਰ-ਥਾਂ ਖਿੱਲਰੇ ਕੂੜਾ-ਕਰਕਟ ਅਤੇ ਗੰਦ ਦੀ ਯੋਗ ਸੰਭਾਲ ਕਰਨ ਵਿਚ ਅਸਮਰੱਥ ਰਹੀਆਂ ਹਨ। ਅਜਿਹੇ ਭੈੜੇ ਨਜ਼ਾਰੇ ਮਨੁੱਖ ਤੇ ਹਰ ਪਾਸਿਉਂ ਨਾਂਹ-ਪੱਖੀ ਅਸਰ ਪਾਉਂਦੇ ਹਨ। ਅੱਜ ਖੇਤੀਬਾੜੀ ਵਿਚ ਉਪਜ ਵਧਾਉਣ ਲਈ ਅਨੇਕਾਂ ਤਰ੍ਹਾਂ ਦੀਆਂ ਦਵਾਈਆਂ ਦੇ ਰੂਪ ਵਿਚ ਰਸਾਇਣਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਜੋ ਧਰਤੀ ਹੇਠਲੇ ਪਾਣੀ ਨੂੰ ਵੀ ਜ਼ਹਿਰੀ ਬਣਾ ਰਹੇ ਹਨ। ਜਿਨ੍ਹਾਂ ਦੀ ਵਰਤੋਂ ਨਾਲ ਸਬਜ਼ੀਆਂ ਅਤੇ ਫ਼ਸਲਾਂ ਵਿਚ ਅਜਿਹੇ ਜ਼ਹਿਰੀਲੇ ਤੱਤ ਪੈਦਾ ਹੋ ਰਹੇ ਹਨ ਜੋ ਮਨੁੱਖੀ ਸਿਹਤ ਲਈ ਬੇਹੱਦ ਹਾਨੀਕਾਰਕ ਹਨ। ਸਾਰੇ ਪੰਜਾਬ 'ਚ ਹਰ ਤਰ੍ਹਾਂ ਦੇ ਮਰੀਜ਼ਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਹੁਣ ਖਾਸ ਤੌਰ 'ਤੇ ਮਾਲਵੇ ਦੇ ਖੇਤਰ ਵਿਚ ਜਿਸ ਤਰ੍ਹਾਂ ਕੈਂਸਰ ਨੇ ਮਨੁੱਖੀ ਸਰੀਰਾਂ 'ਤੇ ਹਮਲਾ ਕੀਤਾ ਹੈ, ਉਸ ਨੇ ਹਾਲਾਤ ਨੂੰ ਬੇਹੱਦ ਚਿੰਤਾਜਨਕ ਬਣਾ ਦਿੱਤਾ ਹੈ। ਇਸ ਨਾਮੁਰਾਦ ਰੋਗ ਨਾਲ ਹੁਣ ਤੱਕ ਹਜ਼ਾਰਾਂ ਹੀ ਜਾਨਾਂ ਜਾ ਚੁੱਕੀਆਂ ਹਨ ਅਤੇ ਅਣਗਿਣਤ ਲੋਕ ਇਸ ਬਿਮਾਰੀ ਦਾ ਸ਼ਿਕਾਰ ਹੋ ਰਹੇ ਹਨ। ਪਰ ਦੂਸਰੇ ਪਾਸੇ ਜਿਸ ਤਰ੍ਹਾਂ ਇਹ ਬਿਮਾਰੀਆਂ ਫੈਲ ਰਹੀਆਂ ਹਨ, ਉਸ ਮੁਤਾਬਿਕ ਪੰਜਾਬ ਵਿਚ ਸਿਹਤ ਸੇਵਾਵਾਂ ਨਾਮਾਤਰ ਹੀ ਕਹੀਆਂ ਜਾ ਸਕਦੀਆਂ ਹਨ। ਆਉਂਦੇ ਸਮੇਂ ਵਿਚ ਸਰਕਾਰ ਨੂੰ ਸਿਹਤ ਸੇਵਾਵਾਂ ਨੂੰ ਹਰ ਪੱਖੋਂ ਬੇਹੱਦ ਮਜ਼ਬੂਤ ਕਰਨਾ ਹੋਵੇਗਾ।

(**ਬਰਜਿੰਦਰ ਸਿੰਘ ਹਮਦਰਦ**)

ਡਾ. ਬਰਜਿੰਦਰ ਸਿੰਘ ਹਮਦਰਦ ਨੇ ਇਸ ਦਿਸ਼ਾ ਵਿਚ ਕਾਰਜਸ਼ੀਲ ਕੁਝ ਸਵੈ-ਸੇਵੀ ਸੰਸਥਾਵਾਂ ਦੇ ਕੰਮ ਦੀ ਸ਼ਲਾਘਾ ਕਰਦਿਆਂ ਪੰਜਾਬ ਦੇ ਆਮ ਸ਼ਹਿਰੀਆਂ ਨੂੰ ਸੁਚੇਤ ਕਰਨ ਵਿਚ ਉਨ੍ਹਾਂ ਵੱਲੋਂ ਪਾਏ ਯੋਗਦਾਨ ਉੱਤੇ ਆਪਣੇ ਸੰਪਾਦਕੀਆਂ ਵਿਚ ਤਸੱਲੀ ਦਾ ਪ੍ਰਗਟਾਵਾ ਕੀਤਾ, ਨਾਲ ਹੀ ਉਨ੍ਹਾਂ ਵਾਰ-ਵਾਰ ਕਿਹਾ ਕਿ ਜਿੰਨਾ ਚਿਰ ਹਰ ਤਰ੍ਹਾਂ ਦੇ ਪ੍ਰਦੂਸ਼ਣ ਨੂੰ ਕਾਬੂ ਕਰਨ ਲਈ ਵੱਡੇ ਅਤੇ ਇਨਕਲਾਬੀ ਕਦਮ ਨਹੀਂ ਉਠਾਏ ਜਾਂਦੇ ਉਦੋਂ ਤੱਕ ਇਸ ਸਮੱਸਿਆ ਦੇ ਗੰਭੀਰ ਤੋਂ ਗੰਭੀਰ ਹੁੰਦੇ ਜਾਣ ਦਾ ਖ਼ਦਸ਼ਾ ਬਣਿਆ ਰਹੇਗਾ।

ਇਸ ਤਰ੍ਹਾਂ ਪੰਜਾਬ ਦੇ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਚਿੰਤਾ ਅਤੇ ਚਿੰਤਨ ਕਰਨਾ 'ਅਜੀਤ' ਦਾ ਉਦੇਸ਼ ਰਿਹਾ ਹੈ ਜਿਸ ਦੀ ਗਵਾਹੀ 'ਅਜੀਤ' ਦੇ ਸੰਪਾਦਕੀ ਸਹਿਜ ਹੀ ਭਰਦੇ ਹਨ।

## ਹਵਾਲੇ ਅਤੇ ਟਿੱਪਣੀਆਂ


- ਹਮਦਰਦ, ਬਰਜਿੰਦਰ ਸਿੰਘ (ਡਾ.). "ਪੰਜਾਬ ਦਾ ਵਿਕਾਸ". ਅਜੀਤ. 8-2-09.
- ਹਮਦਰਦ, ਬਰਜਿੰਦਰ ਸਿੰਘ (ਡਾ.). "ਅਮਲੀ ਯੋਜਨਾਬੰਦੀ ਦੀ ਲੋੜ". 1-7-04.
- ਹਮਦਰਦ, ਬਰਜਿੰਦਰ ਸਿੰਘ (ਡਾ.). "ਪਿੰਡਾਂ ਤੇ ਸ਼ਹਿਰਾਂ ਵਿਚਕਾਰ ਵਿਕਾਸ ਪੱਖੋਂ ਸੰਤੁਲਨ ਬਣੇ". 5-12-06.
- ਹਮਦਰਦ, ਬਰਜਿੰਦਰ ਸਿੰਘ (ਡਾ.). "ਪੇਂਡੂ ਰੁਜ਼ਗਾਰ ਗਰੰਟੀ ਯੋਜਨਾ". 3-2-06.
- ਹਮਦਰਦ, ਬਰਜਿੰਦਰ ਸਿੰਘ (ਡਾ.). "ਭਵਿੱਖ ਦੀਆਂ ਚੁਣੌਤੀਆਂ". 31-3-06
- ਹਮਦਰਦ, ਬਰਜਿੰਦਰ ਸਿੰਘ (ਡਾ.). "ਪੰਜਾਬ ਨੂੰ ਵਿਕਾਸ ਦੇ ਰਾਹ ਪਾਉਣ ਲਈ ਯੋਜਨਾਬੰਦੀ ਦੀ ਲੋੜ". 5-1-08
- ਹਮਦਰਦ, ਬਰਜਿੰਦਰ ਸਿੰਘ (ਡਾ.). "ਪੰਚਾਇਤਾਂ ਲਈ ਵਧੇਰੇ ਅਧਿਕਾਰ". 5-8-03
- ਹਮਦਰਦ, ਬਰਜਿੰਦਰ ਸਿੰਘ (ਡਾ.). "ਭਵਿੱਖ ਦੀਆਂ ਚੁਣੌਤੀਆਂ". 31-3-06
- ਹਮਦਰਦ, ਬਰਜਿੰਦਰ ਸਿੰਘ (ਡਾ.). "ਕਿਸਾਨਾਂ ਨੂੰ ਬਚਾਉਣ ਲਈ ਸੁਚੱਜੀ ਯੋਜਨਾਬੰਦੀ ਦੀ ਲੋੜ". 20-4-06.
- ਹਮਦਰਦ, ਬਰਜਿੰਦਰ ਸਿੰਘ (ਡਾ.). "ਕਿਸਾਨਾਂ ਨੂੰ ਨਾ ਉਜਾੜੋ". 7-4-06
- ਹਮਦਰਦ, ਬਰਜਿੰਦਰ ਸਿੰਘ (ਡਾ.). "ਝੋਨੇ ਦੀ ਲੁਆਈ ਸਬੰਧੀ ਆਰਡੀਨੈਂਸ ਪੰਜਾਬੀ ਪਾਣੀ ਦੀ ਅਹਿਮੀਅਤ ਨੂੰ ਸਮਝਣ". 11-4-08.
- ਹਮਦਰਦ, ਬਰਜਿੰਦਰ ਸਿੰਘ (ਡਾ.). "ਜਲ ਸਰੋਤਾਂ ਦੀ ਸੰਭਾਲ ਨੂੰ ਕੌਮੀ ਨਿਸ਼ਾਨਾ ਬਣਾਇਆ ਜਾਏ". 13-9-07.
- ਹਮਦਰਦ, ਬਰਜਿੰਦਰ ਸਿੰਘ (ਡਾ.). "ਪਾਣੀ ਦੀ ਵਰਤੋਂ ਸੰਬੰਧੀ ਚੇਤਨਾ, ਸਮੇਂ ਦੀ ਲੋੜ". 23-3-06.
- ਹਮਦਰਦ, ਬਰਜਿੰਦਰ ਸਿੰਘ (ਡਾ.). "ਗੰਧਲਾ ਹੋ ਰਿਹਾ ਵਾਤਾਵਰਨ". 3-3-05.
- ਹਮਦਰਦ, ਬਰਜਿੰਦਰ ਸਿੰਘ (ਡਾ.). "ਪਾਣੀ ਦਾ ਪ੍ਰਦੂਸ਼ਣ, ਸਰਕਾਰ ਗੰਭੀਰ ਹੋਵੇ". 25-8-09.
- ਹਮਦਰਦ, ਬਰਜਿੰਦਰ ਸਿੰਘ (ਡਾ.). "ਪ੍ਰਦੂਸ਼ਣ ਪ੍ਰਤੀ ਲਾਪ੍ਰਵਾਹੀ ਖ਼ਤਰਨਾਕ". 21-5.-09.

# ਪਿੰਡਾਂ ਦੇ ਵਿਕਾਸ ਵਿਚ 'ਅਜੀਤ' ਦੀ ਭੂਮਿਕਾ

ਪੰਜਾਬ ਦੇ ਪਿੰਡਾਂ ਦਾ ਸਾਵਾਂ ਵਿਕਾਸ ਹਰ ਪੰਜਾਬੀ ਦੇ ਮਨ ਦਾ ਸੁਪਨਾ ਹੈ। ਤੇਜ਼ ਰਫ਼ਤਾਰ ਚੱਲ ਰਹੀ ਜ਼ਿੰਦਗੀ ਨਾਲ ਕਦਮ ਮੇਚ ਕੇ ਤੁਰਨਾ ਸਮੇਂ ਦੀ ਲੋੜ ਹੈ। ਵਿਸ਼ਵੀਕਰਨ ਦੀਆਂ ਚੁਣੌਤੀਆਂ ਨੇ ਅਤੇ ਬਾਜ਼ਾਰਵਾਦ ਦੇ ਦੈਂਤ ਨੇ ਮਾਨਵੀ ਕਦਰਾਂ-ਕੀਮਤਾਂ ਨੂੰ ਹਲੂਣ ਕੇ ਰੱਖ ਦਿੱਤਾ ਹੈ। ਆਪਣੇ ਸੱਭਿਆਚਾਰ ਦੀ ਪਛਾਣ ਨੂੰ ਕਾਇਮ ਰੱਖਦੇ ਹੋਏ, ਆਪਣੀ ਸ਼ਖ਼ਸੀਅਤ ਦਾ ਵਿਕਾਸ ਕਰਨਾ ਅਤੇ ਦੁਨੀਆ ਦੀਆਂ ਨਵੀਨ ਲੱਭਤਾਂ ਨੂੰ, ਆਪਣੀ ਜ਼ਿੰਦਗੀ ਨੂੰ ਹੋਰ ਰੌਸ਼ਨ ਕਰਨ ਲਈ ਵਰਤਣਾ, ਅੱਜ ਦੇ ਮਨੁੱਖ ਲਈ ਇਕ ਵੰਗਾਰ ਹੈ। ਇਸ ਵੰਗਾਰ ਨੂੰ ਪੰਜਾਬੀਆਂ ਨੇ ਜਿਸ ਤਰ੍ਹਾਂ ਕਬੂਲਿਆ ਹੈ, ਉਸ ਵਿਚ ਇਥੋਂ ਦੇ ਅਮੀਰ ਵਿਰਸੇ, ਸਾਹਿਤ ਅਤੇ ਪੱਤਰਕਾਰੀ ਦਾ ਵਡਮੁੱਲਾ ਯੋਗਦਾਨ ਹੈ। ਨਿਰਪੱਖ ਅਤੇ ਨਿਧੜਕ ਪੱਤਰਕਾਰੀ ਦੇ ਜਿਸ ਮੁਕਾਮ ਨੂੰ, ਰੋਜ਼ਾਨਾ 'ਅਜੀਤ' ਪਹੁੰਚ ਚੁੱਕਿਆ ਹੈ, ਉਸ ਦੀ ਨਿਰਖ-ਪਰਖ ਕਰਨ ਲਈ ਉਸ ਦੇ ਪਾਠਕਾਂ ਤੱਕ ਪਹੁੰਚ ਕੀਤੀ ਗਈ ਹੈ। ਨਿਰਖ-ਪਰਖ ਦਾ ਇਹ ਵਿਹਾਰਕ ਨਜ਼ਰੀਆ ਅਜਿਹੇ ਨਿਰਪੱਖ ਨਤੀਜਿਆਂ ਦਾ ਆਧਾਰ ਬਣ ਕੇ ਇਸ ਅਧਿਐਨ ਨੂੰ ਠੋਸ ਨਤੀਜਿਆਂ ਤੱਕ ਪਹੁੰਚਾ ਰਿਹਾ ਹੈ।

## ਸਰਵੇਖਣ

ਅਜਿਹੇ ਕਾਰਜ ਲਈ ਇਕ ਵਿਆਪਕ ਪ੍ਰਸ਼ਨਾਵਲੀ ਦੇ ਆਧਾਰ ਉੱਤੇ ਇਕ ਸਰਵੇਖਣ ਕਰਵਾਇਆ ਗਿਆ। ਇਹ ਸਰਵੇਖਣ ਅਜਿਹੇ ਪਿੰਡਾਂ ਦੇ ਪਾਠਕਾਂ ਉੱਤੇ ਆਧਾਰਿਤ ਹੈ, ਜਿਹੜੇ ਪੰਜਾਬ ਦੇ ਵੱਖ-ਵੱਖ ਖੇਤਰਾਂ ਦੀ ਪ੍ਰਤੀਨਿਧਤਾ ਕਰਦੇ ਹਨ। ਇਨ੍ਹਾਂ ਪਿੰਡਾਂ ਵਿਚ ਮਾਲਵਾ, ਦੁਆਬਾ ਅਤੇ ਮਾਝਾ ਖੇਤਰ ਦੇ ਵੱਡੇ ਪਿੰਡ ਵੀ ਸ਼ਾਮਿਲ ਹਨ ਅਤੇ ਛੋਟੇ ਪਿੰਡ ਵੀ। ਇਨ੍ਹਾਂ ਪਿੰਡਾਂ ਵਿਚ ਵੱਸਦੇ ਪੜ੍ਹੇ-ਲਿਖੇ ਲੋਕ ਵੀ ਸ਼ਾਮਿਲ ਹਨ ਅਤੇ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਲੋਕ ਵੀ। ਨੌਜਵਾਨ ਵੀ ਸ਼ਾਮਿਲ ਹਨ ਅਤੇ ਬਜ਼ੁਰਗ ਵੀ। ਔਰਤਾਂ ਵੀ ਹਨ ਅਤੇ ਬੱਚੇ ਵੀ। ਪਾਠਕਾਂ ਦੇ ਵਿਆਪਕ ਘੇਰੇ ਵਿਚ 'ਅਜੀਤ' ਅਖ਼ਬਾਰ ਪੜ੍ਹਨ ਵਾਲਿਆਂ ਨੂੰ ਕੁਝ ਅਜਿਹੇ ਪ੍ਰਸ਼ਨ ਦਿੱਤੇ ਗਏ, ਜਿਨ੍ਹਾਂ ਦੇ ਉੱਤਰਾਂ ਵਿਚ 'ਅਜੀਤ' ਅਖ਼ਬਾਰ ਦੇ ਯੋਗਦਾਨ ਦੀ ਸਮੁੱਚੀ ਅਤੇ ਵਿਆਪਕ ਝਲਕ ਸਾਹਮਣੇ ਆ ਗਈ। ਕੁੱਲ ਅਠਾਰਾਂ ਪ੍ਰਸ਼ਨਾਂ ਵਾਲੀ ਇਸ ਪ੍ਰਸ਼ਨਾਵਲੀ ਦੇ ਲੇਖੇ-ਜੋਖੇ ਨੇ ਪੰਜਾਬ ਦੇ ਵਿਕਾਸ ਨਾਲ ਸੰਬੰਧਿਤ ਅਜਿਹੇ ਨੁਕਤਿਆਂ ਨੂੰ ਉਜਾਗਰ ਕਰ ਦਿੱਤਾ, ਜਿਨ੍ਹਾਂ ਨਾਲ ਪੰਜਾਬ ਦੇ ਰਾਜਸੀ, ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰ ਜੁੜੇ ਹੋਏ ਹਨ। ਇਸ ਸਰਵੇਖਣ ਦੌਰਾਨ ਪਾਠਕਾਂ ਤੋਂ ਸੁਝਾਅ ਵੀ ਮੰਗੇ ਗਏ ਕਿ ਉਹ 'ਅਜੀਤ' ਤੋਂ ਕਿਸ ਤਰ੍ਹਾਂ ਦੀ ਆਸ ਰੱਖਦੇ ਹਨ। ਇਹ ਪ੍ਰਸ਼ਨਵਾਲੀ ਇਸ ਤਰ੍ਹਾਂ ਹੈ :

— ਨਾਂਅ
— ਕਿੱਤਾ
— ਸਿੱਖਿਆ
— ਉਮਰ

— ਔਰਤ / ਮਰਦ

— ਸਾਲਾਨਾ ਆਦਮਨ

1. ਤੁਹਾਡੀ ਵਧੇਰੇ ਰੁਚੀ ਕਿਹੜੀਆਂ ਖ਼ਬਰਾਂ 'ਚ ਹੈ ?

ਰਾਜਸੀ, ਮਨੋਰੰਜਨ, ਵਿਕਾਸ, ਖੇਡਾਂ, ਸਾਹਿਤ, ਸਿੱਖਿਆ, ਸਿਹਤ, ਸੱਭਿਆਚਾਰ ਜਾਂ ਸਮੁੱਚਾ ਅਖ਼ਬਾਰ।

2. ਤੁਹਾਡਾ ਸਭ ਤੋਂ ਮਨਪਸੰਦ ਕਾਲਮ ਕਿਹੜਾ ਹੈ ?

..........................................................................................................

3. ਕੀ ਤੁਸੀਂ ਸੰਪਾਦਕੀ ਪੰਨਾ ਰੋਜ਼ਾਨਾ ਪੜ੍ਹਦੇ ਹੋ ?

ਹਾਂ / ਨਹੀਂ ਜਾਂ ਕਦੇ-ਕਦੇ

4. ਤੁਸੀਂ ਕਿਸ ਤਰ੍ਹਾਂ ਦੀਆਂ ਖ਼ਬਰਾਂ ਪੜ੍ਹਨਾ ਪਸੰਦ ਕਰਦੇ ਹੋ ?

ਰਾਜਸੀ, ਸਮਾਜਿਕ, ਵਿਕਾਸਮਈ ਜਾਂ ਕੋਈ ਹੋਰ!

5. ਸੰਪਾਦਕੀ ਰਾਹੀਂ ਸੁਝਾਏ ਗਏ ਵਿਕਾਸ ਸੰਬੰਧੀ ਨੁਕਤਿਆਂ ਤੋਂ ਤੁਸੀਂ ਸੰਤੁਸ਼ਟ ਹੋ ?

ਹਾਂ / ਨਹੀਂ

6. ਕੀ ਤੁਸੀਂ ਵਿਕਾਸਮਈ ਮੁੱਦਿਆਂ 'ਤੇ ਵੱਧ ਤੋਂ ਵੱਧ ਕਵਰੇਜ ਚਾਹੁੰਦੇ ਹੋ ?

ਹਾਂ / ਨਹੀਂ

7. ਤੁਹਾਡੇ ਪਿੰਡ ਦੇ ਵਿਕਾਸ ਦੀਆਂ ਸਮੱਸਿਆਵਾਂ ਨੂੰ 'ਅਜੀਤ' ਅਖ਼ਬਾਰ ਨੇ ਉਜਾਗਰ ਕਰਨ 'ਚ ਕਿਹੋ ਜਿਹੀ ਭੂਮਿਕਾ ਨਿਭਾਈ ਹੈ ?

ਤਸੱਲੀਬਖ਼ਸ਼ / ਗ਼ੈਰ-ਤਸੱਲੀਬਖਸ਼

8. 'ਅਜੀਤ' ਦੀ ਭੂਮਿਕਾ ਦਾ ਤੁਹਾਡੇ ਪਿੰਡ ਦੇ ਵਿਕਾਸ ਉੱਤੇ ਕਿਹੋ ਜਿਹਾ ਪ੍ਰਭਾਵ ਪਿਆ ਹੈ ?

ਤਸੱਲੀਬਖ਼ਸ਼ / ਗ਼ੈਰ-ਤਸੱਲੀਬਖ਼ਸ਼

9. ਵਿਕਾਸਮਈ ਯੋਜਨਾਵਾਂ ਦਾ ਗਿਆਨ ਦੇਣ 'ਚ 'ਅਜੀਤ' ਦੀ ਭੂਮਿਕਾ ਕਿਹੋ ਜਿਹੀ ਹੈ ?

ਤਸੱਲੀਬਖ਼ਸ਼ / ਗ਼ੈਰ-ਤਸੱਲੀਬਖ਼ਸ਼

10. ਨਵੀਆਂ ਨੌਕਰੀਆਂ ਸੰਬੰਧੀ ਜਾਣਕਾਰੀ ਦੇਣ ਵਿਚ 'ਅਜੀਤ' ਦੀ ਭੂਮਿਕਾ ਤੋਂ ਸੰਤੁਸ਼ਟ ਹੋ ?

ਹਾਂ / ਨਹੀਂ

11. 'ਅਜੀਤ' ਵੱਲੋਂ ਛਾਪੇ ਜਾ ਰਹੇ ਵੱਖ-ਵੱਖ ਅੰਕਾਂ ਵਿਚੋਂ ਕਿਹੜਾ ਅੰਕ ਵਧੇਰੇ ਪਸੰਦ ਕਰਦੇ ਹੋ ?

..........................................................................................................................

12. 'ਸਾਡੇ ਪਿੰਡ ਸਾਡੇ ਖੇਤ' ਅੰਕ ਨੇ ਤੁਹਾਡੀ ਖੇਤੀਬਾੜੀ ਨੂੰ ਨਵੀਂ ਤਕਨਾਲੋਜੀ ਨਾਲ ਜੋੜਨ 'ਚ ਕੋਈ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ ?

ਹਾਂ / ਨਹੀਂ

13. ਖੇਤੀ ਵਿਕਾਸ ਨਾਲ ਸੰਬੰਧਿਤ ਛਪਣ ਵਾਲੀ ਸਮੱਗਰੀ ਤੋਂ ਸੰਤੁਸ਼ਟ ਹੋ ?

ਹਾਂ / ਨਹੀਂ

14. ਸਹਾਇਕ ਧੰਦਿਆਂ ਸੰਬੰਧੀ ਦਿੱਤੀ ਜਾ ਰਹੀ ਜਾਣਕਾਰੀ ਤੋਂ ਸੰਤੁਸ਼ਟ ਹੋ ?

ਹਾਂ / ਨਹੀਂ

15. ਔਰਤਾਂ ਨੂੰ ਵਿਕਾਸ ਕਾਰਜਾਂ ਨਾਲ ਜੋੜਨ 'ਚ 'ਅਜੀਤ' ਦੀ ਭੂਮਿਕਾ ਤੋਂ ਸੰਤੁਸ਼ਟ ਹੋ ?

ਹਾਂ / ਨਹੀਂ

16. ਸਿੱਖਿਆ ਸੁਧਾਰਾਂ ਲਈ 'ਅਜੀਤ' ਵੱਲੋਂ ਦਿੱਤੇ ਜਾ ਰਹੇ ਸੁਝਾਵਾਂ ਤੋਂ ਤੁਸੀਂ ਸੰਤੁਸ਼ਟ ਹੋ ?

ਹਾਂ / ਨਹੀਂ

17. ਪੰਜਾਬੀ ਭਾਸ਼ਾ ਦੇ ਵਿਕਾਸ ਲਈ 'ਅਜੀਤ' ਅਖ਼ਬਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਤੋਂ ਤੁਸੀਂ ਸੰਤੁਸ਼ਟ ਹੋ ?

ਹਾਂ / ਨਹੀਂ

18. ਕੀ ਤੁਸੀਂ 'ਅਜੀਤ' ਵੱਲੋਂ ਪਿੰਡ ਦੇ ਸਮੁੱਚੇ ਵਿਕਾਸ ਵਿਚ ਪਾਏ ਜਾ ਰਹੇ ਯੋਗਦਾਨ ਤੋਂ ਸੰਤੁਸ਼ਟ ਹੋ ?

ਹਾਂ / ਨਹੀਂ

**ਤੁਹਾਡੇ ਵੱਲੋਂ ਕੋਈ ਸੁਝਾਅ :**

ਇਹ ਪ੍ਰਸ਼ਨਾਵਲੀ, ਜਿਨ੍ਹਾਂ ਦਸ ਪਿੰਡਾਂ ਵਿਚ 'ਅਜੀਤ' ਦੇ ਪਾਠਕਾਂ ਤੋਂ ਭਰਵਾਈ ਗਈ ਉਨ੍ਹਾਂ ਪਿੰਡਾਂ ਦੇ ਨਾਂਅ ਇਸ ਪ੍ਰਕਾਰ ਹਨ :

**ਮਾਝਾ ਖੇਤਰ**

1. ਸੇਖਵਾਂ
2. ਸਰਹਾਲੀ ਕਲਾਂ
3. ਕਾਲਾ ਅਫ਼ਗਾਨਾ
4. ਵੀਲ੍ਹਾ ਤੇਜਾ

**ਦੁਆਬਾ ਖੇਤਰ**

5. ਜੰਡਿਆਲਾ ਮੰਜਕੀ
6. ਮਾਹਲ ਗਹਿਲਾ
7. ਉੱਚਾ ਲਧਾਣਾ

**ਮਾਲਵਾ ਖੇਤਰ**

8. ਲੌਂਗੋਵਾਲ
9. ਝੂੰਦਾਂ (ਅਮਰਗੜ੍ਹ)
10. ਫੱਤਾ ਮਾਲੋਕਾ

ਇਸ ਪ੍ਰਸ਼ਨਾਵਲੀ ਦੇ ਸਵਾਲਾਂ ਦਾ ਉੱਤਰ ਦਿੰਦਿਆਂ ਪਾਠਕਾਂ ਨੇ 'ਅਜੀਤ' ਵੱਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਉਠਾਈ ਆਵਾਜ਼ ਉੱਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਸੰਪਾਦਕੀ ਲੇਖਾਂ ਵਿਚ ਸੁਝਾਏ ਗਏ ਵਿਕਾਸ ਸੰਬੰਧੀ ਨੁਕਤਿਆਂ ਉੱਤੇ ਸੰਤੁਸ਼ਟੀ ਦਾ ਇਜ਼ਹਾਰ ਕੀਤਾ ਹੈ। ਇਨ੍ਹਾਂ ਪਾਠਕਾਂ ਦੀ ਇਕ ਪੱਕੀ ਰਾਏ ਹੈ ਕਿ 'ਅਜੀਤ' ਵੱਲੋਂ ਵਿਕਾਸਮਈ ਯੋਜਨਾਵਾਂ ਸੰਬੰਧੀ ਆਮ ਆਦਮੀ ਨੂੰ ਗਿਆਨ ਦੇਣ ਵਿਚ ਨਿਭਾਈ ਗਈ ਭੂਮਿਕਾ ਤਸੱਲੀਬਖ਼ਸ਼ ਹੈ ਅਤੇ ਨਵੀਆਂ ਨੌਕਰੀਆਂ ਸੰਬੰਧੀ ਪਾਠਕਾਂ ਨੂੰ ਦਿੱਤੀ ਜਾਣ ਵਾਲੀ ਜਾਣਕਾਰੀ ਵੀ ਕਾਫ਼ੀ ਮੁੱਲਵਾਨ ਹੈ। ਇਸ ਸਰਵੇਖਣ ਰਾਹੀਂ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਈ ਹੈ ਕਿ 'ਅਜੀਤ' ਵੱਲੋਂ ਖੇਤੀਬਾੜੀ ਨੂੰ ਨਵੀਂ ਤਕਨਾਲੋਜੀ ਨਾਲ ਜੋੜਨ ਵਿਚ ਬੇਹੱਦ ਮਹੱਤਵਪੂਰਨ ਭੂਮਿਕਾ ਨਿਭਾਈ ਗਈ ਹੈ ਅਤੇ ਪੰਜਾਬ ਵਿਚ ਖੇਤੀਬਾੜੀ ਦੇ ਵਿਕਾਸ ਨਾਲ ਸੰਬੰਧਿਤ ਸਮੱਗਰੀ ਨੂੰ ਅਖ਼ਬਾਰ ਦੇ ਕਾਲਮਾਂ ਵਿਚ ਜਗ੍ਹਾ ਦੇਣ ਬਾਰੇ ਵੀ ਪਾਠਕਾਂ ਵੱਲੋਂ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸਹਾਇਕ ਧੰਦਿਆਂ ਸੰਬੰਧੀ ਜਾਣਕਾਰੀ ਦੇਣ, ਔਰਤਾਂ ਨੂੰ ਵਿਕਾਸ ਕਾਰਜਾਂ ਨਾਲ ਜੋੜਨ, ਸਿੱਖਿਆ ਸੁਧਾਰਾਂ ਪ੍ਰਤੀ ਜਾਗਰੂਕਤਾ ਲਿਆਉਣ ਨਾਲ ਸੰਬੰਧਿਤ ਸਵਾਲਾਂ ਦੇ ਜਵਾਬ ਦਿੰਦਿਆਂ 'ਅਜੀਤ'

ਦੇ ਪਾਠਕਾਂ ਨੇ 'ਅਜੀਤ' ਦੀ ਭੂਮਿਕਾ ਉੱਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। 'ਅਜੀਤ' ਦੇ ਜ਼ਿਆਦਾਤਰ ਪਾਠਕ ਸੰਪਾਦਕੀ ਸਫ਼ਾ ਪੜ੍ਹਨਾ ਪਸੰਦ ਕਰਦੇ ਹੋਏ ਰਾਜਸੀ, ਸਮਾਜਿਕ ਅਤੇ ਵਿਕਾਸਮਈ ਮੁੱਦਿਆਂ ਵੱਲ ਵਧੇਰੇ ਤਵੱਜੋਂ ਦਿੰਦੇ ਹਨ। ਇਨ੍ਹਾਂ ਵਿਸ਼ਿਆਂ ਉੱਪਰ ਲਿਖੇ ਗਏ ਸੰਪਾਦਕੀ ਉਨ੍ਹਾਂ ਦੀ ਖਿੱਚ ਦਾ ਵਧੇਰੇ ਕੇਂਦਰ ਹਨ। ਇਹ ਸਰਵੇਖਣ ਦੱਸਦਾ ਹੈ ਕਿ  50% ਪਾਠਕ ਹਰ ਰੋਜ਼ ਸੰਪਾਦਕੀ ਪੰਨਾ ਪੜ੍ਹਦੇ ਹਨ, ਜਦੋਂ ਕਿ 30% ਪਾਠਕ ਕਦੇ-ਕਦੇ ਸੰਪਾਦਕੀ ਪੰਨਾ ਪੜ੍ਹਦੇ ਹਨ। ਬਾਕੀ 20% ਪਾਠਕ ਸੰਪਾਦਕੀ ਪੰਨੇ ਨਾਲੋਂ ਖ਼ਬਰਾਂ ਅਤੇ ਵਿਸ਼ੇਸ਼ ਅੰਕਾਂ ਵੱਲ ਵਧੇਰੇ ਧਿਆਨ ਦਿੰਦੇ ਹਨ। ਸਰਵੇਖਣ ਇਹ ਗੱਲ ਵੀ ਪੱਕੀ ਕਰਦਾ ਹੈ ਕਿ 'ਅਜੀਤ' ਦੇ ਪਾਠਕ ਇਸ ਦਾ 'ਧਰਮ ਅਤੇ ਵਿਰਸਾ' ਅੰਕ ਵੀ ਪਸੰਦ ਕਰਦੇ ਹਨ। ਇਹ ਤੱਥ 'ਅਜੀਤ' ਦੀ ਨੀਤੀ ਅਤੇ ਨੀਤ ਦੇ ਆਮ ਆਦਮੀ ਦੇ ਪੱਖੀ ਹੋਣ ਉੱਤੇ ਮੋਹਰ ਲਗਾਉਂਦਾ ਹੈ। ਇਹ ਸਵਾਲ ਬਹੁਤ ਮਹੱਤਵਪੂਰਨ ਹੈ ਕਿ ਪੰਜਾਬ ਦਾ ਆਮ ਆਦਮੀ ਕੀ ਸੋਚਦਾ ਹੈ? ਇਹ ਜਵਾਬ ਉਸ ਤੋਂ ਵੀ ਮਹੱਤਵਪੂਰਨ ਹੈ ਕਿ ਪੰਜਾਬ ਦਾ ਆਮ ਆਦਮੀ ਜੋ ਕਿ 'ਅਜੀਤ' ਦਾ ਪਾਠਕ ਹੈ, ਆਪਣੇ 'ਧਰਮ ਅਤੇ ਵਿਰਸੇ' ਬਾਰੇ ਵੀ ਓਨਾ ਹੀ ਸੋਚਦਾ ਹੈ, ਜਿੰਨਾ ਵਿਕਾਸ ਬਾਰੇ ਅਤੇ ਆਪਣੀ ਜ਼ਿੰਦਗੀ ਨੂੰ ਹੋਰ ਬਿਹਤਰ ਬਣਾਉਣ ਬਾਰੇ ਸੋਚਦਾ ਹੈ। ਅਖ਼ਬਾਰ ਦੇ ਕਾਲਮਾਂ ਵਿਚੋਂ ਉਹ ਆਪਣੀ ਅਕਾਂਖਿਆ ਦੇ ਅਨੁਕੂਲ ਸਮਗਰੀ ਪਾ ਰਿਹਾ ਹੈ ਅਤੇ ਇਸ ਨੂੰ ਪ੍ਰਸ਼ਨਾਵਲੀ ਦਾ ਉੱਤਰ ਦਿੰਦਿਆਂ ਪ੍ਰਗਟਾ ਰਿਹਾ ਹੈ। ਇਹ ਤੱਥ 'ਅਜੀਤ' ਦੀ ਆਮ ਆਦਮੀ ਦੀ ਮਾਨਸਿਕਤਾ ਨਾਲ ਇਕਸੁਰਤਾ ਨੂੰ ਉਜਾਗਰ ਕਰਦੀ ਹੈ। ਅਜਿਹੀ ਇਕਸੁਰਤਾ ਹੀ 'ਅਜੀਤ' ਨੂੰ ਆਮ ਆਦਮੀ ਦਾ ਅਖ਼ਬਾਰ ਬਣਾਉਂਦੀ ਹੈ। ਇਹੀ ਉਹ ਵਿਸ਼ੇਸ਼ ਨੁਕਤਾ ਹੈ, ਜਿਹੜਾ ਇਸ ਅਖ਼ਬਾਰ ਨੂੰ ਅਖ਼ਬਾਰਾਂ ਦੀ ਭੀੜ ਵਿਚੋਂ ਨਿਖੇੜਦਾ ਹੈ। ਇਸ ਦੀ ਵੱਖਰੀ ਪਛਾਣ ਸਥਾਪਤ ਕਰਦਾ ਹੈ—ਇਸ ਨੂੰ ਨਿਵੇਕਲਾ ਬਣਾਉਂਦਾ ਹੈ।

ਇਸ ਦਾ ਇਹ ਨਿਵੇਕਲਾਪਨ ਪੰਜਾਬ ਦੇ ਕਿਸੇ ਇਕ ਖਿਤੇ ਤਕ ਸੀਮਤ ਨਹੀਂ ਹੈ। ਇਸ ਨੂੰ ਪੰਜਾਬ ਭੂਮੀ ਦੇ ਤਿੰਨਾਂ ਮੁੱਖ ਖੰਡਾਂ ਦੇ ਪੰਜਾਬੀ ਪਾਠਕਾਂ ਦੇ ਸਰਵੇਖਣ ਵਿਚੋਂ ਪਛਾਣਿਆ ਜਾ ਸਕਦਾ ਹੈ। ਇਨ੍ਹਾਂ ਤਿੰਨਾਂ ਖਿੱਤਿਆਂ—ਮਾਝਾ, ਦੁਆਬਾ ਅਤੇ ਮਾਲਵਾ ਵਿਚ ਚੁਣੇ ਗਏ ਇਨ੍ਹਾਂ ਦਸ ਪਿੰਡਾਂ ਦੇ ਸੱਭਿਆਚਾਰਕ, ਸਮਾਜਕ ਅਤੇ ਰਾਜਸੀ ਪਿਛੋਕੜ ਨੂੰ ਵੀ ਧਿਆਨ ਵਿਚ ਰੱਖਿਆ ਗਿਆ ਹੈ। ਇਹ ਸਾਰੇ ਪਿੰਡ ਆਪਣੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਇਤਿਹਾਸਕ ਪਿਛੋਕੜ ਕਰਕੇ ਜਾਣੇ ਜਾਂਦੇ ਹਨ। ਇਨ੍ਹਾਂ ਪਿੰਡਾਂ ਵਿਚੋਂ ਜਿਥੇ ਇਤਿਹਾਸ ਨੂੰ ਮੋੜਾ ਦੇਣ ਵਾਲੀਆਂ ਸ਼ਖ਼ਸੀਅਤਾਂ ਵਿਕਸਤ ਹੋਈਆਂ ਹਨ ਉਥੇ ਸਮਾਜ ਦੇ ਵੱਖ-ਵੱਖ ਖੇਤਰਾਂ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਦੀ ਵਰਤਮਾਨ ਸੰਦਰਭ ਵਿਚ ਵੀ ਭਰਮਾਰ ਹੈ। ਇਨ੍ਹਾਂ ਪਿੰਡਾਂ ਵਿਚ ਕੀਤੇ ਗਏ ਸਰਵੇਖਣ ਦੀ ਸਾਰਥਿਕਤਾ ਨੂੰ ਦਰਸਾਉਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਪਿੰਡਾਂ ਦੇ ਇਤਿਹਾਸ ਬਾਰੇ ਅਤੇ ਇਨ੍ਹਾਂ ਪਿੰਡਾਂ ਦੇ ਸੱਭਿਆਚਾਰਕ ਪਿਛੋਕੜ ਨੂੰ ਵੇਖਦੇ ਹੋਏ, ਇਨ੍ਹਾਂ ਦੀ ਵਰਤਮਾਨ ਸਥਿਤੀ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦਾ ਇਕ ਜਾਇਜ਼ਾ ਲੈ ਲਿਆ ਜਾਵੇ।

### ਸੇਖਵਾਂ

ਗੁਰੂਆਂ-ਪੀਰਾਂ ਦੀ ਚਰਨ ਛੋਹ ਪ੍ਰਾਪਤ ਪੰਜਾਬ ਦੀ ਮਾਣਮੱਤੀ ਧਰਤੀ ਦੇ ਜ਼ਿਲ੍ਹਾ ਗੁਰਦਾਸਪੁਰ ਦਾ ਅਹਿਮ ਪਿੰਡ ਹੈ ਸੇਖਵਾਂ, ਜੋ ਕਿ ਸੂਬੇ ਦੀ ਸਿਆਸਤ 'ਚ ਆਪਣਾ ਵਿਲੱਖਣ ਸਥੱਲ ਰੱਖਦਾ ਹੈ। ਅਕਾਲੀ ਸਿਆਸਤ ਦੀਆਂ

ਮੋਹਰੀ ਸਫ਼ਾਂ 'ਚ ਗਿਣਿਆ ਜਾਂਦਾ ਪਿੰਡ ਸੇਖਵਾਂ ਦਾ ਹੱਦ ਬਸਤ ਨੰ: 474 ਹੈ ਤੇ ਕਰੀਬ 2800 ਵੋਟਰਾਂ ਅਤੇ ਲਗਭਗ 4000 ਦੀ ਆਬਾਦੀ ਵਾਲੇ ਇਸ ਵੱਡੇ ਪਿੰਡ ਦੀਆਂ 3 ਪੰਚਾਇਤਾਂ ਹਨ, ਜੋ ਕਿ ਗ੍ਰਾਮ ਪੰਚਾਇਤ ਸੇਖਵਾਂ, ਗ੍ਰਾਮ ਪੰਚਾਇਤ ਥੇਹ ਪੱਤੀ, ਗ੍ਰਾਮ ਪੰਚਾਇਤ ਨਾਗਰਾ ਪੱਤੀ ਵਜੋਂ ਜਾਣੀਆਂ ਜਾਂਦੀਆਂ ਹਨ। ਜਿਨ੍ਹਾਂ 'ਚੋਂ ਦੋ ਦਾ ਗਠਨ 1997 'ਚ ਹੋਇਆ ਹੈ। ਪਾਕਿਸਤਾਨ ਬਣਨ ਤੋਂ ਪਹਿਲਾਂ ਦਾ ਸਥਾਪਤ ਪਿੰਡ ਸੇਖਵਾਂ ਪਹਿਲਾਂ ਸੇਖੋਂ ਬਰਾਦਰੀ ਦੇ ਲੋਕਾਂ ਵਜੋਂ ਵੱਜਦਾ ਸੀ, ਇਸ ਪਿੰਡ ਵਿਚ ਪਾਕਿਸਤਾਨ ਬਣਨ ਤੋਂ ਬਾਅਦ ਬਾਜਵਾ, ਵਿਰਕ ਅਤੇ ਕੁਝ ਰੰਧਾਵਾ ਪਰਿਵਾਰਾਂ ਨੇ ਵੀ ਆ ਕੇ ਘਰ ਵਸਾਏ ਹਨ। ਉਂਝ ਇਸ ਪਿੰਡ 'ਚ ਜੱਟ ਸਿੱਖ, ਰਾਮਦਾਸੀਆ, ਇਸਾਈ, ਮਜ਼ਹਬੀ ਸਿੱਖ, ਪਰਜਾਪਤ, ਜੁਲਾਹੇ, ਮਹਿਰੇ, ਬੈਰਾਗੀ, ਚਮਿਆਰ, ਸਾਹਸੀਂ, ਮੀਰ ਜ਼ਾਦੇ ਅਤੇ ਸੈਣ ਬਰਾਦਰੀ ਦੇ ਲੋਕ ਵੱਸਦੇ ਹਨ। ਇਸ ਪਿੰਡ ਵਿਚ 5 ਗੁਰਦੁਆਰਾ ਸਾਹਿਬ, 2 ਮੰਦਿਰ, 2 ਗਿਰਜ਼ਾ ਘਰ, 1 ਜੰਞ ਘਰ ਅਤੇ ਵੱਖ-ਵੱਖ ਬਰਾਦਰੀਆਂ ਦੇ ਜਠੇਰੇ ਬਣੇ ਹੋਏ ਹਨ। ਅਕਾਲੀ ਸਿਆਸਤ 'ਚ ਵਿਸ਼ੇਸ਼ ਨਾਮਣਾ ਖੱਟਣ ਵਾਲੇ ਸਵਃ ਜਥੇਦਾਰ ਉਜਾਗਰ ਸਿੰਘ ਸੇਖਵਾਂ  ਸਿਆਸਤ 'ਚ ਸੂਬੇ ਭਰ 'ਚ ਮਸ਼ਹੂਰ ਹੋਏ। ਇਸ ਪਿੰਡ 'ਚ ਉਨ੍ਹਾਂ ਦੇ ਸਪੁੱਤਰ ਸਾਬਕਾ ਸਿੱਖਿਆ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ,  ਗਿਆਨੀ ਨਾਜ਼ਰ ਸਿੰਘ ਸਾਬਕਾ ਹੈੱਡ ਗ੍ਰੰਥੀ ਗੁਰਦੁਆਰਾ ਰਮਦਾਸ, ਸ. ਪ੍ਰਕਾਸ਼ ਸਿੰਘ ਸੇਖੋਂ ਰਿਟਾ: ਰੇਂਜ ਅਫ਼ਸਰ, ਸ. ਕਸ਼ਮੀਰਾ ਸਿੰਘ ਰਿਟਾ: ਐਕਸੀਅਨ, ਗੁਰਭਿੰਦਰ ਸਿੰਘ ਇੰਸਪੈਕਟਰ ਪੰਜਾਬ ਪੁਲਿਸ, ਹਰਦਿਆਲ ਸਿੰਘ ਸੇਖੋਂ ਡਿਵੈਲਮੈਂਟ ਅਫ਼ਸਰ ਐਲ. ਆਈ. ਸੀ., ਰਿਟਾ: ਜੇ. ਈ. ਗੁਰਦਿਆਲ ਸਿੰਘ ਸੇਖਵਾਂ (ਕਾਂਗਰਸੀ ਆਗੂ), ਸਾਬਕਾ ਚੇਅਰਮੈਨ ਅਮਰਿੰਦਰ ਸਿੰਘ ਸੇਖਵਾਂ, ਟਰਾਂਸਪੋਰਟਰ ਤੇ ਆਗੂ ਮਹਿੰਦਰ ਸਿੰਘ ਸੇਖਵਾਂ, ਪ੍ਰਿੰਸੀਪਲ ਹਰਭਜਨ ਸਿੰਘ ਸੇਖੋਂ, ਨਰਿੰਦਰ ਸਿੰਘ ਸੇਖਵਾਂ ਪ੍ਰਧਾਨ ਸੈਣ ਸਮਾਜ ਪੰਜਾਬ, ਗਿਆਨੀ ਅਮੋਲਕ ਸਿੰਘ ਰਿਟਾ: ਐਕਸੀਅਨ, ਉੱਘੇ ਲੇਖਕ ਮਾਸਟਰ ਨਿਸ਼ਾਨ ਸਿੰਘ ਚਾਹਲ, ਹਰਜਿੰਦਰ ਕੌਰ ਲਾਇਬਰੇਰੀਅਨ ਸਰਕਾਰੀ ਪੌਲੀਟੈਕਨਿਕ ਕਾਲਜ ਸਮੇਤ ਅਨੇਕਾਂ ਉੱਚ ਅਹੁਦਿਆਂ 'ਤੇ ਮੌਜੂਦ ਤੇ ਸੇਵਾ ਮੁਕਤ ਸ਼ਖ਼ਸੀਅਤਾਂ ਇਸ ਪਿੰਡ ਦੀ ਸ਼ਾਨ ਵਧਾ ਰਹੀਆਂ ਹਨ।

### ਸਰਹਾਲੀ ਕਲਾਂ

ਪਿੰਡ ਸਰਹਾਲੀ ਕਲਾਂ ਨੈਸ਼ਨਲ ਹਾਈਵੇ ਨੰਬਰ 15 'ਤੇ ਅੰਮ੍ਰਿਤਸਰ ਤੋਂ 45 ਕਿਲੋਮੀਟਰ ਦੂਰ ਅੰਮ੍ਰਿਤਸਰ-ਫਿਰੋਜ਼ਪੁਰ ਮਾਰਗ 'ਤੇ ਸਥਿਤ ਹੈ। ਮਾਝੇ ਦੇ ਇਸ ਇਤਿਹਾਸਕ ਪਿੰਡ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੈ। ਕਿਹਾ ਜਾਂਦਾ ਹੈ ਕਿ ਅਠਾਰ੍ਹਵੀਂ ਸਦੀ ਵਿਚ ਸਭ ਤੋਂ ਪਹਿਲਾਂ ਇਥੇ ਜੋਗੀਆਂ ਦਾ ਡੇਰਾ ਬਣਿਆ ਅਤੇ ਫਿਰ ਪਾਣੀ ਦੀ ਢਾਬ ਦਾ ਆਸਰਾ ਲੈ ਜਾਗੋ ਅਤੇ ਦਾਦਰ ਨਾਂ ਦੇ ਵਿਅਕਤੀਆਂ ਨੇ ਵਾਸ ਕੀਤਾ, ਜਿਥੋਂ ਇਸ ਨਗਰ ਦਾ ਮੁੱਢ ਬੱਝਾ। ਇਸ ਉਪਰੰਤ ਇਥੇ ਸੰਧੂ ਬਰਾਦਰੀ ਦੇ ਬਾਈ ਪਿੰਡ ਹੋਂਦ ਵਿਚ ਆਏ ਅਤੇ ਸਰਹਾਲੀ ਪਿੰਡ ਨੂੰ ਸੰਧੂ ਬਾਹੀਏ ਦੇ ਕੇਂਦਰ ਹੋਣ ਦਾ ਮਾਣ ਪ੍ਰਾਪਤ ਹੋਇਆ। ਆਜ਼ਾਦੀ ਘੁਲਾਟੀਏ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਅਤੇ ਕਾਰ ਸੇਵਾ ਸਰਹਾਲੀ ਦੇ ਮੁਖੀ ਸੰਤ ਬਾਬਾ ਤਾਰਾ ਸਿੰਘ ਜੀ ਵੀ ਇਸੇ ਪਿੰਡ ਦੇ ਵਸਨੀਕ ਸਨ। ਮੌਜੂਦਾ ਤਰਨ ਤਾਰਨ ਜ਼ਿਲ੍ਹੇ ਦਾ ਇਹ ਪਿੰਡ ਵਿਦਿਅਕ ਸੰਸਥਾਵਾਂ ਪੱਖੋਂ ਵੀ ਖ਼ੁਸ਼ਹਾਲ ਹੈ। ਬਾਬਾ ਗੁਰਦਿੱਤ ਸਿੰਘ ਉਦਯੋਗਿਕ ਸਿਖਲਾਈ ਸੰਸਥਾ, ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਗੁਰੂ

ਗੋਬਿੰਦ ਸਿੰਘ ਖ਼ਾਲਸਾ ਕਾਲਜ (ਲੜਕੀਆਂ), ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ, ਸਰਕਾਰੀ ਸੈਕੰਡਰੀ ਸਕੂਲ ਅਤੇ ਪ੍ਰਾਇਮਰੀ ਪੱਧਰ ਦੀਆਂ ਵਿਦਿਅਕ ਸੰਸਥਾਵਾਂ ਇਸ ਪਿੰਡ ਦੀ ਸ਼ਾਨ ਹਨ।

### ਕਾਲਾ ਅਫ਼ਗਾਨਾ

ਬਲਾਕ ਫ਼ਤਹਿਗੜ੍ਹ ਚੂੜ੍ਹੀਆਂ ਅਤੇ ਤਹਿਸੀਲ ਬਟਾਲਾ (ਗੁਰਦਾਸਪੁਰ) ਜਿਸ ਵਿਚ ਹਰ ਪੱਖੋਂ ਸੁੰਦਰ ਨਗਰ ਅਤੇ ਅਗਾਂਹਵਧੂ ਪਿੰਡਾਂ ਨਾਲ ਜਾਣਿਆ ਜਾਂਦਾ ਹੈ, ਉਹ ਹੈ ਕਾਲਾ ਅਫ਼ਗਾਨਾ। ਬਟਾਲਾ-ਫ਼ਤਹਿਗੜ੍ਹ ਚੂੜ੍ਹੀਆਂ ਰੋਡ ਉੱਪਰ ਸਥਿਤ ਹੈ। ਇਸ ਦੀ ਆਬਾਦੀ ਕਰੀਬ 15 ਹਜ਼ਾਰ ਹੈ ਅਤੇ ਇਸ ਵਿਚ ਸਿੱਖ ਅਤੇ ਈਸਾਈ ਭਾਈਚਾਰਾ ਸ਼ਾਮਿਲ ਹੈ। ਇਸ ਨਗਰ ਵਿਚ ਦੋ ਗੁਰਦੁਆਰੇ ਸੰਤਸਰ ਸਾਹਿਬ ਅਤੇ ਗੁਰਦੁਆਰਾ ਸਾਂਧ ਸੰਗਤ ਮੌਜੂਦ ਆਲੀਸ਼ਾਨ ਇਮਾਰਤਾਂ 'ਚ ਸੁਸ਼ੋਭਿਤ ਹਨ ਅਤੇ ਗਿਰਜਾਘਰ ਹਨ, ਜਿਨ੍ਹਾਂ ਵਿਚ ਆਪੋ-ਆਪਣੇ ਧਰਮ ਨਾਲ ਸਬੰਧਤ ਦਿਹਾੜੇ ਸ਼ਾਨ ਨਾਲ ਮਨਾਏ ਜਾਂਦੇ ਹਨ।

ਇਥੇ ਸ੍ਰੀ ਗੁਰੂ ਨਾਨਕ ਸਰਕਾਰੀ ਕਾਲਜ ਹੈ, ਜਿਸ ਵਿਚ ਦਿਹਾਤੀ ਖੇਤਰ ਦੇ ਬੱਚੇ ਵਿਦਿਆ ਹਾਸਲ ਕਰ ਰਹੇ ਹਨ, ਇਥੇ ਵਧੀਆ ਖੇਡ ਮੈਦਾਨ ਹੈ, ਜਿਥੇ ਰੋਜ਼ਾਨਾ ਸੈਂਕੜੇ ਬੱਚੇ ਵੱਖ-ਵੱਖ ਖੇਡਾਂ ਖੇਡ ਕੇ ਚੰਗਾ ਨਾਮਣਾ ਖੱਟ ਚੁੱਕੇ ਹਨ। ਇਸ ਤੋਂ ਇਲਾਵਾ ਸਰਕਾਰੀ ਹਾਈ ਸਕੂਲ ਹੈ, ਜਿਸ ਵਿੱਚ ਸੁਚੱਜੇ ਢੰਗ ਨਾਲ ਬੱਚਿਆਂ ਨੂੰ ਤਾਲੀਮ ਹਾਸਲ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਇਥੇ ਮੌਜੀ ਫੁੱਟਬਾਲ ਅਕੈਡਮੀ ਸਦਕਾ ਰੋਜ਼ਾਨਾ ਛੋਟੇ ਤੋਂ ਲੈ ਕੇ ਵੱਡੇ ਬੱਚੇ ਵੱਖ-ਵੱਖ ਖੇਡਾਂ ਵਿਚ ਭਾਗ ਲੈ ਰਹੇ ਹਨ। ਆਉਣ ਵਾਲੇ ਸਮੇਂ ਵਿਚ ਇਥੇ ਇੰਟਰਨੈਸ਼ਨਲ ਖਿਡਾਰੀ ਪੈਦਾ ਹੋਣ ਦੀ ਆਸ ਰੱਖੀ ਜਾ ਰਹੀ ਹੈ।

ਇਸ ਪਿੰਡ ਦੀਆਂ ਵੱਖ-ਵੱਖ ਦੇਸ਼ਾਂ ਵਿਚ ਰਹਿੰਦੀਆਂ ਸ਼ਖ਼ਸੀਅਤਾਂ, ਜਿਨ੍ਹਾਂ ਵਿਚ ਉੱਘੇ ਵਿਗਿਆਨੀ ਡਾ. ਜਗੀਰ ਸਿੰਘ ਰੰਧਾਵਾ ਯੂ. ਐਸ. ਏ., ਡਾ. ਹਰਪਿੰਦਰ ਸਿੰਘ ਰੰਧਾਵਾ ਕੈਨੇਡਾ, ਗੁਰਬਖਸ਼ ਸਿੰਘ ਕਾਲਾ ਅਫਗਾਨਾ, ਰਵਿੰਦਰ ਸਿੰਘ ਰੰਧਾਵਾ ਯੂ. ਐਸ. ਏ., ਮਨਬੀਰ ਸਿੰਘ ਰੰਧਾਵਾ ਕੈਨੇਡਾ, ਭੁਪਿੰਦਰ ਸਿੰਘ ਚੀਮਾ, ਜਥੇਦਾਰ ਸੁਖਜੀਤ ਸਿੰਘ ਚੀਮਾ ਯੂ. ਐਸ. ਏ., ਗੁਰਦਿਆਲ ਸਿੰਘ ਕਾਹਲੋਂ ਵਰਕਿੰਗ ਫਾਰ ਹਿਊਮਨ ਰਾਈਟਸ ਕਮਿਸ਼ਨ ਆਸਟ੍ਰੇਲੀਆ ਤੋਂ ਇਲਾਵਾ ਸਰਪੰਚ ਸੁਲੱਖਣ ਸਿੰਘ, ਸਾਬਕਾ ਸਰਪੰਚ ਸੁਖਵਿੰਦਰ ਸਿੰਘ ਬੋਪਾਰਾਏ, ਪ੍ਰੋ. ਪ੍ਰਭਜੋਤ ਸਿੰਘ, ਮਾ: ਹਰਭਜਨ ਸਿੰਘ, ਸਾਬਕਾ ਸਰਪੰਚ ਦਵਿੰਦਰ ਸਿੰਘ ਬੋਪਾਰਾਏ, ਬਾਬਾ ਗੁਰਦਰਸ਼ਨ ਸਿੰਘ ਕਾਹਲੋਂ, ਜਥੇਦਾਰ ਗੁਰਬਿੰਦਰ ਸਿੰਘ ਜੌਲੀ, ਰਾਣਾ ਰਣਬੀਰ ਸਿੰਘ ਰੰਧਾਵਾ, ਸੋਨੂੰ ਮਾਨਪੁਰੀਆ, ਕੁਲਦੀਪ ਸਿੰਘ ਚੀਮਾ, ਰਣਜੀਤ ਸਿੰਘ ਪੰਨੂੰ, ਹਰਜੰਤ ਸਿੰਘ ਕਾਹਲੋਂ ਆਦਿ ਹਨ।

### ਵੀਲ੍ਹਾ ਤੇਜਾ

ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਤਹਿਸੀਲ ਬਟਾਲਾ, ਬਲਾਕ ਫ਼ਤਹਿਗੜ੍ਹ ਚੂੜੀਆਂ ਅੰਦਰ ਆਪਣੀ ਨਿਵੇਕਲੀ ਪਹਿਚਾਣ ਅਤੇ ਇਤਿਹਾਸਕ ਮਹੱਤਤਾ ਰੱਖਦਾ ਪਿੰਡ ਵੀਲਾ ਤੇਜਾ ਦਾ ਨਾਮ ਤੇਜੇ ਦੇ ਵਿੱਲੇ ਤੋਂ ਪਿਆ।

ਇਸੇ ਪਿੰਡ ਦਾ ਦੋਹਤਾ ਬਾਬਾ ਬੱਠੂ ਜੋ ਕਿ ਪਿੰਡ ਪੱਖੋਕੇ ਠੇਠਰਕੇ ਰਹਿੰਦਾ ਸੀ, ਜੋ ਇਕ ਦੇਸ਼ ਭਗਤ ਸੀ ਅਤੇ ਜੰਗੀ ਜੋਧਾ ਹੋਣ ਕਰਕੇ ਉਸ ਨੂੰ ਰਣ ਦਾ ਧਾਵਾ ਕਹਿੰਦੇ ਸਨ, ਜਿਸ ਕਰਕੇ ਉਨ੍ਹਾਂ ਦਾ ਖਾਨਦਾਨ ਰੰਧਾਵੇ ਕਹਿ ਕੇ ਜਾਣਿਆ ਜਾਣ ਲੱਗ ਪਿਆ, ਜਿਥੇ ਬਾਬਾ ਬੱਠੂ ਦੇਸ਼ ਭਗਤ ਸੀ, ਉਥੇ ਇਸ ਦੇ ਸ਼ਰੀਕੇ ਵਿਚ ਹੀ ਇਕ ਮੁਗਲ ਸਰਕਾਰ ਦਾ ਟਾਊਟ ਸੀ, ਜਿਸ ਨੂੰ ਰਾਮਾਂ ਰੰਧਾਵਾ ਦੇ ਨਾਲ ਜਾਣਿਆ ਜਾਂਦਾ ਸੀ, ਉਸ ਸਮੇਂ ਉਹ ਨੇੜੇ ਪਿੰਡ ਰਾਮਾਂ ਤਲਵੰਡੀ ਰਹਿੰਦਾ ਸੀ, ਜਿਸ ਕੋਲ ਸੈਂਕੜੇ ਘੋੜੇ ਸਨ ਅਤੇ ਆਪਣੀ ਰਾਜਸੀ ਪਹੁੰਚ ਕਰਕੇ ਸ਼ਰ੍ਹੇਆਮ ਲੋਕਾਂ ਦੀਆਂ ਫਸਲਾਂ ਦਾ ਉਜਾੜਾ ਕਰਦਾ ਸੀ, ਜਦੋਂ ਪਿੰਡ ਵੀਲਾ ਤੇਜਾ ਦੇ ਲੋਕਾਂ ਦੀ ਫਰਿਆਦ ਕਰਨ ’ਤੇ ਬਾਬਾ ਬੱਠੂ ਨੇ ਕਿਹਾ ਜੇਕਰ ਮੈਨੂੰ ਵੀਲਾ ਤੇਜਾ ਵਿਚ ਥੋੜ੍ਹੀ ਜਗ੍ਹਾ ਦਿੱਤੀ ਜਾਵੇ ਤਾਂ ਰਾਮਾਂ ਰੰਧਾਵਾ ਦੇ ਮੈਂ ਛੱਕੇ ਛੁੜਾ ਦੇਵਾਂਗਾ। ਪਿੰਡ ਵੀਲਾ ਤੇਜਾ ਦੇ ਪੱਛਮ ਵਾਲੇ ਪਾਸੇ ਲੋਕਾਂ ਵੱਲੋਂ ਦਿੱਤੀ ਗਈ ਜ਼ਮੀਨ ਉੱਪਰ ਰਹਿਣ ਉਪਰੰਤ ਰਾਮੇ ਰੰਧਾਵਾ ਨਾਲ ਜੰਗ ਕੀਤੀ ਅਤੇ ਉਸ ਦੇ ਘੋੜੇ ਆਪਣੇ ਕਬਜ਼ੇ ਵਿਚ ਲੈ ਲਏ ਅਤੇ ਉਹ ਇਲਾਕਾ ਛੱਡ ਗਿਆ। ਬਾਬਾ ਬੱਠੂ ਦੇ ਘਰ ਪੰਜ ਪੁੱਤਰ ਪੈਦਾ ਹੋਏ ਜਿਸ ਕਰਕੇ ਰੰਧਾਵਾ ਗੋਤ ਨਾਲ ਜਾਣਿਆ ਜਾਂਦਾ ਨਗਰ ਵੀਲਾ ਤੇਜਾ ਵੱਸਿਆ।

ਇਸ ਪਿੰਡ ਵਿਚ ਪਹਾੜ ਬਾਹੀ ਵੱਲ ਜੋਗੀ ਨਾਥ ਦਾ ਡੇਰਾ ਸੀ ਅਤੇ ਪੁਰਾਤਨ ਤਲਾਬ ਮੌਜੂਦ ਸੀ, ਜਿਸ ਦੀ ਹੋਂਦ ਅਜੇ ਵੀ ਕਾਇਮ ਹੈ, ਜਿਸ ਉੱਪਰ ਕੁਝ ਸਮਾਂ ਪਹਿਲਾਂ ਸੰਤ ਬਾਬਾ ਨਾਮਦਾਨ ਜੀ ਭੂਰੀਵਾਲਿਆਂ ਨੇ ਡੇਰਾ ਸਥਾਪਿਤ ਕਰ ਲਿਆ ਸੀ ਅਤੇ ਅੱਜ ਵੀ ਉਸ ਡੇਰੇ ਉੱਪਰ ਬਾਬਾ ਪਲਵਿੰਦਰ ਸਿੰਘ ਸੇਵਾਦਾਰ ਹਨ। ਇਸੇ ਤਰ੍ਹਾਂ ਪਿੰਡ ਦੇ ਵਿਚਕਾਰ ਮਹਾਨ ਸੂਫ਼ੀ ਫਕੀਰ ਹਜ਼ਰਤ ਪੀਰ ਬਾਬਾ ਮੁਹੰਮਦ ਸ਼ਾਹ ਗਾਜ਼ੀ ਦੀ ਮਜ਼ਾਰ ਹੈ ਇਥੋਂ ਦੂਰ-ਦੂਰੋਂ ਲੋਕ ਹਾਜ਼ਰੀ ਭਰਨ ਆਉਂਦੇ ਹਨ ਅਤੇ ਇਕ ਹਾੜ੍ਹ ਨੂੰ ਸਾਲਾਨਾ ਜੋੜ ਮੇਲਾ ਲੱਗਦਾ ਹੈ ਅਤੇ ਇਸੇ ਤਰ੍ਹਾਂ ਬਾਬਾ ਕੇਸਰ ਸ਼ਾਹ, ਬਾਬਾ ਮਸਤਾਨ ਸ਼ਾਹ, ਬਾਬਾ ਭਾਰੀ ਸ਼ਾਹ, ਮੁਹੰਮਦ ਸ਼ਾਹ ਵਾਲੀ ਦੀਆਂ ਮਜ਼ਾਰਾਂ ਵੀ ਸੁਸ਼ੋਭਿਤ ਹਨ। ਬਾਬਾ ਗ਼ਰੀਬ ਦਾਸ ਜੀ ਦੇ ਤਪ ਅਸਥਾਨ ਉੱਪਰ ਗੁਰਦੁਆਰਾ ਸਾਹਿਬ ਜੀ ਸੁਸ਼ੋਭਿਤ ਹਨ।

ਪੰਜਾਬ ’ਚੋਂ ਸਭ ਤੋਂ ਜ਼ਿਆਦਾ ਆਜ਼ਾਦੀ ਘੁਲਾਟੀਏ ਗੁਰਦਾਸਪੁਰ ਜ਼ਿਲ੍ਹੇ ਦੇ ਸਨ, ਜ਼ਿਲ੍ਹੇ ’ਚੋਂ ਜ਼ਿਆਦਾ ਬਲਾਕ ਫ਼ਤਹਿਗੜ੍ਹ ਚੂੜੀਆਂ ਅਤੇ ਬਲਾਕ ਵਿਚ ਸਭ ਤੋਂ ਜ਼ਿਆਦਾ ਪਿੰਡ ਵੀਲਾ ਤੇਜਾ ਦੇ ਸਨ, ਜਿਸ ਕਰਕੇ ਆਜ਼ਾਦੀ ਘੁਲਾਟੀਆਂ ਦੀ ਯਾਦ ਵਿਚ ਰਾਸ਼ਟਰ ਵੱਲੋਂ ਲਗਾਈ ਗਈ ਸਿਲ ਵੀ ਸੁਸ਼ੋਭਿਤ ਹੈ।

1935 ’ਚ ਫਰੀਡਮ ਐਕਟ ਅੰਗਰੇਜ਼ ਸਰਕਾਰ ਨੇ ਪਾਰਲੀਮੈਂਟ (ਇੰਗਲੈਂਡ) ਵਿਚ ਭਾਰਤੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਪਾਸ ਕੀਤਾ, ਜਿਸ ਦੇ ਆਧਾਰ ’ਤੇ ਪੰਜਾਬ ’ਚ 1937 ਵਿਚ ਪੰਜਾਬ ਅਸੈਂਬਲੀ ਦੀ ਚੋਣ ਹੋਈ। ਪੂਰੇ ਬਟਾਲਾ ਤਹਿਸੀਲ ਦੀ ਇਕ ਹੀ ਸੀਟ ਸੀ, ਜਿਥੋਂ ਸੁੰਦਰ ਸਿੰਘ ਮਜੀਠੀਆ ਸਫ਼ਲ ਹੋਏ।

ਹੁਣ ਪਿੰਡ ਵੀਲਾ ਤੇਜਾ ਕਰੀਬ 3000 ਤੋਂ ਉੱਪਰ ਵੋਟਾਂ ਵਾਲਾ ਨਗਰ ਹੈ, ਜਿਸ ਦੀ ਆਬਾਦੀ ਕਰੀਬ 20 ਹਜ਼ਾਰ ਤੋਂ ਉੱਪਰ ਹੈ ਅਤੇ ਅੱਜ ਧਾਰਮਿਕ ਸਮਾਜਿਕ ਅਤੇ ਆਰਥਿਕ ਪੱਖੋਂ ਮੋਹਰੀ ਨਗਰ ਹੈ, ਜਿਸ ਵਿਚ ਵਿਚਰ ਰਹੀਆਂ ਸ਼ਖ਼ਸੀਅਤਾਂ ’ਚ ਅਕਾਲੀ ਆਗੂ ਗੰਗਾ ਸਿੰਘ ਰੰਧਾਵਾ, ਕੈਪਟਨ ਗੁਰਦੀਪ ਸਿੰਘ ਤੇਜਾ, ਕਾਂਗਰਸੀ ਆਗੂ ਸ਼ਿੰਗਾਰਾ ਸਿੰਘ, ਰਸਾਲਦਾਰ ਸਰੂਪ ਸਿੰਘ, ਟਰਾਂਸਪੋਰਟਰ ਸ਼ਿੰਗਾਰਾ ਸਿੰਘ ਤੇਜਾ, ਜੀਵਨਜੋਤ ਸਿੰਘ ਵੀਲਾ, ਲਾਲੀ

ਵੀਲਾ, ਲੋਕ ਗਾਇਕ ਬਲਦੇਵ ਸਿੰਘ ਰੰਧਾਵਾ, ਡਾ. ਗੁਰਮੀਤ ਸਿੰਘ, ਦਵਿੰਦਰ ਸਿੰਘ ਜੇ. ਈ.। ਵੀਲਾ ਤੇਜਾ ਦੇ ਸੁਤੰਤਰਤਾ ਸੰਗਰਾਮੀ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ 'ਚ ਅੰਗਰੇਜ਼ ਸਰਕਾਰ ਵੇਲੇ ਜੇਲਾਂ ਕੱਟੀਆਂ। ਇਨ੍ਹਾਂ 'ਚ ਜਥੇਦਾਰ ਸੁਰੈਣ ਸਿੰਘ, ਜਥੇਦਾਰ ਸੋਹਣ ਸਿੰਘ, ਜਥੇਦਾਰ ਬੂਟਾ ਸਿੰਘ ਆਦਿ ਹਨ।

## ਜੰਡਿਆਲਾ ਮੰਜਕੀ

ਰਾਜਨੀਤਕ ਪੱਖ ਤੋਂ ਚੇਤੰਨ ਕਸਬਾ ਜੰਡਿਆਲਾ ਨੂੰ ਮੰਜਕੀ ਖੇਤਰ ਵਿਚ ਹੋਣ ਕਾਰਨ ਜੰਡਿਆਲਾ ਮੰਜਕੀ ਵਜੋਂ ਜਾਣਿਆ ਜਾਂਦਾ ਹੈ। ਲੱਧਾ ਨਾਮ ਦੇ ਇਕ ਕਿਸਾਨ ਵੱਲੋਂ ਅੱਜ ਤੋਂ ਲਗਭਗ ਪੰਜ ਸੌ ਵਰ੍ਹੇ ਪਹਿਲਾਂ 'ਜੰਡ ਦਾ ਦਰੱਖਤ ਲਾ ਕੇ ਵਸਾਏ ਗਏ ਪਿੰਡ ਜੰਡਿਆਲਾ ਨੂੰ ਦੁਆਬੇ ਦੀ ਧੁੰਨੀ ਵਜੋਂ ਵੀ ਜਾਣਿਆ ਜਾਂਦਾ ਹੈ। ਜਲੰਧਰ-ਗੁਰਾਇਆ, ਫਗਵਾੜਾ-ਨਕੋਦਰ ਇਥੋਂ ਲਗਭਗ ਇਕੋ ਜਿਹੀ ਵਿੱਥ 'ਤੇ ਸਥਿਤ ਹਨ। ਪ੍ਰਸਿੱਧ ਗ਼ਦਰੀ ਬਾਬਿਆਂ, ਆਜ਼ਾਦੀ ਘੁਲਾਟੀਆਂ ਅਤੇ ਕਮਿਊਨਿਸਟਾਂ ਦੇ ਪਿੰਡ ਵਜੋਂ ਮਸ਼ਹੂਰ ਇਹ ਪਿੰਡ ਆਪਣੀ ਮਿਸਾਲ ਆਪ ਹੈ। ਮੁਗ਼ਲ ਬਾਦਸ਼ਾਹ ਜਹਾਂਗੀਰ ਵੱਲੋਂ ਇਥੇ ਯਾਤਰੂਆਂ ਦੇ ਠਹਿਰਾਅ ਲਈ ਇਕ ਸਰ੍ਹਾਂ ਦਾ ਨਿਰਮਾਣ ਕਰਵਾਇਆ ਗਿਆ ਸੀ ਜਿਸ ਦੀ ਜਗ੍ਹਾ ਹੁਣ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਪਿੰਡ ਦੀ ਮਿੱਟੀ ਨੇ ਸਰੋਜਨੀ ਨਾਇਡੂ, ਹਰਕਿਸ਼ਨ ਸਿੰਘ ਸੁਰਜੀਤ, ਨਬੂੰਦਰੀਪਾਦ, ਬੀ. ਟੀ ਰੰਧੀਵੇ, ਗਿਆਨੀ ਜ਼ੈਲ ਸਿੰਘ, ਮਾਸਟਰ ਤਾਰਾ ਸਿੰਘ, ਰਾਜੀਵ ਗਾਂਧੀ, ਸੋਨੀਆ ਗਾਂਧੀ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਪ੍ਰਕਾਸ਼ ਕਰਾਤ ਅਤੇ ਹੋਰ ਵੱਡੀਆਂ ਸਿਆਸੀ ਸ਼ਖ਼ਸੀਅਤਾਂ ਦੇ ਪੈਰਾਂ ਦੀ ਛੋਹ ਦਾ ਨਿੱਘ ਮਾਣਿਆ ਹੈ। ਇਥੋਂ ਦੇ ਜੰਮਪਲ ਅਤੇ ਪੰਜਾਬ ਦੇ ਮੁੱਖ ਮੰਤਰੀ ਰਹੇ ਸਵ: ਸ. ਦਰਬਾਰਾ ਸਿੰਘ ਨੇ ਪਿੰਡ ਦਾ ਨਾਮ ਸੂਬੇ, ਦੇਸ਼ ਅਤੇ ਵਿਦੇਸ਼ ਵਿਚ ਧਰੂ ਤਾਰੇ ਵਾਂਗ ਚਮਕਾਇਆ। ਉੱਘੇ ਅਰਥ ਸ਼ਾਸਤਰੀ ਵਾਈਸ ਚਾਂਸਲਰ ਰਹੇ ਸਰਦਾਰਾ ਸਿੰਘ ਜੌਹਲ, ਬਿਜਲੀ ਬੋਰਡ ਦੇ ਸਾਬਕਾ ਚੀਫ ਇੰਜੀਨੀਅਰ ਸੰਤੋਖ ਸਿੰਘ ਜੌਹਲ, ਪ੍ਰੋ. ਮੋਹਣ ਸਿੰਘ ਜੌਹਲ ਰਜਿਸਟਰਾਰ ਜੀ. ਐਨ. ਡੀ. ਯੂ., ਪ੍ਰੋਫੈਸਰ ਨਵਜੀਤ ਸਿੰਘ ਜੌਹਲ, ਦੂਰਦਰਸ਼ਨ ਵਾਲੇ ਡਾਕਟਰ ਲਖਵਿੰਦਰ ਸਿੰਘ ਜੌਹਲ, ਮੇਜਰ ਨਛੱਤਰ ਸਿੰਘ ਜੌਹਲ, ਬਾਬਾ ਰਜਿੰਦਰ ਸਿੰਘ ਜੌਹਲ, ਗਤੀਰੋਧ ਜੌਹਲ, ਕਾਮਰੇਡ ਦਲਜੀਤ ਸਿੰਘ ਜੌਹਲ, ਕਾਮਰੇਡ ਮੱਖਣ ਪੱਲਣ ਆਦਿ ਜੰਡਿਆਲਾ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਨ। ਇਥੇ ਦਰਜਨ ਦੇ ਲੱਗਭਗ ਬੈਂਕਾਂ ਇਥੋਂ ਦੀ ਮਜ਼ਬੂਤ ਆਰਥਿਕਤਾ ਦੀ ਗਵਾਹੀ ਭਰਦੀਆਂ ਹਨ। ਵਿਦੇਸ਼ੀਂ ਵਸੇ ਜੰਡਿਆਲੀਆਂ ਦੀ ਆਰਥਿਕ ਸਹਾਇਤਾ ਨਾਲ ਇਥੇ ਬਹੁਤ ਸਾਰੇ ਸਮਾਜ ਭਲਾਈ ਦੇ ਪ੍ਰਾਜੈਕਟ ਚਲਾਏ ਜਾ ਰਹੇ ਹਨ। ਜੰਡਿਆਲਾ ਲੋਕ ਭਲਾਈ ਮੰਚ, ਲਾਇਨਜ਼ ਕਲੱਬ ਜੰਡਿਆਲਾ ਅਤੇ ਵੱਖ-ਵੱਖ ਸਪੋਰਟਸ ਕਲੱਬਾਂ ਵੱਲੋਂ ਇਥੇ ਸਮਾਜ ਦੀ ਬੇਹਤਰੀ ਲਈ ਕੰਮ ਕੀਤੇ ਜਾ ਰਹੇ ਹਨ।

ਗੁਰੂ ਗੋਬਿੰਦ ਸਿੰਘ ਸਰਕਾਰੀ ਕਾਲਜ ਵਿਚ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਰਹੇ ਸਵ: ਸੰਤ ਸਿੰਘ ਸੇਖੋਂ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਇਥੋਂ ਦੇ ਮੁੱਢਲਾ ਸਿਹਤ ਕੇਂਦਰ ਦੀ ਵੱਡੀ ਇਮਾਰਤ ਦੇ ਮੁਕਾਬਲੇ ਸਿਹਤ ਸੇਵਾਵਾਂ ਦਾ ਕੱਦ ਬਹੁਤ ਛੋਟਾ ਹੈ। ਬੱਸ ਅੱਡੇ ਤੋਂ ਪੰਚਾਇਤ ਨੂੰ ਸਾਲਾਨਾ ਲੱਖਾਂ ਦੀ ਆਮਦਨ ਹੁੰਦੀ ਹੈ ਜੋ ਪਿੰਡ ਦੇ ਵੱਖ-ਵੱਖ ਵਿਕਾਸ ਕੰਮਾਂ 'ਤੇ ਖਰਚ ਕੀਤੀ ਜਾਂਦੀ ਹੈ। ਅਜੋਕੇ ਅਗਾਂਹਵਧੂ ਯੁੱਗ ਵਿਚ ਸਿਆਸੀ ਪੱਧਰ ਤੋਂ ਉੱਪਰ ਉੱਠ ਕੇ ਪਿੰਡ ਦੀ ਬਿਹਤਰੀ ਲਈ ਹੰਭਲਾ ਮਾਰਨ ਦੀ ਬੇਹੱਦ ਲੋੜ ਹੈ।

## ਮਾਹਿਲ ਗਹਿਲਾ

ਪਹਿਲੋਂ ਜਲੰਧਰ ਅਤੇ ਹੁਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਪ੍ਰਸਿੱਧ ਪਿੰਡ ਮਾਹਿਲ ਗਹਿਲਾ ਮੁਗਲ ਕਾਲ ਦੇ ਬਾਦਸ਼ਾਹ ਅਕਬਰ ਦੇ ਕਾਰਜਕਾਲ ਦੌਰਾਨ ਵਸਿਆ ਸੀ। ਸੂਤਰਾਂ ਮੁਤਾਬਿਕ ਇਹ ਪਿੰਡ ਮਾਹਿਲ ਗੋਤ ਦੇ ਵਡੇਰਿਆਂ ਨੇ ਵਸਾਇਆ ਸੀ। ਇਕ ਗਹਿਲਾ ਨਾਂ ਦਾ ਭਲਵਾਨ ਸੀ। ਉਸ ਦੀ ਜਵਾਨੀ 'ਚ ਹੀ ਮੌਤ ਹੋ ਗਈ ਸੀ। ਉਸ ਦੇ ਪਿਤਾ ਅਤੇ ਭਰਾਵਾਂ ਨੇ ਉਸ ਦੀ ਯਾਦ ਨੂੰ ਕਾਇਮ ਰੱਖਣ ਲਈ ਇਸ ਪਿੰਡ ਦਾ ਨਾਂ ਗਹਿਲੇ ਦੀਆਂ ਮਾਹਿਲਾਂ ਰੱਖ ਦਿੱਤਾ, ਜਿਸ ਤੋਂ ਹੌਲੀ-ਹੌਲੀ ਇਸ ਪਿੰਡ ਦਾ ਨਾਂ ਮਾਹਿਲ ਗਹਿਲਾ ਬਣ ਗਿਆ।

ਇਕ ਕਥਨ ਅਨੁਸਾਰ 'ਮਾਹਿਲ' ਗੋਤ ਦੇ ਲੋਕ ਹਰਿਆਣੇ ਦੇ ਕਸਬੇ ਸਰਸਾ ਜ਼ਿਲ੍ਹਾ ਹਿਸਾਰ ਦੇ ਇਕ ਪਿੰਡ ਭੀਣ ਤੋਂ ਉਜੜ ਕੇ ਇਥੇ ਆਏ ਸਨ। ਇਕ ਹੋਰ ਕਥਨ ਅਨੁਸਾਰ ਇਹ ਲੋਕ ਕਿਸੇ ਹੋਰ ਪਾਸਿਓਂ ਉਜੜ ਕੇ ਦਿੱਲੀ ਰਾਹੀਂ ਹੁੰਦੇ ਹੋਏ ਇਥੇ ਪੁੱਜੇ ਸਨ। ਇਨ੍ਹਾਂ ਦਾ ਵਡੇਰਾ ਮਾਹਿਲ ਜੱਟ ਸੀ। ਉਸ ਦੇ ਲੜਕੇ ਸਨ—ਬੋਘਰਾ ਅਤੇ ਤਾਬਾ। ਬੋਘਰਾ ਜੱਟ ਦੇ ਅੱਗੋਂ ਛੇ ਲੜਕੇ ਸਨ ਜਿਨ੍ਹਾਂ ਦੇ ਨਾਂ ਗੋਧਾ, ਗਹਿਲਾ, ਸਹਿਜੂ, ਲੱਧਾ, ਕਾਹਨ ਅਤੇ ਮੋਹਣਾ ਸੀ। ਇਨ੍ਹਾਂ 'ਚੋਂ ਗਹਿਲਾ ਇਕ ਨਾਮੀ ਪਹਿਲਵਾਨ ਸੀ ਜਿਸ ਦੇ ਨਾਂ 'ਤੇ ਇਸ ਪਿੰਡ ਦਾ ਨਾਂ ਰੱਖਿਆ ਗਿਆ ਸੀ। ਜਦੋਂ ਇਹ ਲੋਕ ਉਜੜ ਕੇ ਆਏ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਪਿੰਡ ਭੀਣ ਵਿਖੇ ਆਣ ਡੇਰੇ ਲਾਏ ਸਨ। ਜਿਥੋਂ ਇਕ ਨਜੂਮੀ ਦੇ ਕਹਿਣ 'ਤੇ ਇਸ ਪਿੰਡ ਦੀ ਜ਼ਮੀਨ ਜਿੱਥੇ ਕਿ ਇਕ ਢਾਬ (ਛੱਪੜ) ਦੇ ਕੰਢੇ ਇਨ੍ਹਾਂ ਮੋੜੀ ਗੱਡੀ ਸੀ। ਇਕ ਹੋਰ ਮੱਤ ਅਨੁਸਾਰ ਬਾਦਸ਼ਾਹ ਅਕਬਰ ਅਤੇ ਉਸ ਦੇ ਵਜ਼ੀਰਾਂ ਤੋਂ ਆਪਣੀਆਂ ਬਹੂ-ਬੇਟੀਆਂ ਦੀ ਇੱਜ਼ਤ ਮਹਿਫ਼ੂਜ ਰੱਖਣ ਲਈ ਹੀ ਇਹ ਲੋਕ ਦਿੱਲੀ ਵਾਲੇ ਪਾਸਿਓਂ ਉਜੜ ਕੇ ਦੁਆਬੇ ਦੀ ਇਸ ਧਰਤੀ 'ਤੇ ਆਣ ਵਸੇ ਸਨ। ਗਹਿਲਾ ਜੱਟ ਅਤੇ ਉਸ ਦੇ ਭਰਾਵਾਂ ਦੇ ਨਾਂ 'ਤੇ ਪਿੰਡ ਦੀਆਂ ਚਾਰ ਪੱਤੀਆਂ ਦੇ ਨਾਂ ਅੱਜ ਵੀ ਪ੍ਰਚੱਲਿਤ ਹਨ।

ਅੰਗਰੇਜ਼ਾਂ ਦੇ ਰਾਜ ਸਮੇਂ ਹੀ ਤਕਰੀਬਨ 1924 'ਚ ਇਸ ਪਿੰਡ ਲੋਅਰ ਮਿਡਲ ਸਕੂਲ ਇਕ ਘਰ 'ਚ ਪ੍ਰਾਈਵੇਟ ਤੌਰ 'ਤੇ ਅਰੰਭਿਆ ਗਿਆ ਸੀ। ਉਪਰੰਤ ਮਿਡਲ ਅਤੇ ਫਿਰ 1945 ਵਿਚ ਇਹ ਸਕੂਲ ਪ੍ਰਾਈਵੇਟ ਤੌਰ 'ਤੇ ਦਸਵੀਂ ਜਮਾਤ ਤੱਕ ਅਪਗ੍ਰੇਡ ਕਰ ਦਿੱਤਾ ਗਿਆ। ਇਹ ਹੀ ਉਹ ਮਾਣਮੱਤਾ ਸਕੂਲ ਹੈ ਜਿਸ ਵਿਚ 'ਅਜੀਤ' ਦੇ ਬਾਨੀ ਸਵਃ ਡਾ. ਸਾਧੂ ਸਿੰਘ ਹਮਦਰਦ ਪੰਜਵੀਂ ਜਮਾਤ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਪੜ੍ਹੇ ਸਨ। ਸਵਃ ਡਾ. ਸਾਧੂ ਸਿੰਘ ਹਮਦਰਦ ਤੋਂ ਇਲਾਵਾ ਇਸ ਸਕੂਲ ਨੇ ਅਨੇਕਾਂ ਸਾਹਿਤਕਾਰ ਅਤੇ ਹੋਰ ਖੇਤਰਾਂ 'ਚ ਨਾਮਣਾ ਖੱਟਣ ਵਾਲੀਆਂ ਹਸਤੀਆਂ ਸਮਾਜ ਨੂੰ ਦਿੱਤੀਆਂ ਹਨ। ਜਿਨ੍ਹਾਂ ਵਿਚ ਏਅਰ ਚੀਫ਼ ਮਾਰਸ਼ਲ ਸ. ਰਜਿੰਦਰ ਸਿੰਘ ਪ੍ਰਸਿੱਧ ਹਨ। ਜਿਹੜੇ ਪਹਿਲੇ ਇਨਸਾਨ ਸਨ ਜਿਨ੍ਹਾਂ ਨੂੰ ਕਿ ਅੰਗਰੇਜ਼ਾਂ ਨੇ ਆਪਣਾ ਹਵਾਈ ਜਹਾਜ਼ ਰੱਖਣ ਦੀ ਆਗਿਆ ਦਿੱਤੀ ਸੀ। ਇਸੇ ਤਰ੍ਹਾਂ ਪ੍ਰਿੰਸੀਪਲ ਗੁਰਦਿਆਲ ਸਿੰਘ, ਡਾ. ਮਹਿੰਦਰ ਸਿੰਘ ਗੋਬੀ ਐਮ. ਐਸ. ਸੀ., ਪੀ. ਐੱਚ. ਡੀ. ਸਾਬਕਾ ਪ੍ਰੋਫੈਸਰ ਆਫ਼ ਔਕਸਫੋਰਡ ਯੂਨੀਵਰਸਿਟੀ ਯੂ. ਕੇ. ਆਦਿ ਸ਼ਾਮਿਲ ਹਨ।

ਇਸ ਵਕਤ ਇਸ ਪਿੰਡ ਦੀ ਆਬਾਦੀ ਲਗਭਗ ਪੰਜ ਕੁ ਹਜ਼ਾਰ ਦੇ ਕਰੀਬ ਹੈ। ਪਿੰਡ ਦੇ ਅਨੇਕਾਂ ਲੋਕੀ ਦੁਨੀਆ ਭਰ ਦੇ ਮੁਲਕਾਂ 'ਚ ਜਾ ਕੇ ਵਸ ਗਏ ਹਨ। ਇਨ੍ਹਾਂ ਐਨ. ਆਰ. ਆਈ. ਸੱਜਣਾਂ ਨੇ ਜਿਥੇ ਲੱਖਾਂ ਰੁਪਏ ਖਰਚ

ਕੇ ਪਿੰਡ ਦੇ ਸੀ. ਸੈਕੰ. ਸਕੂਲ ਦੀ ਇਮਾਰਤ ਵੀ ਬਣਾਈ ਹੈ ਅਤੇ ਪਿੰਡ ’ਚ ਖੇਡ ਸਟੇਡੀਅਮ ਵੀ ਹੈ। ਇਹ ਉਹੀ ਘੁੱਗ ਵਸਦਾ ਨਗਰ ਹੈ ਜਿਸ ਨਗਰ ਦੇ ਸੁਲੱਖਣੇ ਸਕੂਲ ਵਿਚ ਇਲਾਕੇ ਦੇ ਤਕਰੀਬਨ ਸਾਰੇ ਹੀ ਪਿੰਡਾਂ ਤੋਂ ਇਲਾਵਾ ਦੂਰ ਦੁਰੇਡੇ ਤੋਂ ਵੀ ਵਿਦਿਆਰਥੀ ਪੜ੍ਹਨ ਆਇਆ ਕਰਦੇ ਸਨ।

## ਲਧਾਣਾ ਉੱਚਾ

ਪਹਿਲਾਂ ਦੋਆਬੇ ਦੇ ਨਾਮੀ ਜ਼ਿਲ੍ਹੇ ਜਲੰਧਰ (ਹੁਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਦਾ ਪ੍ਰਸਿੱਧ ਪਿੰਡ ਲਧਾਣਾ ਉੱਚਾ ਮੁਗਲ ਕਾਲ ਵੇਲੇ ਦਾ ਵਸਿਆ ਹੋਇਆ ਹੈ। ਇਕ ਕਥਨ ਮੁਤਾਬਿਕ ਇਸ ਪਿੰਡ ਦਾ ਪਹਿਲਾ ਨਾਂ ਬੱਸ ਪੁਰ ਹੋਇਆ ਕਰਦਾ ਸੀ। ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਵੇਲੇ ਇਸ ਬੱਸਪੁਰ ਨਾਂ ਦੇ ਪਿੰਡ ਦੇ ਲੋਕਾਂ ਨੇ ਔਰੰਗਜ਼ੇਬ ਦੇ ਹੁਕਮ ‘ਜਾਨ ਬਚਾਉਣੀ ਹੈ ਤਾਂ ਮੁਸਲਮਾਨ ਬਣ ਜਾਓ’ ਦਾ ਡਟਕੇ ਵਿਰੋਧ ਕੀਤਾ ਸੀ। ਇਥੋਂ ਤੱਕ ਇਕ ਲੁਭਾਇਆ ਨਾਂ ਦੇ ਪਹਿਲਵਾਨ ਨੇ ਔਰੰਗਜ਼ੇਬ ਦੀ ਫੌਜ ਦੀ ਇਕ ਟੁੱਕੜੀ ਦਾ ਸਫ਼ਾਇਆ ਵੀ ਕਰ ਦਿੱਤਾ ਸੀ। ਉਸ ਤੋਂ ਬਾਅਦ ਔਰੰਗਜ਼ੇਬ ਦੀਆਂ ਫੌਜਾਂ ਦੇ ਕਹਿਰ ਤੋਂ ਡਰਦੇ ਉਸ ਬੱਸਪੁਰ ਪਿੰਡ ਦੇ ਅਜਮੇਰ ਨਾਂ ਦੇ ਮੁੰਡੇ ਜੋ ਕਿ ਪਿੰਡ ਦੇ ਚੌਧਰੀ ਭਗਵਾਨ ਦਾਸ ਦਾ ਬੇਟਾ ਸੀ, ਨੇ ਸੋਚਿਆ ਕਿ ਇਹ ਜਗ੍ਹਾ ਛੱਡ ਕੇ ਕਿੱਧਰੇ ਹੋਰ ਪਿੰਡ ਵਸਾਇਆ ਜਾਵੇ। ਉਹ ਨਵਾਂ ਪਿੰਡ ਵਸਾਉਣ ਹਿੱਤ ਮੋੜੀ ਲੈ ਕੇ ਤੁਰਦਾ-ਤੁਰਦਾ ਇਸ ਪਿੰਡ ਦੀ ਧਰਤੀ ’ਤੇ ਪੁੱਜਾ। ਜਿਥੇ ਉਸ ਨੂੰ ਇਕ ਹਿੰਦੂ ਫਕੀਰ ਗੁਲਾਬ ਭਰਥਰੀ ਮਿਲੇ। ਜਿਨ੍ਹਾਂ ਨੂੰ ਉਸ ਪਿੰਡ ਮੋੜ੍ਹੀ ਗੱਢਣ ਵਿਚ ਮਦਦ ਲਈ ਬੇਨਤੀ ਕੀਤੀ। ਉਸ ਵੇਲੇ ਉਥੇ ਇਕ ਹੋਰ ਫਕੀਰ ਸਾਈਂ ਲੱਧਣ ਸ਼ਾਹ ਜੀ ਰਹਿੰਦੇ ਸਨ। ਜੋ ਕਿ ਰੂਹਾਨੀ ਸ਼ਕਤੀ ਦੇ ਮਾਲਕ ਸਨ। ਬਾਬਾ ਗੁਲਾਬ ਭਰਥਰੀ ਜੀ ਨੇ ਅਜਮੇਰ ਦੇ ਹੱਥ ਵਾਲੀ ਮੋੜ੍ਹੀ ਨੂੰ ਸਾਈਂ ਲੱਧਣ ਸ਼ਾਹ ਜੀ ਦੇ ਹੱਥ ਲਵਾਏ ਅਤੇ ਮੋੜੀ ਗੱਡਵਾ ਕੇ ਇਸ ਪਿੰਡ ਦਾ ਨਾਂ ਲਧਾਣਾ ਉੱਚਾ ਰੱਖਿਆ। ਕਿਉਂਕਿ ਇਹ ਪਿੰਡ ਇਕ ਉੱਚੇ ਟਿੱਲੇ ’ਤੇ ਵਸਿਆ ਸੀ ਤਾਂ ਇਸ ਦਾ ਨਾਂ ਲਧਾਣਾ ਉੱਚਾ ਰੱਖਿਆ ਗਿਆ। ਇਸ ਦੇ ਨਾਲ ਹੀ ਇਕ ਹੋਰ ਪਿੰਡ, ਜੋ ਨੀਵੀਂ ਜਗ੍ਹਾ ਵਸਿਆ ਸੀ ਦਾ ਨਾਂ ਲਧਾਣਾ ਝਿੱਕਾ ਰੱਖਿਆ ਗਿਆ ਸੀ।

ਇਥੇ ਕਿਸੇ ਵੇਲੇ ਭਾਰੀ ਜੰਗਲ ਹੁੰਦਾ ਸੀ, ਜਿਸ ਜੰਗਲ ਦਾ ਜ਼ਿਕਰ ‘ਅਜੀਤ’ ਦੇ ਬਾਨੀ ਸੰਪਾਦਕ ਸਵਰਗੀ ਡਾ. ਸਾਧੂ ਸਿੰਘ ਹਮਦਰਦ ਆਪਣੇ ਇਤਿਹਾਸਕ ਨਾਵਲ ‘ਜ਼ੀਨਤ ਬਘੇਲ ਸਿੰਘ’ ਵਿਚ ਕਰਦੇ ਹਨ।

ਉੱਘੇ ਪੰਥਕ ਰਾਗੀ ਭਾਈ ਰਘਵੀਰ ਸਿੰਘ ਲਧਾਣਾ ਉੱਚਾ ਵਾਲੇ, ਜੋ ਕਿ ਅੱਜਕਲ੍ਹ ਅਮਰੀਕਾ ’ਚ ਵਸਦੇ ਹਨ ਇਸੇ ਪਿੰਡ ਦੇ ਜੰਮਪਲ ਹਨ। ਸਵਰਗੀ ਡਾ. ਸਾਧੂ ਸਿੰਘ ਹਮਦਰਦ ਜੀ ਇਸੇ ਪਿੰਡ ਆਪਣੇ ਭੂਆ ਜੀ ਕੋਲ ਰਹਿ ਕੇ ਮੁੱਢਲੀ ਪੜ੍ਹਾਈ ਤੋਂ ਲੈ ਕੇ ਦਸਵੀਂ ਜਮਾਤ ਤੱਕ ਪੜ੍ਹੇ ਸਨ। ਭਾਈ ਰਘਵੀਰ ਸਿੰਘ ਅਤੇ ਹੋਰ ਪਰਵਾਸੀਆਂ ਅਤੇ ਨਗਰ ਨਿਵਾਸੀਆਂ ਨੇ ਪਿੰਡ ਦੇ ਬੱਸ ਅੱਡੇ ਨਜ਼ਦੀਕ ਇਕ ਸ਼ਾਨਦਾਰ ਮੈਰਿਜ਼ ਪੈਲੇਸ ਦੀ ਉਸਾਰੀ ਕਰਵਾਈ ਹੈ ਜੋ ਪਿੰਡ ਦੀ ਸ਼ਾਨ ਹੈ ਅਤੇ ਚੰਗੇ ਆਰਥਿਕ ਲਾਭ ਨਾਲ ਪਿੰਡ ਦੀ ਸ਼ਾਨ ਵਧਾ ਰਿਹਾ ਹੈ।

ਪਿੰਡ ’ਚ ‘ਅਜੀਤ’ ਦੇ ਬਾਨੀ ਡਾ. ਸਾਧੂ ਸਿੰਘ ਹਮਦਰਦ ਜੀ ਨੂੰ ਸਮਰਪਿਤ ਬੀਬੀ ਭਾਨੀ ਜੀ ਦੀ ਯਾਦ ’ਚ ਸਰਕਾਰੀ ਡਿਸਪੈਂਸਰੀ ਵੀ ਮੌਜੂਦ ਹੈ। ਪਿੰਡ ਦਾ ਸਕੂਲ ਕਾਫੀ ਪੁਰਾਣਾ ਹੈ। ਜੋ ਕਿ ਪਹਿਲਾਂ ਪੰਜਵੀਂ ਜਮਾਤ ਤੱਕ

ਹੁੰਦਾ ਸੀ, ਬਾਅਦ ਵਿਚ ਸਰਕਾਰੀ ਤੌਰ ’ਤੇ ਮਿਡਲ ਤੱਕ ਅਪਗ੍ਰੇਡ ਕੀਤਾ ਗਿਆ ਹੈ। ਇਸ ਪਿੰਡ ਦਾ ਪਹਿਲਾ ਪ੍ਰਾਇਮਰੀ ਸਕੂਲ ਪਿੰਡ ਦੇ ਚੌਧਰੀ ਜੀਵੇ ਖਾਨ ਦੀ ਦੇਣ ਹੈ। ਇਸ ਤੋਂ ਪਹਿਲਾਂ ਬੱਚਿਆਂ ਨੂੰ ਮੰਦਰ ’ਚ ਪੰਡਿਤ, ਮਸੀਤ ’ਚ ਮੌਲਵੀ ਅਤੇ ਗੁਰਦੁਆਰਾ ਸਾਹਿਬ ਗ੍ਰੰਥੀ ਸਿੰਘ ਪੜ੍ਹਾਈ ਕਰਾਇਆ ਕਰਦੇ ਸਨ। ਉੱਘੇ ਕਵੀ ਸਵਰਗੀ ਪੂਰਨ ਸਿੰਘ ਭੌਰ, ਜਿਨ੍ਹਾਂ ਵਿਸ਼ੇਸ਼ ਤੌਰ ’ਤੇ ਸਟੇਜੀ ਕਵਿਤਾ ਵਿਚ ਨਾਮਣਾ ਖੱਟਿਆ ਇਸੇ ਪਿੰਡ ਦੀ ਸ਼ਾਨ ਸਨ। ਅੱਗੋਂ ਉਨ੍ਹਾਂ ਦੇ ਸਪੁੱਤਰ ਹਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਜਨਰਲ ਸਕੱਤਰ ਰਹੇ ਜਥੇਦਾਰ ਸੁਖਦੇਵ ਸਿੰਘ ਭੌਰ, ਜੋ ਸਿੱਖ ਸੰਗਤਾਂ ’ਚ ਹਰਮਨ ਪਿਆਰੇ ਆਗੂ ਵਜੋਂ ਵਿਚਰਦੇ ਹਨ। ਇਸ ਨਗਰ ਦੀ ਆਬਾਦੀ ਲਗਭਗ ਚਾਰ ਹਜ਼ਾਰ ਦੇ ਕਰੀਬ ਹੈ। ਇਹ ਪਿੰਡ ਦਿਨ ਦੁਗਣੀ ਅਤੇ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ।

## ਲੌਂਗੋਵਾਲ

ਪੰਜਾਬ ਰਾਜ ਦੇ ਮਾਲਵਾ ਖਿੱਤੇ ਤੇ ਸੰਗਰੂਰ ਜ਼ਿਲ੍ਹੇ ਦਾ ਇਤਿਹਾਸਕ ਪਿੰਡ ਲੌਂਗੋਵਾਲ ਹੈ। ਮੌਜੂਦਾ ਸਮੇਂ ਵਿਚ ਸ਼ਹਿਰ ਦੇ ਰੂਪ ਵਿਚ ਵਿਕਸਤ ਹੁੰਦਾ ਜਾ ਰਿਹਾ ਹੈ। ਇਥੇ ਸਥਿਤ ਪ੍ਰਸਿੱਧ ਤਕਨੀਕੀ ਸੰਸਥਾ ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟਕੈਨਾਲੋਜੀ (ਸਲਾਈਟ ਡੀਮਡ ਯੂਨੀਵਰਸਿਟੀ) ਨੇ ਲੌਂਗੋਵਾਲ ਨੂੰ ਕੌਮਾਂਤਰੀ ਪਛਾਣ ਦਿੱਤੀ ਹੈ। ਇਹ ਕਸਬਾ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਕਰਮ ਭੂਮੀ ਰਿਹਾ ਹੈ। ਇਥੇ ਸਾਰੇ ਧਰਮਾਂ, ਜਾਤਾਂ ਅਤੇ ਵਰਗਾਂ ਦੇ ਲੋਕ ਆਪਸੀ ਭਾਈਚਾਰਕ ਸਾਂਝ ਨਾਲ ਪਿਆਰ ਨਾਲ ਰਹਿੰਦੇ ਹਨ ਪ੍ਰੰਤੂ ਜੱਟ ਜਾਤੀ ਦੇ ਦੁੱਲਟ ਗੋਤ ਨਾਲ ਵੱਡੀ ਗਿਣਤੀ ਵਿਚ ਪਰਿਵਾਰਾਂ ਦਾ ਇਥੇ ਵਸੇਬਾ ਅਤੇ ਗੜ੍ਹ ਹੈ।

**ਤਵਾਰੀਖ ਗੁਰੂ ਖ਼ਾਲਸਾ ਭਾਗ ਤੀਜਾ ਪੰਨਾ 673 ਅਨੁਸਾਰ** :-

ਉਸ ਸਮੇਂ ਲੌਂਗੋਵਾਲ ਪਿੰਡ ਦੁੱਲਟਾਂ, ਦਾੜ ਚਾਲ ਕਾਲ ਨੇ ਉਜਾੜ ਛੱਡਿਆ ਸੀ। ਹਿੰਮਤ ਸਿੰਘ, ਕਾਲਾ ਸਿੰਘ, ਸਾਗਰ ਸਿੰਘ, ਬੀਗਾ ਸਿੰਘ ਆਦਿਕ ਅਨੇਕ ਦੁੱਲਟ ਬਾਬੇ ਆਲਾ ਸਿੰਘ ਨਾਲ ਰਿਹਾ ਕਰਦੇ ਸਨ। ਉਨ੍ਹਾਂ ਦੇ ਕਹੇ ਬਾਬਾ ਆਲਾ ਸਿੰਘ ਉਥੇ ਜਾ ਵਸਿਆ। ਜੋ ਅੱਜ ਤੱਕ ਬਾਬੇ ਆਲੇ ਵਾਲੀ ਢਾਬ ਮਸ਼ਹੂਰ ਹੈ। ਭਾਈ ਮੂਲ ਚੰਦ ਦਾ ਬਚਨ ਮੰਨ ਕੇ ਬਾਬਾ ਆਲਾ ਸਿੰਘ ਨੇ ਕੱਤਕ ਸੰਮਤ 1788 ਬਿਕਰਮੀ ਨੂੰ ਲੌਂਗੋਵਾਲ ਪਿੰਡ ਦੀ ਮੋਹੜੀ ਗੱਡੀ।

ਪ੍ਰਸਿੱਧ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਲੌਂਗੋਵਾਲ ਅਤੇ ਦੁੱਲਟਾਂ ਬਾਰੇ ਹੋਰ ਵਿਸਥਾਰ ਨਾਲ ਲਿਖਦੇ ਹਨ। (ਪੰਥ ਪ੍ਰਕਾਸ਼ ਐਡੀਸ਼ਨ ਪੰਜਵਾਂ, ਪੰਨਾ 1003 ਅਤੇ ਤਵਾਰੀਖ ਗੁਰੂ ਖਾਲਸਾ, ਭਾਗ ਦੂਜਾ, ਐਡੀਸ਼ਨ 1970 ਪੰਨਾ 127 ਅਨੁਸਾਰ)

ਸਾਡਾ ਪਿੱਛਾ ਚੌਹਾਨ ਖ਼ਾਨਦਾਨ ਦੇ ਪ੍ਰਸਿੱਧ ਰਾਜੇ ਪ੍ਰਿਥਵੀ ਰਾਜ ਜਾਂ ਰਾਏ ਪਿਥੌਰਾ ਨਾਲ ਮਿਲਦਾ ਹੈ। ਰਾਏ ਪਿਥੌਰਾ ਦਾ ਦੂਸਰਾ ਭਰਾ ਰਾਏ ਬੀਰਾ ਸੀ। ਦਿੱਲੀ ਦਾ ਰਾਜ ਰਾਏ ਪਿਥੌਰਾ ਦੇ ਅਧੀਨ ਅਤੇ ਆਗਰੇ ਦਾ ਰਾਜ ਰਾਏ ਬੀਰਾ ਅਧੀਨ ਸੀ।

**ਪ੍ਰਸਿੱਧ ਇਤਿਹਾਸਕਾਰ ਭਾਈ ਕਾਹਨ ਸਿੰਘ ਨਾਭਾ ਆਪਣੀ ਪ੍ਰਸਿੱਧ ਪੁਸਤਕ 'ਮਹਾਨ ਕੋਸ਼' ਦੇ ਪੰਨਾ 950-51 ਵਿਚ ਲਿਖਦੇ ਹਨ :-**

ਭਾਈ ਮਨੀ ਸਿੰਘ ਕੈਂਬੋਵਾਲ (ਲੌਂਗੋਵਾਲ ਨੇੜੇ) ਦੇ ਵਸਨੀਕ ਦੁੱਲਟ ਜੱਟ ਚੌਧਰੀ ਕਲੇ ਦੇ ਪੁੱਤਰ ਸਨ। ਪਿੰਡ ਕੈਂਬੋਵਾਲ ਦਾ ਥੇਹ ਪਟਿਆਲੇ ਰਾਜ ਵਿਚ ਸੁਨਾਮ ਕੋਲ ਹੈ। ਭਾਈ ਮਨੀ ਸਿੰਘ ਨੂੰ ਉਸ ਦੇ ਮਾਤਾ ਪਿਤਾ ਨੇ ਪੰਜ ਸਾਲ ਦੀ ਉਮਰ ਵਿਚ ਹੀ ਗੁਰੂ ਤੇਗ ਬਹਾਦਰ ਦੇ ਦਰਬਾਰ ਚੜ੍ਹਾ ਦਿੱਤਾ ਸੀ। ਇਸ ਤਰ੍ਹਾਂ ਉਹ ਗੁਰੂ ਗੋਬਿੰਦ ਸਿੰਘ ਦੇ ਹਮਜੋਲੀ ਰਹੇ। ਜਦੋਂ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਉਸ ਸਮੇਂ ਭਾਈ ਮਨੀ ਸਿੰਘ ਉਨ੍ਹਾਂ ਨਾਲ ਸਨ।

ਪਿੰਡ ਲੌਂਗੋਵਾਲ ਬਾਰੇ ਪ੍ਰਚਲਿਤ ਹੈ ਕਿ ਇਹ 52 ਸ਼ਹੀਦਾਂ ਦੀ ਧਰਤੀ ਹੈ। ਇਸ ਤੱਥ ਦੀ ਪ੍ਰਮਾਣਿਕਤਾ ਬਾਰੇ ਦਾਅਵੇ ਨਾਲ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਨ੍ਹਾਂ ਸਾਰੇ ਸ਼ਹੀਦਾਂ ਦੇ ਨਾਂ ਇਤਿਹਾਸ ਵਿਚ ਕਿਤੇ ਵੀ ਉਪਲਬੱਧ ਨਹੀਂ, ਜਿਸ ਸਮੇਂ ਮੁਗਲਾਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕੀਤਾ, ਉਸ ਸਮੇਂ ਜੋ ਸਿੱਖ ਨਾਲ ਗਏ ਸਨ, ਉਨ੍ਹਾਂ ਵਿਚੋਂ ਭਾਈ ਦਿਆਲਾ, ਮਤੀ ਦਾਸ, ਸਤੀ ਦਾਸ ਦਾ ਸੰਬੰਧ ਵੀ ਲੌਂਗੋਵਾਲ ਨਾਲ ਰਿਹਾ ਹੈ।

ਲੌਂਗੋਵਾਲ, ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਕਰਮ ਭੂਮੀ ਰਿਹਾ ਹੈ। ਉਨ੍ਹਾਂ ਦਾ ਜਨਮ ਭਾਵੇਂ ਸੰਗਰੂਰ ਜ਼ਿਲ੍ਹੇ ਦੇ ਪਿੰਡ ਗਿਦੜਿਆਨੀ ਦਾ ਹੈ ਪ੍ਰੰਤੂ ਉਨ੍ਹਾਂ ਨੇ ਆਪਣੇ ਜੀਵਨ ਦਾ ਜ਼ਿਆਦਾ ਸਮਾਂ ਲੌਂਗੋਵਾਲ ਵਿਖੇ ਹੀ ਗੁਜ਼ਾਰਿਆ ਅਤੇ ਉਹ ਆਪਣੇ ਨਾਮ ਨਾਲ ਵੀ ਲੌਂਗੋਵਾਲ ਹੀ ਲਿਖਦੇ ਸਨ।

ਮੌਜੂਦਾ ਸਮੇਂ ਵਿਚ ਲੌਂਗੋਵਾਲ ਇਕ ਸ਼ਹਿਰ ਦੇ ਰੂਪ ਵਿਚ ਤਬਦੀਲ ਹੁੰਦਾ ਜਾ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਸਥਾਪਿਤ ਸਲਾਈਟ ਡੀਮੰਡ ਯੂਨੀਵਰਸਿਟੀ ਵਿਚ ਦੇਸ਼-ਵਿਦੇਸ਼ ਦੇ ਵਿਦਿਆਰਥੀ ਤਕਨੀਕੀ ਵਿਦਿਆ ਹਾਸਲ ਕਰਨ ਲਈ ਆਉਂਦੇ ਹਨ। ਇਥੇ ਦਰਜਨ ਤੋਂ ਉੱਪਰ ਵੱਖ-ਵੱਖ ਨਿੱਜੀ ਅਤੇ ਸਰਕਾਰੀ ਵਿਦਿਅਕ ਅਦਾਰੇ ਸਥਾਪਿਤ ਹਨ ਜਿਨ੍ਹਾਂ ਵਿਚ ਜਵਾਹਰ ਨਵੋਦਿਆ ਵਿਦਿਆਲਿਆ ਅਤੇ ਸ਼ਹੀਦ ਭਾਈ ਦਿਆਲਾ ਜੀ ਸਕੂਲ ਦੇ ਨਾਮ ਜ਼ਿਕਰਯੋਗ ਹਨ। ਲੌਂਗੋਵਾਲ ਨੂੰ ਸਬ ਤਹਿਸੀਲ ਦਾ ਦਰਜਾ ਮਿਲਿਆ ਹੋਇਆ ਹੈ। ਸਮੇਂ ਦੀਆਂ ਸਰਕਾਰਾਂ ਵੱਲੋਂ ਖਾਸਕਰ ਅਕਾਲੀ-ਭਾਜਪਾ ਸਰਕਾਰ ਨਵੀਂ ਹਲਕਾਬੰਦੀ ਤੋਂ ਬਾਅਦ ਸੁਨਾਮ ਹਲਕੇ ਨਾਲ ਜੁੜਨ ਕਰਕੇ ਇਸ ਕਸਬੇ ਦਾ ਚਹੁੰਮੁਖੀ ਵਿਕਾਸ ਹੋਇਆ ਹੈ। ਲੌਂਗੋਵਾਲ ਨੂੰ ਲੜਾਕੂਆਂ ਅਤੇ ਸ਼ੌਕੀਨਾਂ ਦਾ ਪਿੰਡ ਵੀ ਕਿਹਾ ਜਾਂਦਾ ਹੈ।

## ਝੂੰਦਾਂ (ਅਮਰਗੜ੍ਹ)

ਕਸਬਾ ਅਮਰਗੜ੍ਹ ਦੀ ਜੂਹ 'ਚ ਵਸਿਆ ਪਿੰਡ ਝੂੰਦਾਂ ਪਾਕਿ-ਭਾਰਤ ਵੰਡ ਤੋਂ ਪਹਿਲਾਂ ਮੁਸਲਮਾਨ ਭਾਈਚਾਰੇ ਦਾ ਪਿੰਡ ਸੀ। ਪਿੰਡ ਦੇ ਬਜ਼ੁਰਗ ਸ. ਜਸਵੰਤ ਸਿੰਘ ਗਿੱਲ ਦੇ ਦੱਸਣ ਅਨੁਸਾਰ ਦੇਸ਼ ਦੀ ਆਜ਼ਾਦੀ ਮੌਕੇ ਦੰਗਿਆਂ 'ਚ ਇਹ ਪਿੰਡ ਮੁਸਲਮਾਨਾਂ ਦਾ ਹੋਣ ਕਰਕੇ ਇਸ ਪਿੰਡ ਨੂੰ ਅੱਗ ਲਗਾ ਦਿੱਤੀ ਸੀ। ਸਿਰਫ਼ ਦੂਸਰੀਆਂ

ਜਾਤਾਂ ਦੇ ਲੋਕਾਂ ਦੇ 4-5 ਘਰ ਹੀ ਬਚ ਗਏ ਸਨ। ਵੰਡ ਤੋਂ ਪਹਿਲਾਂ ਇਸ ਪਿੰਡ ਦਾ ਚੌਧਰੀ ਜਲੀਲ ਅਹਿਮਦ ਖਾਂ ਜੈਲਦਾਰ ਸੀ ਜੋ ਬਾਅਦ ਵਿਚ ਪਾਕਿਸਤਾਨ ਚਲੇ ਗਏ। ਉਥੇ ਜਾ ਕੇ ਉਹ ਦੋ ਵਾਰ ਮੈਂਬਰ ਪਾਰਲੀਮੈਂਟ ਰਹੇ ਹਨ।

ਇਸ ਪਿੰਡ ਵਿਚ ਗੁਰਦੁਆਰਾ ਸਾਹਿਬ, ਦੋ ਚਰਚ ਘਰ ਇਕ ਰੋਮਨ ਕੈਥੋਲਿਕ ਅਤੇ ਇਕ ਪ੍ਰੋਟੈਸਟਮੈਂਟ ਹੈ ਤੇ ਇਕ ਮਸੀਤ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਗੁਰਦੁਆਰਾ ਸਾਹਿਬ ਤੇ ਮਸੀਤ ਦੀ ਜਗ੍ਹਾ ਇਕ ਹੈ ਭਾਵੇਂ ਅੱਜ ਕਲ੍ਹ ਇਸ ਪਿੰਡ ਵਿਚ ਕੋਈ ਮੁਸਲਮਾਨ ਨਹੀਂ ਰਹਿੰਦਾ ਪਰ ਮਸੀਤ ਦੀ ਇਮਾਰਤ ਦੀ ਹਾਲਤ ਪਹਿਲਾਂ ਨਾਲੋਂ ਵੀ ਵਧੀਆ ਬਣਾਈ ਗਈ ਹੈ। ਪਿੰਡ 'ਚ ਇਕ ਪ੍ਰਾਇਮਰੀ ਸਕੂਲ ਹੈ ਇਸ ਤੋਂ ਇਲਾਵਾ ਇਸ ਪਿੰਡ ਦੇ ਹੀ ਜੰਮਪਲ ਭਾਰਤੀ ਸਾਹਿਤ ਅਕੈਡਮੀ ਵੱਲੋਂ 1997 ਵਿਚ ਐਵਾਰਡ ਪ੍ਰਾਪਤ ਉੱਘੇ ਸ਼ਾਇਰ ਹਰਿੰਦਰ ਸਿੰਘ ਮਹਿਬੂਬ ਦੀ ਯਾਦ ਵਿਚ ਇਸ ਪਿੰਡ ਦੇ ਵਿਧਾਇਕ ਇਕਬਾਲ ਸਿੰਘ ਝੂੰਦਾਂ ਦੀ ਮਿਹਨਤ ਸਦਕਾ ਸਰਕਾਰ ਵੱਲੋਂ ਮਹਿਬੂਬ ਯਾਦਗਾਰੀ ਹਾਲ ਤੇ ਲਾਇਬ੍ਰੇਰੀ ਦੀ ਸ਼ਾਨਦਾਰ ਇਮਾਰਤ ਬਣਾਈ ਗਈ ਹੈ। ਇਸ ਤੋਂ ਬਾਅਦ 2011 ਵਿਚ ਭਾਰਤੀ ਸਾਹਿਤ ਅਕੈਡਮੀ ਦਾ ਯੁਵਾ ਐਵਾਰਡ ਪੁਸਤਕ 'ਅੰਮ੍ਰਿਤ ਵੇਲਾ' ਰਾਹੀਂ ਕਵੀ ਪਰਮਵੀਰ ਸਿੰਘ ਦੇ ਹਿੱਸੇ ਆਇਆ ਹੈ।

ਪਿੰਡ ਝੂੰਦਾਂ ਬਾਰੇ ਇਥੇ ਦੇ ਵਸੇਂਦੇ ਆਪਣੀ ਵੱਖ-ਵੱਖ ਰਾਏ ਦੱਸਦੇ ਹਨ। ਕੋਈ ਕਹਿੰਦਾ ਹੈ ਕਿ ਪਿੰਡ ਵਸਣ ਤੋਂ ਪਹਿਲਾਂ ਇਸ ਜਗ੍ਹਾ 'ਤੇ ਦਰੱਖਤਾਂ ਦੇ ਵੱਡੇ-ਵੱਡੇ ਝੁੰਡ ਸਨ। ਮਿਰਗ-ਮਿਰਗੀਆਂ, ਹਿਰਨ ਤੇ ਹੋਰ ਜਾਨਵਰ ਇਨ੍ਹਾਂ ਝੁੰਡਾਂ ਵਿਚ ਹੀ ਰਹਿਣ ਬਸੇਰਾ ਕਰਦੇ ਸਨ। ਕੋਈ ਕਹਿੰਦਾ ਹੈ ਕਿ ਇਹ ਪਿੰਡ ਮੁਸਲਮਾਨ ਝੂੰਡ ਜਾਤੀ ਦੇ ਵਿਅਕਤੀ ਵੱਲੋਂ ਵਸਾਇਆ ਗਿਆ ਸੀ। ਹੌਲੀ-ਹੌਲੀ ਇਸ ਦਾ ਨਾਂਅ ਝੂੰਦਾਂ ਪੈ ਗਿਆ।

ਉੱਘੇ ਸ਼ਾਇਰ ਹਰਿੰਦਰ ਸਿੰਘ ਮਹਿਬੂਬ ਨੇ ਸਾਹਿਤਕ ਪਿੜ ਬੰਨਿਆ। ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲ ਕੇ ਉੱਘੇ ਕਵੀ ਪ੍ਰੋਫੈਸਰ ਗੁਰਤਰਨ ਸਿੰਘ ਨੇ ਸਾਹਿਤ ਦੀ ਪ੍ਰੰਪਰਾ ਨੂੰ ਜਾਰੀ ਰੱਖਿਆ। ਹੁਣ ਉਨ੍ਹਾਂ ਦੀ ਪ੍ਰੇਰਣਾ ਸਦਕਾ ਹੀ ਸਾਹਿਤ ਦੀ ਦੁਨੀਆ ਵਿਚ ਉੱਘੇ ਕਵੀ ਪ੍ਰੋਫੈਸਰ ਪਰਮਵੀਰ ਸਿੰਘ ਝੂੰਦਾਂ ਦਾ ਨਾਂ ਰੌਸ਼ਨ ਕਰ ਰਹੇ ਹਨ। ਇਸੇ ਪਿੰਡ ਦੇ ਵਸਨੀਕ ਰਛਪਾਲ ਸਿੰਘ ਗਿੱਲ ਭਾਸ਼ਾ ਵਿਭਾਗ ਵਿਚ ਡਾਇਰੈਕਟਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ। ਸੁੱਖੀ ਘੁੰਮਣ ਕੈਲੀਫੋਰਨੀਆ ਵਿਖੇ ਡਰਾਈਵਿੰਗ ਸਕੂਲ ਚਲਾ ਰਿਹਾ ਹੈ ਜਦੋਂ ਕਿ ਡਾ. ਸਰਬਜੀਤ ਸਿੰਘ ਸਰਕਾਰੀ ਕਾਲਜ ਮਾਲੇਰਕੋਟਲਾ ਵਿਖੇ ਪੰਜਾਬੀ ਦਾ ਲੈਕਚਰਾਰ ਹੈ।

### ਫੱਤਾ ਮਾਲੋਕਾ

ਪਿੰਡ ਫੱਤਾ ਮਾਲੋਕਾ ਜੋ ਮਾਨਸਾ-ਸਿਰਸਾ ਮੁੱਖ ਸੜਕ 'ਤੇ ਸਥਿਤ ਹੈ, ਕਈ ਸਦੀਆਂ ਪੁਰਾਣਾ ਪਿੰਡ ਹੈ। ਇਸ ਪਿੰਡ ਦੇ ਇਤਿਹਾਸ ਬਾਰੇ ਭਾਵੇਂ ਪੱਕੀ ਲਿਖਤ ਜਾਂ ਨਿਸ਼ਾਨੀ ਤਾਂ ਨਹੀਂ ਹੈ ਪਰ ਚਰਚਾ ਅਨੁਸਾਰ ਇਸ ਪਿੰਡ ਦੀ ਵੱਡੀ ਪੱਤੀ ਮਾਲੋਕੇ ਹੈ ਜਿਸ ਦਾ ਮੁਖੀ ਫੱਤਾ ਦੱਸਿਆ ਜਾਂਦਾ ਹੈ। ਇਸ ਦੇ ਆਧਾਰ 'ਤੇ ਇਸ ਦਾ ਨਾਂਅ ਫੱਤਾ ਮਾਲੋਕਾ ਰੱਖਿਆ ਜਾਪਦਾ ਹੈ। ਚਰਚਾ ਇਹ ਵੀ ਹੈ ਕਿ ਫੱਤਾ ਅਤੇ ਮਾਲੋ 2 ਭਰਾਵਾਂ ਨੇ ਇਸ ਪਿੰਡ ਦੀ ਨੀਂਹ ਰੱਖੀ ਅਤੇ ਉਨ੍ਹਾਂ ਦੇ ਨਾਂਅ 'ਤੇ ਹੀ ਪਿੰਡ ਫੱਤਾ ਮਾਲੋਕਾ ਚਰਚਿਤ ਹੋਇਆ। ਜ਼ਿਲ੍ਹੇ ਦਾ ਇਹ ਵੱਡਾ ਤੇ ਮਸ਼ਹੂਰ ਪਿੰਡ ਹੈ ਜਿਸ ਨੂੰ ਬ੍ਰਹਮ ਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲੇ ਦੇ ਚੇਲੇ ਸੰਤ ਬਾਬਾ ਅਮਰ ਸਿੰਘ

ਕਿਰਤੀ ਦੀ ਚਰਨਛੋਹ ਪ੍ਰਾਪਤ ਹੈ। ਉਨ੍ਹਾਂ ਅੱਧੀ ਸਦੀ ਇਸ ਪਿੰਡ ਵਿਚ ਰਹਿ ਕੇ ਅਨੇਕਾਂ ਹੀ ਵਿਦਿਆਰਥੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਾਠੀ ਅਤੇ ਕਥਾਵਾਚਕ ਬਣਾਇਆ। ਪਿੰਡ ਵਿਚ 3 ਧਾਰਮਿਕ ਡੇਰੇ ਵੀ ਸਥਿਤ ਹਨ। ਮਾਨਸਾ ਤੋਂ 28 ਕਿਲੋਮੀਟਰ, ਸਰਦੂਲਗੜ੍ਹ ਤੋਂ 12 ਅਤੇ ਸਿਰਸਾ ਤੋਂ 40 ਕਿਲੋਮੀਟਰ ’ਤੇ ਵਸੇ ਇਸ ਪਿੰਡ ਦਾ ਜ਼ਿਆਦਾ ਵਿਕਾਸ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਵੱਲੋਂ ਸ. ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਵਿਚ ਹੀ ਹੋਇਆ। ਇਸ ਪਿੰਡ ਵਿਚ ਫੋਕਲ ਪੁਆਇੰਟ, ਸਟੇਟ ਬੈਂਕ ਆਫ਼ ਪਟਿਆਲਾ, ਸਹਿਕਾਰੀ ਬੈਂਕ, ਸਹਿਕਾਰੀ ਸਭਾ, ਸੰਤ ਬਾਬਾ ਮਹੇਸ਼ ਮੁਨੀ ਪੌਲੀਟੈਕਨਿਕ ਕਾਲਜ, ਪ੍ਰਾਇਮਰੀ ਸਿਹਤ ਕੇਂਦਰ, ਪਸ਼ੂ ਹਸਪਤਾਲ, ਜਿੰਮ, ਆਰ. ਓ. ਪਲਾਂਟ, 10+2 ਦਾ ਸਕੂਲ ਜਿਸ ਵਿਚ ਮੈਡੀਕਲ ਅਤੇ ਨਾਨ ਮੈਡੀਕਲ ਦੀ ਪੜ੍ਹਾਈ ਲਈ ਸਾਇੰਸ ਬਲਾਕ ਵੀ ਸਥਿਤ ਹੈ, ਤੋਂ ਇਲਾਵਾ ਐਲੀਮੈਂਟਰੀ ਸਕੂਲ ਤੇ 2 ਨਿੱਜੀ ਸਕੂਲ ਵੀ ਹਨ। ਇਸ ਪਿੰਡ ਦੇ 2 ਆਜ਼ਾਦੀ ਘੁਲਾਟੀਏ ਕੇਹਰ ਸਿੰਘ ਅਤੇ ਮੀਹਾਂ ਸਿੰਘ ਵੀ ਹੋਏ ਹਨ ਜੋ ਹੁਣ ਇਸ ਸੰਸਾਰ ਵਿਚ ਨਹੀਂ ਹਨ। ਇਸ ਪਿੰਡ ਦੀ 6500 ਆਬਾਦੀ ਹੈ, 4800 ਵੋਟ ਅਤੇ 5800 ਕਿੱਲਾ ਰਕਬਾ ਹੈ। ਇਥੋਂ ਦੀ ਜੰਮਪਲ ਗੁਰਮੀਤ ਕੌਰ ਪੁੱਤਰੀ ਬੂਟਾ ਸਿੰਘ ਹੈਂਡਬਾਲ ਦੀ ਕੌਮੀ ਪੱਧਰ ਦੀ ਖਿਡਾਰਨ ਅਤੇ ਲਖਵਿੰਦਰ ਸਿੰਘ ਲੱਖੀ ਪਹਿਲਵਾਨਾਂ ਦੀ ਦੁਨੀਆ ਵਿਚ ਮਸ਼ਹੂਰ ਹਨ। ਇਸ ਪਿੰਡ ਦੇ ਜ਼ਿਆਦਾਤਰ ਨੌਜਵਾਨ (ਲਗਭਗ 125) ਫ਼ੌਜ ਵਿਚ ਸੇਵਾ ਕਰ ਰਹੇ ਹਨ, 40 ਦੇ ਕਰੀਬ ਪੁਲਿਸ ਤੋਂ ਇਲਾਵਾ ਹੋਰ ਮਹਿਕਮਿਆਂ ਵਿਚ ਵੀ ਕੰਮ ਕਰ ਰਹੇ ਹਨ। ਪਿੰਡ ਦੇ ਮੌਜੂਦਾ ਸਰਪੰਚ ਲੀਲਾ ਸਿੰਘ ਹਨ। ਪਿੰਡ ਵਿਚ 2 ਕਲੱਬ ਖੇਡਾਂ ਅਤੇ ਸਮਾਜਿਕ ਗਤੀਵਿਧੀਆਂ ਵਿਚ ਯੋਗਦਾਨ ਪਾ ਰਹੇ ਹਨ।

ਇਨ੍ਹਾਂ ਪਿੰਡਾਂ ਵਿਚ ਵਸਦੇ 'ਅਜੀਤ' ਦੇ ਪਾਠਕਾਂ ਨੇ ਨਾ ਸਿਰਫ਼ ਬੇਬਾਕੀ ਨਾਲ ਪ੍ਰਸ਼ਨਾਵਲੀ ਦੇ ਜਵਾਬ ਹੀ ਦਿੱਤੇ ਹਨ, ਸਗੋਂ ਆਖ਼ਰੀ ਕਾਲਮ ਵਿਚ ਪੁੱਛੇ 'ਅਜੀਤ' ਅਖ਼ਬਾਰ ਸੰਬੰਧੀ ਸੁਝਾਵਾਂ ਬਾਰੇ ਆਪਣੀ ਰਾਏ ਨੂੰ ਵੀ ਬਹੁਤ ਖੁੱਲ੍ਹਦਿਲੀ ਅਤੇ ਨਿਰਪੱਖਤਾ ਨਾਲ ਉਜਾਗਰ ਕੀਤਾ। 'ਅਜੀਤ' ਵਿਚ ਛਪਦੇ ਵੱਖ-ਵੱਖ ਕਾਲਮਾਂ ਬਾਰੇ ਤਿੰਨਾਂ ਹੀ ਖਿੱਤਿਆਂ ਦੇ ਪਾਠਕਾਂ ਨੇ ਆਪਣੇ ਵਿਚਾਰ ਕੁਝ ਇਸ ਤਰ੍ਹਾਂ ਪ੍ਰਗਟ ਕੀਤੀ।

## ਮਨਪਸੰਦ ਕਾਲਮ

| ਖੇਤਰ | 1 | 2 | 3 | 4 | 5 | 6 | 7 | 8 | 9 | 10 | 11 | 12 | 13 |
|---|---|---|---|---|---|---|---|---|---|---|---|---|---|
| ਮਾਝਾ | ਖੇਤੀਬਾੜੀ | ਵਪਾਰਕ | ਸੰਪਾਦਕੀ ਪੰਨਾ | ਸਿੱਖਿਆ ਸੰਬੰਧੀ | ਰਾਜਸੀ | ਦੇਸ਼ ਵਿਦੇਸ਼ | ਨਾਰੀ ਸੰਸਾਰ | ਸਿਹਤ ਸੰਭਾਲ | ਬਾਲ ਸੰਸਾਰ | ਖੇਡ ਪੰਨਾ | ਮਨੋਰੰਜਨ | ਧਰਮ ਤੇ ਵਿਰਸਾ | ਅਜੀਤ ਮੈਗਜ਼ੀਨ |
| ਦੁਆਬਾ | ਸਿੱਖਿਆ ਸੰਬੰਧੀ | ਸੰਪਾਦਕੀ ਪੰਨਾ | ਨਾਰੀ ਸੰਸਾਰ | ਰਾਜਸੀ | ਸਿਹਤ ਸੰਭਾਲ | ਖੇਡ ਪੰਨਾ | ਵਪਾਰਕ | ਖੇਤੀਬਾੜੀ | ਧਰਮ ਤੇ ਵਿਰਸਾ | ਮਨੋਰੰਜਨ | ਅਜੀਤ ਮੈਗਜ਼ੀਨ | ਦੇਸ਼ ਵਿਦੇਸ਼ | ਬਾਲ ਸੰਸਾਰ |
| ਮਾਲਵਾ | ਖੇਤੀਬਾੜੀ | ਵਪਾਰਕ | ਸਿਹਤ ਸੰਭਾਲ | ਖੇਡ ਪੰਨਾ | ਦੇਸ਼ ਵਿਦੇਸ਼ | ਨਾਰੀ ਸੰਸਾਰ | ਮਨੋਰੰਜਨ | ਅਜੀਤ ਮੈਗਜ਼ੀਨ | ਦੇਸ਼ ਵਿਦੇਸ਼ | ਬਾਲ ਸੰਸਾਰ | ਧਰਮ ਤੇ ਵਿਰਸਾ | ਸੰਪਾਦਕੀ ਪੰਨਾ | ਸਿੱਖਿਆ ਸੰਬੰਧੀ |

ਇਸ ਦੇ ਨਾਲ ਹੀ ਇਨ੍ਹਾਂ ਪਾਠਕਾਂ ਨੇ ਆਪਣੇ ਮਨਪਸੰਦ ਕਾਲਮ ਨਵੀਸਾਂ ਬਾਰੇ ਵੀ ਆਪਣੀ ਰਾਏ ਬੇਬਾਕੀ ਨਾਲ ਸਾਹਮਣੇ ਲਿਆਂਦੀ। ਇਨ੍ਹਾਂ ਕਾਲਮ ਨਵੀਸਾਂ ਵੱਲੋਂ ਉਠਾਏ ਜਾਂਦੇ ਮਸਲਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਇਨ੍ਹਾਂ ਦੀ ਲਿਖਣ ਸ਼ੈਲੀ ਨੂੰ ਦੇਖਦੇ ਹੋਏ ਪਾਠਕਾਂ ਦੇ ਵਿਆਪਕ ਵਰਗ ਵੱਲੋਂ ਇਨ੍ਹਾਂ ਨੂੰ ਬੇਹੱਦ ਹੁੰਗਾਰਾ ਮਿਲਿਆ ਹੈ।

## ਮਨ ਪਸੰਦ ਕਾਲਮ ਨਵੀਸ

ਡਾ. ਬਰਜਿੰਦਰ ਸਿੰਘ ਹਮਦਰਦ, ਖੁਸ਼ਵੰਤ ਸਿੰਘ, ਗੁਲਜ਼ਾਰ ਸਿੰਘ ਸੰਧੂ, ਕੁਲਦੀਪ ਨਈਅਰ, ਸਤਨਾਮ ਸਿੰਘ ਮਾਣਕ, ਭਗਵੰਤ ਮਾਨ, ਸੀ. ਡੀ. ਕੰਬੋਜ, ਡਾ. ਗਿਆਨ ਸਿੰਘ, ਕੁਲਬੀਰ ਸਿੰਘ ਸੂਰੀ, ਗੋਬਿੰਦ ਠੁਕਰਾਲ, ਲਾਲ ਸਿੰਘ, ਸੁਰਿੰਦਰ ਕਰਮ, ਅਮਰਜੋਤ ਸਿੰਘ ਬਰਾੜ, ਅਮਰੀਕ ਸਿੰਘ ਭਾਗੋਵਾਲੀਆ, ਵਰਿੰਦਰ ਕਪੂਰ, ਜਨਮੇਜਾ ਸਿੰਘ ਜੌਹਲ, ਸੁਸ਼ੀਲ ਦੁਸਾਂਝ, ਕੇ. ਐਲ. ਗਰਗ, ਪ੍ਰਿੰਸੀਪਲ ਸਰਵਨ ਸਿੰਘ, ਰਾਜਿੰਦਰ ਸਿੰਘ ਆਤਿਸ਼, ਜਗਰੂਪ ਸਿੰਘ ਜਾਖੜ, ਭਗਵਾਨ ਦਾਸ, ਸਵਰਨ ਸਿੰਘ ਟਹਿਣਾ, ਗੁਰਦਿਆਲ ਸਿੰਘ ਨਾਵਲਿਸਟ, ਅਵਤਾਰ ਸਿੰਘ ਲਧਾਣਾ, ਜਸਦੇਵ ਮਾਨ, ਅਮਰੀਕ ਤਲਵੰਡੀ, ਡਾ. ਸਰੂਪ ਸਿੰਘ ਅਲੱਗ, ਦਰਬਾਰਾ ਸਿੰਘ ਕਾਹਲੋਂ, ਪਿਆਰਾ ਸਿੰਘ ਭੋਗਲ।

ਇਨ੍ਹਾਂ ਸਾਰੇ ਪਿੰਡਾਂ ਵਿਚ ਕੀਤੇ ਗਏ ਸਰਵੇਖਣ ਅਨੁਸਾਰ, ਪਾਠਕਾਂ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਵੇਖੀਏ ਤਾਂ ਕੁਝ ਇਸ ਤਰ੍ਹਾਂ ਦੀ ਤਸਵੀਰ ਉੱਭਰਦੀ ਹੈ।

## ਮਾਝੇ ਦੇ ਪਿੰਡਾਂ ਵੱਲੋਂ ਦਿੱਤੇ ਗਏ ਸੁਝਾਅ ਇਸ ਪ੍ਰਕਾਰ ਹਨ :-

### ਸੇਖਵਾਂ

— ਸਿੱਖਿਆ-ਸੰਸਾਰ ਅੰਕ ਦੁਬਾਰਾ ਸ਼ੁਰੂ ਕੀਤਾ ਜਾਵੇ। ਜਨਰਲ ਪੰਨੇ ਜਿੰਨੇ ਵੱਧ ਤੋਂ ਵੱਧ ਹੋ ਸਕਦੇ ਹਨ ਵਧੀਆ ਹਨ।

— ਸਨਅਤ ਤੇ ਵਪਾਰ ਪੰਨੇ 'ਤੇ ਸ਼ਿਅਰ ਬਾਜ਼ਾਰ ਅਤੇ ਕਮਰਸ਼ੀਅਲ ਜਾਣਕਾਰੀ ਵਾਲੀਆਂ ਖ਼ਬਰਾਂ ਵਧਾਈਆਂ ਜਾਣ।

— ਨਿਰਪੱਖ ਹੋ ਕੇ ਵੱਧ ਤੋਂ ਵੱਧ ਖ਼ਬਰਾਂ ਲਾਈਆਂ ਜਾਣ।

— ਖੇਤੀਬਾੜੀ ਸੰਬੰਧੀ ਤੇ ਸਹਾਇਕ ਧੰਦਿਆਂ ਬਾਰੇ ਜਾਣਕਾਰੀ ਵੱਧ ਤੋਂ ਵੱਧ ਹੋਣੀ ਚਾਹੀਦੀ ਹੈ।

— 'ਅਜੀਤ' ਅਖ਼ਬਾਰ ਆਮ ਭੂਮਿਕਾ ਅਦਾ ਕਰੇ। ਕਿਸਾਨਾਂ ਤੋਂ ਚੰਗੇ ਸੁਝਾਉ ਮੰਗੋ।

— ਗੁਰਦਾਸਪੁਰ ਦੇ ਕਲਾਕਾਰਾਂ ਨੂੰ ਵੀ ਤਰਜੀਹ ਦਿੱਤੀ ਜਾਵੇ।

— ਲੋਕਾਂ ਨੂੰ ਸਿੱਖੀ ਨਾਲ ਜੋੜਨ ਸੰਬੰਧੀ ਸਮੱਗਰੀ ਹੋਣੀ ਚਾਹੀਦੀ ਹੈ।

— ਸਮਾਜਿਕ ਬੁਰਾਈਆਂ ਬਾਰੇ ਜਾਣਕਾਰੀ ਜ਼ਿਆਦਾ ਹੋਣੀ ਚਾਹੀਦੀ ਹੈ।

— ਵਿਦੇਸ਼ ਜਾਣ ਸੰਬੰਧੀ ਜਾਣਕਾਰੀ ਵੱਧ ਤੋਂ ਵੱਧ ਛਾਪੀ ਜਾਵੇ।

— ਉਸਾਰੂ ਖ਼ਬਰਾਂ ਵੱਧ ਤੋਂ ਵੱਧ ਹੋਣੀਆਂ ਚਾਹੀਦੀਆਂ ਹਨ।

— ਸਿਹਤ ਸੰਬੰਧੀ ਜਾਣਕਾਰੀ ਜ਼ਿਆਦਾ ਤੋਂ ਜ਼ਿਆਦਾ ਹੋਣੀ ਚਾਹੀਦੀ ਹੈ।

— ਖ਼ਬਰਾਂ ਹਮੇਸ਼ਾ ਰਾਜਨੀਤੀ ਤੋਂ ਉੱਪਰ ਹੋ ਕੇ ਲਗਾਈਆਂ ਜਾਣ।

— ਸਿੱਖਿਆ ਸੰਬੰਧੀ ਜ਼ਿਆਦਾ ਸਮੱਗਰੀ ਹੋਣੀ ਚਾਹੀਦੀ ਹੈ।

— ਇੰਗਲਿਸ਼ ਮੀਡੀਅਮ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਨੂੰ ਜ਼ਰੂਰੀ ਵਿਸ਼ੇ ਵਜੋਂ ਲਾਗੂ ਕਰਵਾਉਣ ਵਿਚ ਸਹਿਯੋਗ ਦਿਉ ਕਿਉਂਕਿ ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਨਾ ਹੋਣਾ ਮਾੜੀ ਗੱਲ ਹੈ।

— ਸਮਾਜਿਕ ਬੁਰਾਈਆਂ ਜਿਵੇਂ ਭਰੂਣ ਹੱਤਿਆ, ਨਸ਼ੇ, ਦਾਜ ਆਦਿ ਬਾਰੇ ਹੋਰ ਜ਼ਿਆਦਾ ਛਾਪਣਾ ਚਾਹੀਦਾ ਹੈ।

— ਉਸਾਰੂ ਤੇ ਸੱਚੀਆਂ ਖ਼ਬਰਾਂ ਛਾਪਦੇ ਰਹੋ। ਰਾਜਨੀਤੀ ਤੋਂ ਉੱਪਰ ਹੋ ਕੇ ਖ਼ਬਰਾਂ ਲਾਈਆਂ ਜਾਣ।

— ਪੁਸਤਕ ਰੀਵਿਊ ਵਾਸਤੇ ਬਹੁਤ ਘੱਟ ਜਗ੍ਹਾ ਹੈ।

— ਸਰਕਾਰ ਦੀਆਂ ਸਿੱਖਿਆ ਨੀਤੀਆਂ ਸੰਬੰਧੀ ਜਾਣਕਾਰੀ ਅਖਬਾਰ ਵਿਚ ਛਾਪਦੇ ਰਹੋ।

— ਸਿੱਖਿਆ ਸੰਬੰਧੀ ਜਾਣਕਾਰੀ ਵਿਚ ਕੰਪਿਊਟਰ ਬਾਰੇ ਜਾਣਕਾਰੀ ਹਰ ਹਫ਼ਤੇ ਦਿੱਤੀ ਜਾਵੇ।

— ਗੁਰਦਾਸਪੁਰ ਜ਼ਿਲ੍ਹੇ ਦੇ ਧਾਰਮਿਕ ਅਸਥਾਨਾਂ ਬਾਰੇ ਵੀ ਲੇਖ ਛਾਪੇ ਜਾਣ।

— ਖ਼ਬਰਾਂ ਨਿਰਪੱਖ ਹੋਣੀਆਂ ਚਾਹੀਦੀਆਂ ਹਨ। ਵਿਕਾਸ ਸੰਬਧਿਤ ਖ਼ਬਰਾਂ ਹੋਰ ਜ਼ਿਆਦਾ ਹੋਣੀਆਂ ਚਾਹੀਦੀਆਂ ਹਨ।

## ਸਰਹਾਲੀ ਕਲਾਂ

— ਅਖ਼ਬਾਰ ਜਲਦੀ ਤੋਂ ਜਲਦੀ ਪਹੁੰਚਣਾ ਚਾਹੀਦਾ ਹੈ।

— ਡਾ. ਸਾਧੂ ਸਿੰਘ ਹਮਦਰਦ ਜੀ ਦੇ ਸਮੇਂ ਤੋਂ 'ਅਜੀਤ' ਰਾਜਸੀ ਪੱਖ ਤੋਂ ਨਿਰਪੱਖ ਰਿਹਾ ਹੈ। ਪਰ ਮਹਿਸੂਸ ਕੀਤਾ ਜਾ ਰਿਹਾ ਹੈ ਕਿ 'ਅਜੀਤ' ਨੂੰ ਹੋਰ ਵਧੇਰੇ ਨਿਰਪੱਖ ਹੋਣ ਦੀ ਲੋੜ ਹੈ।

— ਗੁਰੂ ਮਹਾਰਾਜ ਦੀਆਂ ਤਸਵੀਰਾਂ, ਗੁਰਬਾਣੀ ਦੀਆਂ ਤੁਕਾਂ ਅਖ਼ਬਾਰ ਵਿਚ ਨਹੀਂ ਦੇਣੀਆਂ ਚਾਹੀਦੀਆਂ। ਲੋਕ ਇਨ੍ਹਾਂ ਨੂੰ ਪੈਰਾਂ ਵਿਚ ਸੁੱਟਦੇ ਹਨ, ਇਸ ਤਰ੍ਹਾਂ ਬੇਅਦਬੀ ਹੁੰਦੀ ਹੈ।

— 'ਅਜੀਤ' ਅਖ਼ਬਾਰ ਸੰਪੂਰਨ ਅਖਬਾਰ ਹੈ ਅਤੇ ਅਸ਼ਲੀਲਤਾ ਤੋਂ ਰਹਿਤ ਹੈ। ਸਮੇਂ 'ਤੇ ਪਹੁੰਚਦੀ ਕੀਤੀ ਜਾਵੇ। ਸਾਨੂੰ ਅਤਿਅੰਤ ਮਾਣ ਹੈ।

— 'ਅਜੀਤ' ਨੇ ਹੇਠਲੇ ਪੱਧਰ 'ਤੇ ਇਕ ਆਮ ਜਨਤਾ, ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਹੈ।

- ਰੁਜ਼ਗਾਰ ਲਈ ਵੱਧ ਤੋਂ ਵੱਧ ਇਸ਼ਤਿਹਾਰ ਦਿਆ ਕਰੋ।
- ਸਿੱਖਿਆ ਅਤੇ ਸਿਹਤ ਸੰਬੰਧੀ ਹੋਰ ਜਾਣਕਾਰੀ ਦਿੱਤੀ ਜਾਵੇ।
- ਬੱਚਿਆਂ ਲਈ ਵੱਧ ਤੋਂ ਵੱਧ ਆਮ ਜਾਣਕਾਰੀ ਬਾਰੇ ਛਾਪਿਆ ਜਾਵੇ।
- ਪੇਂਡੂ ਇਲਾਕੇ ਦੀਆਂ ਖ਼ਬਰਾਂ ਨੂੰ ਪਹਿਲ ਦੇਣੀ ਚਾਹੀਦੀ ਹੈ।
- ਖੇਤੀਬਾੜੀ ਸੰਬੰਧੀ ਵੱਖਰਾ ਕਾਲਮ ਸ਼ੁਰੂ ਕੀਤਾ ਜਾਵੇ।
- ਗ਼ਰੀਬ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਉਪਰਾਲੇ ਕੀਤੇ ਜਾਣ।
- ਖ਼ਬਰਾਂ ਸੱਚੀਆਂ ਹੋਣੀਆਂ ਚਾਹੀਦੀਆਂ ਹਨ। ਪੱਤਰਕਾਰ ਪੜ੍ਹੇ-ਲਿਖੇ ਹੋਣੇ ਚਾਹੀਦੇ ਹਨ।
- ਲੋਕਾਂ ਦੀਆਂ ਸਮੱਸਿਆਵਾਂ ਸਰਕਾਰ ਤੱਕ ਪਹੁੰਚਾਈਆਂ ਜਾਣ।
- ਅਖ਼ਬਾਰ ਰੰਗਦਾਰ ਹੋਣੀ ਚਾਹੀਦੀ ਹੈ।

**ਕਾਲਾ ਅਫ਼ਗਾਨਾ**

- ਬਾਲ ਸੰਸਾਰ ਐਤਵਾਰ ਵੀ ਹੋਣਾ ਚਾਹੀਦਾ ਹੈ।
- 'ਅਜੀਤ' ਵਿਚ ਸਾਨੂੰ ਗੁਰੂ ਸਾਹਿਬਾਨਾਂ ਦੀਆਂ ਤਸਵੀਰਾਂ ਨਹੀਂ ਛਾਪਣੀਆਂ ਚਾਹੀਦੀਆਂ।
- ਬੱਚਿਆਂ ਲਈ ਵੱਧ ਤੋਂ ਵੱਧ ਆਮ ਜਾਣਕਾਰੀ ਸੰਬੰਧੀ ਲੇਖ ਛਾਪੇ ਜਾਣ।
- ਸਿੱਖਿਆ ਸੰਬੰਧੀ ਦਿੱਤੀਆਂ ਜਾਣ ਵਾਲੀਆਂ ਖ਼ਬਰਾਂ ਹੋਰ ਵਿਸਥਾਰ ਨਾਲ ਚਾਹੀਦੀਆਂ ਹਨ।
- ਖੇਤੀਬਾੜੀ ਨਾਲ ਸੰਬੰਧਿਤ ਸਮੱਗਰੀ ਵੱਧ ਤੋਂ ਵੱਧ ਛਾਪੀ ਜਾਵੇ।
- ਜਨਰਲ ਪੰਨੇ ਵਧਾਏ ਜਾਣ।
- ਪੱਖਪਾਤ ਤੋਂ ਦੂਰ ਰਹੋ, ਨਿਧੜਕ ਹੋ ਕੇ ਸਭ ਦੇ ਫੋਲੜੇ ਫੋਲੋ।
- ਵਿਕਾਸਮਈ ਖ਼ਬਰਾਂ ਹੋਰ ਚਾਹੀਦੀਆਂ ਹਨ।
- ਇਲਾਕੇ ਦੀਆਂ ਖ਼ਬਰਾਂ ਵਧੇਰੇ ਲੱਗਣੀਆਂ ਚਾਹੀਦੀਆਂ ਹਨ।
- ਮੌਸਮ ਸੰਬੰਧੀ ਜਾਣਕਾਰੀ ਵੀ ਹੋਣੀ ਚਾਹੀਦੀ ਹੈ।
- ਖੇਤੀਬਾੜੀ ਸੰਬੰਧੀ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਿਲਾਂ ਨੂੰ ਸਰਕਾਰ ਤੱਕ ਪਹੁੰਚਾਉਣ ਲਈ ਆਵਾਜ਼ ਹੋਰ ਬੁਲੰਦ ਕਰਨ ਦੀ ਲੋੜ ਹੈ।

**ਵੀਲਾ ਤੇਜਾ**

— ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਮਿਲਦੀ ਹੈ।

— ਘਟੀਆ ਰਾਜਨੀਤੀ ਅਤੇ ਨਸ਼ਿਆਂ ਬਾਰੇ ਲਿਖਿਆ ਜਾਵੇ।

— ਅਖ਼ਬਾਰ ਆਪਣੇ ਕਿਰਦਾਰ ਦਾ ਅਕਸ ਸਾਫ਼-ਸੁਥਰਾ ਰੱਖੇ। ਪੱਤਰਕਾਰੀ ਨਿਰੋਲ ਹੋਵੇ ਜਿਸ ਤੋਂ ਪਾਠਕ ਸੰਤੁਸ਼ਟ ਹੋਣ ਅਤੇ ਲੋਕਾਂ ਦੀਆਂ ਦਰਪੇਸ਼ ਮੁਸ਼ਕਿਲਾਂ ਦੀ ਆਵਾਜ਼ ਸੰਬੰਧਿਤ ਸਰਕਾਰਾਂ ਕੋਲ ਪਹੁੰਚਾਉਣ ਦੀ ਲੋੜ।

— ਨਵੀਆਂ ਖੇਤੀਬਾੜੀ ਤਕਨੀਕਾਂ ਬਾਰੇ ਜਾਣਕਾਰੀ ਹੋਰ ਵੱਧ ਦਿੱਤੀ ਜਾਵੇ।

— ਇਸਤਰੀਆਂ ਸੰਬੰਧੀ ਰੁਜ਼ਗਾਰ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ।

— ਭਰੂਣ ਹੱਤਿਆ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ।

— ਸਹਾਇਕ ਧੰਦਿਆਂ ਸੰਬੰਧੀ ਜਾਣਕਾਰੀ ਦਿੱਤੀ ਜਾਵੇ।

**ਦੁਆਬਾ ਖੇਤਰ ਦੇ ਪਿੰਡਾਂ ਵਿਚੋਂ ਆਏ ਸੁਝਾਅ :-**

**ਜੰਡਿਆਲਾ ਮੰਜਕੀ**

— ਪਿੰਡਾਂ ਵਾਸਤੇ ਵਿਸ਼ੇਸ਼ ਤੌਰ ’ਤੇ ਫੀਚਰ ਲਿਖਿਆ ਜਾਵੇ। ਲੋਕਲ ਅਡੀਸ਼ਨ ਦੀ ਜਗ੍ਹਾ ’ਤੇ ਸਮੁੱਚੀ ਅਖ਼ਬਾਰ ਵਿਚ ਸਾਰੇ ਪੰਜਾਬ, ਦੇਸ਼-ਵਿਦੇਸ਼ ਦੀਆਂ ਖ਼ਬਰਾਂ ਹੋਣੀਆਂ ਚਾਹੀਦੀਆਂ ਹਨ।

— ਪਿੰਡ ਦੀਆਂ ਸਮੱਸਿਆਵਾਂ ਨੂੰ ਗਹਿਰਾਈ ਨਾਲ ਦੱਸਿਆ ਜਾਵੇ ਤਾਂ ਜੋ ਪਿੰਡਾਂ ਦਾ ਵਿਕਾਸ ਹੋ ਸਕੇ।

— ‘ਅਜੀਤ’ ਨੂੰ ਨਿਰਪੱਖ ਹੋਣਾ ਚਾਹੀਦਾ ਹੈ।

— ਪ੍ਰਾਈਵੇਟ ਸਕੂਲ ਅਧਿਆਪਕਾਂ ਦੇ ਹੱਕ ਵਿਚ ਵੀ ਕੁਝ ਲਿਖਿਆ ਕਰੋ।

— ਸਿਹਤ ਸੁਝਾਊ ਅਤੇ ਵਿਦਿਆਰਥੀਆਂ ਦੇ ਕੈਰੀਅਰ ਬਾਰੇ ਗਾਈਡੈਂਸ ਦਿੱਤੀ ਜਾਵੇ।

— ਸਮਾਜ ਵਿਚ ਆ ਰਹੀ ਸੱਭਿਆਚਾਰਕ ਗਿਰਾਵਟ ਨੂੰ ਦੂਰ ਕਰਨ ਲਈ ਵੱਧ ਤੋਂ ਵੱਧ ਆਵਾਜ਼ ਉਠਾਈ ਜਾਵੇ।

— ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿਚ ਅਖ਼ਬਾਰ ਬਿਨਾਂ ਕਿਸੇ ਲਾਗਤ ਤੋਂ ਪਹੁੰਚਾਈ ਜਾਵੇ ਤਾਂ ਜੋ ਬੱਚਿਆਂ ਵਿਚ ਪੜ੍ਹਨ ਦੀ ਰੁਚੀ ਪੈਦਾ ਹੋਵੇ।

— ਨਵੀਆਂ ਵਿਗਿਆਨਕ ਖੋਜਾਂ ਬਾਰੇ ‘ਅਜੀਤ’ ਵਿਚ ਜ਼ਿਆਦਾ ਤੋਂ ਜ਼ਿਆਦਾ ਛਾਪਿਆ ਜਾਵੇ।

— ਪ੍ਰਾਈਵੇਟ ਅਤੇ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਵਿਚ ਫਰਕ ਨੂੰ ਸੰਪਾਦਕੀ ਆਵਾਜ਼ ਰਾਹੀਂ ਉਜਾਗਰ ਕੀਤਾ ਜਾਵੇ।

— ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੰਨੇ 'ਤੇ ਇਸ਼ਤਿਹਾਰ ਘੱਟ ਕੀਤੇ ਜਾਣ।

— ਪੇਂਡੂ ਖੇਤਰ ਦੇ ਲੋਕਾਂ ਬਾਰੇ ਵੱਧ ਤੋਂ ਵੱਧ ਲਿਖਿਆ ਕਰੋ।

— ਰਸੋਈ ਦੀ ਨਵੀਂ ਤੋਂ ਨਵੀਂ ਜਾਣਕਾਰੀ ਦਿੱਤੀ ਜਾਵੇ।

— ਛੋਟੇ ਕਾਰੋਬਾਰਾਂ ਸੰਬੰਧੀ ਲਿਖਿਆ ਜਾਵੇ।

— ਪੁਰਸਕਾਰ ਜੇਤੂ ਅਤੇ ਆਪਣੇ ਤੌਰ 'ਤੇ ਵਧੀਆ ਸਮਾਜਿਕ ਕੰਮ ਕਰਨ ਵਾਲੇ ਅਧਿਆਪਕਾਂ ਬਾਰੇ ਲੇਖ ਛਾਪੇ ਜਾਣ।

— ਪੰਜਾਬ ਦੇ ਪਾਣੀ ਦੀ ਸੰਭਾਲ ਕਿਸ ਤਰ੍ਹਾਂ ਕੀਤੀ ਜਾਵੇ ਉਸ ਸਬੰਧੀ ਹੋਰ ਵਧੇਰੇ ਛਾਪਿਆ ਜਾਵੇ।

**ਮਾਹਲ ਗਹਿਲਾ**

— 'ਅਜੀਤ' ਅਖਬਾਰ ਹੁਣ ਤੱਕ ਜਿਸ ਤਰ੍ਹਾਂ ਵਿਕਾਸ ਦੀਆਂ ਖ਼ਬਰਾਂ ਦੇ ਕੇ ਸੰਤੁਸ਼ਟ ਕੀਤਾ ਹੈ ਜਾਰੀ ਰੱਖਣਗੇ।

— ਨਾਰੀ ਸੰਸਾਰ ਅਤੇ ਬਾਲ ਸੰਸਾਰ ਅੰਕ ਬਹੁਤ ਵਧੀਆ ਹਨ। ਇਨ੍ਹਾਂ ਵਿਚ ਹੋਰ ਵੀ ਸੁਧਾਰ ਕਰਕੇ ਵਧੀਆ ਬਣਾਇਆ ਜਾਵੇ।

— ਖੇਤੀਬਾੜੀ ਸਬੰਧੀ ਹੋਰ ਵੀ ਜਾਣਕਾਰੀ ਹੋਣੀ ਚਾਹੀਦੀ ਹੈ।

— 'ਅਜੀਤ' ਵਿਚ ਪਿੰਡਾਂ ਦੇ ਵਿਕਾਸ ਸਬੰਧੀ ਹੋਰ ਵੀ ਜਾਣਕਾਰੀ ਦਿੱਤੀ ਜਾਵੇ।

— ਔਰਤਾਂ ਦੇ ਵਿਕਾਸ ਲਈ 'ਅਜੀਤ' ਅਖ਼ਬਾਰ ਨੂੰ ਹੋਰ ਉਪਰਾਲੇ ਕਰਨੇ ਚਾਹੀਦੇ ਹਨ।

— ਅੰਤਰਰਾਸ਼ਟਰੀ ਖ਼ਬਰਾਂ ਅਤੇ ਆਰਟੀਕਲ ਜ਼ਿਆਦਾ ਤੋਂ ਜ਼ਿਆਦਾ ਹੋਣੇ ਚਾਹੀਦੇ ਹਨ।

— ਸ਼ੇਅਰ ਬਾਜ਼ਾਰ ਬਾਰੇ ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀ ਛਾਪੀ ਜਾਵੇ।

— ਧਾਰਮਿਕ ਲੇਖ ਵੱਧ ਤੋਂ ਵੱਧ ਛਾਪੇ ਜਾਣ।

— ਨਵੀਆਂ ਖੇਤੀ ਤਕਨੀਕਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਦਿੱਤੀ ਜਾਵੇ।

— ਵੱਧ ਤੋਂ ਵੱਧ ਦਿਲਚਸਪ ਸਮੱਗਰੀ ਛਾਪੀ ਜਾਵੇ।

— ਵੱਧ ਰਹੀਆਂ ਬਿਮਾਰੀਆਂ ਦੇ ਇਲਾਜ ਲਈ ਵੱਧ ਤੋਂ ਵੱਧ ਕਦਮ ਉਠਾਏ ਜਾਣੇ ਚਾਹੀਦੇ ਹਨ ਅਤੇ ਵਧੇਰੇ ਜਾਣਕਾਰੀ ਹੋਣੀ ਚਾਹੀਦੀ ਹੈ।

— ਜਿਸ ਤਰ੍ਹਾਂ 'ਅਜੀਤ' ਅਖ਼ਬਾਰ ਨੇ ਹੁਣ ਤੱਕ ਪੰਜਾਬ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਇਆ ਹੈ, ਇਹ ਜਾਰੀ ਰਹਿਣਾ ਚਾਹੀਦਾ ਹੈ।

— ਪਿੰਡਾਂ ਦੀਆਂ ਪੰਚਾਇਤਾਂ ਲਈ ਜ਼ਰੂਰੀ ਲੇਖ ਹੋਣੇ ਚਾਹੀਦੇ ਹਨ ਕਿ ਉਹ ਪਿੰਡਾਂ ਦਾ ਵਿਕਾਸ ਕਿਸ ਤਰ੍ਹਾਂ ਕਰਨ।

**ਲਧਾਣਾ ਉੱਚਾ**

— ਔਰਤਾਂ ਦੇ ਵਿਕਾਸ ਅਤੇ ਨਵੀਆਂ ਨੌਕਰੀਆਂ ਸੰਬੰਧੀ ਜਾਣਕਾਰੀ ਜ਼ਿਆਦਾ ਹੋਣੀ ਚਾਹੀਦੀ ਹੈ।

— ਸਿੱਖਿਆ ਵਿਭਾਗ ਨਾਲ ਸੰਬੰਧਿਤ ਵੱਧ ਤੋਂ ਵੱਧ ਖ਼ਬਰਾਂ ਦਿੱਤੀਆਂ ਜਾਣ।

— ਪੇਂਡੂ ਖੇਡਾਂ ਨਾਲ ਸੰਬੰਧਿਤ ਖ਼ਬਰਾਂ ਵੱਧ ਤੋਂ ਵੱਧ ਛਾਪੀਆਂ ਜਾਣ।

— ਰੁਜ਼ਗਾਰ ਸੰਬੰਧੀ ਯੋਜਨਾਵਾਂ ਬਾਰੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰੋ।

— ਭਰੂਣ ਹੱਤਿਆ, ਨਸ਼ਿਆਂ ਸੰਬੰਧੀ ਵਧੇਰੇ ਜਾਣਕਾਰੀ ਦਿੱਤੀ ਜਾਵੇ, ਗ਼ਰੀਬਾਂ ਦੀ ਆਵਾਜ਼ ਨੂੰ ਹੋਰ ਬੁਲੰਦ ਕੀਤਾ ਜਾਵੇ।

— ਅਖ਼ਬਾਰ ਵਿਚ ਸਨਅਤ ਵਪਾਰ, ਬੱਚਿਆਂ ਲਈ, ਸਮਾਜਿਕ ਬੁਰਾਈਆਂ ਲਈ ਜ਼ਿਆਦਾ ਜਾਣਕਾਰੀ ਹੋਵੇ।

**ਮਾਲਵਾ ਖੇਤਰ ਦੇ ਪਿੰਡਾਂ ਵਿਚਲੇ ਪਾਠਕਾਂ ਵੱਲੋਂ ਦਿੱਤੇ ਗਏ ਸੁਝਾਅ**

**ਲੌਂਗੋਵਾਲ**

— ਇਸ਼ਤਿਹਾਰ ਜ਼ਿਆਦਾ ਹੁੰਦੇ ਹਨ। ਖੇਤੀਬਾੜੀ ਸੰਬੰਧੀ ਹੋਰ ਜਾਣਕਾਰੀ ਹੋਣੀ ਚਾਹੀਦੀ ਹੈ।

— ਵਾਤਾਵਰਨ ਸਬੰਧੀ ਸਮੱਸਿਆ ਨੂੰ ਹੋਰ ਉਜਾਗਰ ਕਰੋ।

— 'ਅਜੀਤ' ਨੂੰ ਸੈਕੂਲਰ ਸੋਚ ਅਪਣਾਉਣੀ ਚਾਹੀਦੀ ਹੈ।

— ਸਿੱਖਿਆ ਦੇ ਵਿਕਾਸ ਸਬੰਧੀ ਉਪਰਾਲੇ ਕਰੋ। ਸਮੱਸਿਆ ਦੇ ਹੱਲ ਦੀ ਲੋੜ ਹੈ। ਕਿੱਤਾਮੁੱਖੀ ਕਰੋਸਾਂ ਬਾਰੇ ਜਾਣਕਾਰੀ ਦਿਉ।

— ਪੰਜਾਬੀ ਭਾਸ਼ਾ ਵਿਚ ਯੋਗਦਾਨ ਦੀ ਹੋਰ ਲੋੜ ਹੈ।

— ਨੌਕਰੀਆਂ ਸੰਬੰਧੀ ਜਾਣਕਾਰੀ ਹੋਰ ਦਿਉ।

— ਵਿਕਾਸ ਦੇ ਮੁੱਦੇ 'ਤੇ ਜ਼ਿਆਦਾ ਜਾਣਕਾਰੀ ਦਿੱਤੀ ਜਾਵੇ।

— ਮੁੱਖ ਪੰਨੇ ’ਤੇ ਭੋਗ ਦੇ ਇਸ਼ਤਿਹਾਰ ਨਾ ਹੋਣ। ਅਖ਼ਬਾਰ ਪੜ੍ਹਨ ਵੇਲੇ ਹੱਥ ਤੇ ਚਿੱਟੇ ਕੱਪੜੇ ਕਾਲੇ ਹੋ ਜਾਂਦੇ ਹਨ, ਸਿਆਹੀ ਸੁਧਾਰੋ।

— ‘ਅਜੀਤ’ ਵਿਚ ਹੋਰਨਾਂ ਅਖ਼ਬਾਰਾਂ ਦੇ ਮੁਕਾਬਲੇ ਖ਼ਬਰਾਂ ਛੋਟੀਆਂ ਲਗਦੀਆਂ ਹਨ।

— ਵਿਕਾਸ ਸਬੰਧੀ ਯੋਜਨਾਵਾਂ ਨੂੰ ਠੀਕ ਤਰੀਕੇ ਨਾਲ ਪਹੁੰਚਾਓ, ਜਾਗੂਰਕ ਕਰੋ, ਲੋਕਾਂ ਨੂੰ ਆਪਣ ਹੱਕ ਪ੍ਰਤੀ ਜਾਗਰੂਕ ਕਰੋ।

— ਅੰਧ-ਵਿਸ਼ਵਾਸ, ਰੂੜੀਵਾਦੀ, ਜੋਤਿਸ਼ ਵਿਗਿਆਨ ਸਬੰਧੀ ਇਸ਼ਤਿਹਾਰ ਤੇ ਖ਼ਬਰਾਂ ਨਾ ਪ੍ਰਕਾਸ਼ਿਤ ਕਰੋ।

— ਹਿੰਦੂ ਧਰਮ ਦੀਆਂ ਖ਼ਬਰਾਂ ਘੱਟ ਲਗਦੀਆਂ ਹਨ।

— ਸਵਰਗੀ ਸਾਧੂ ਸਿੰਘ ਹਮਦਰਦ ਦੀ ਸੋਚ ’ਤੇ ਪਹਿਰਾ ਦੇਣ ਦੀ ਜ਼ਰੂਰਤ ਹੈ।

— ਜਨਤਕ ਮਸਲਿਆਂ ਬਾਰੇ ਧਿਆਨ ਦੇਣ ਦੀ ਲੋੜ ਹੈ।

— ਨੌਜਵਾਨਾਂ ਨੂੰ ਸਮਾਜਿਕ ਅਲਾਮਤਾਂ ਤੋਂ ਬਚਣ ਲਈ ਉਜਾਗਰ ਕੀਤਾ ਜਾਵੇ। ਵਿਸ਼ੇਸ਼ ਪੰਨਾ ਸ਼ੁਰੂ ਕਰੋ।

**ਝੂੰਦਾਂ - ਅਮਰਗੜ੍ਹ**

— ਦੇਸੀ ਇਲਾਜ ਬਾਰੇ ਵੱਧ ਤੋਂ ਵੱਧ ਲੇਖ ਛਾਪੇ ਜਾਣ।

— ਖੇਤ ਮਜ਼ਦੂਰਾਂ ਦੀ ਹਾਲਤ ਸੁਧਾਰਨ ਬਾਰੇ ਲੇਖ ਲਿਖੇ ਜਾਣ।

— ਖੇਤੀਬਾੜੀ ਮਾਹਿਰਾਂ ਦੀਆਂ ਲਿਖਤਾਂ ਛਾਪੀਆਂ ਜਾਣ।

— ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਦੀਆਂ ਜੀਵਨੀਆਂ ਛਾਪੀਆਂ ਜਾਣ।

— ਸਿਹਤ ਸਬੰਧੀ ਲੇਖ ਛਾਪੇ ਜਾਣ।

— ਕਿਸੇ ਸਕੂਲ ਦੇ ਮੁੱਖ ਅਧਿਆਪਕ ਦੇ ਦਸਖਤਾਂ (ਮੋਹਰ) ਹੇਠ ਭੇਜੀ ਸਕੂਲ ਦੀ ਕਿਸੇ ਸਮੱਗਰੀ ਬਾਰੇ ਖ਼ਬਰ ਨੂੰ ਛਾਪਿਆ ਜਾਵੇ।

— ਪੰਜਾਬੀ ਲੇਖਕਾਂ ਦੀਆਂ ਜੀਵਨੀਆਂ ਅਤੇ ਸਵੈ ਜੀਵਨੀਆਂ ਛਾਪੀਆਂ ਜਾਣ।

— ਹਰ ਇਕ ਪਿੰਡ ਦੀ ਡਾਇਰੀ ਛਾਪੀ ਜਾਵੇ ਤਾਂ ਜੋ ਪਿੰਡਾਂ ਦੇ ਵਿਕਾਸ ਦਾ ਅਤੇ ਘਾਟਾਂ ਦਾ ਸਰਕਾਰ ਨੂੰ ਪਤਾ ਲੱਗ ਸਕੇ।

— ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਵਿਦਵਾਨਾਂ ਦੇ ਲੇਖ ਵੱਧ ਤੋਂ ਵੱਧ ਛਾਪੇ ਜਾਣ।

**ਫੱਤਾਮਾਲੋਕੇ**

— ਖ਼ਬਰਾਂ ਦੀ ਕਵਰੇਜ ਵਧਾਈ ਜਾਵੇ।

— ਵਿਦਿਆਰਥੀਆਂ ਵਾਸਤੇ ਰੁਜ਼ਗਾਰ ਕਾਲਮ ਹੋਣਾ ਚਾਹੀਦਾ ਹੈ।

— ਕਈ ਵਾਰੀ ਇਸ਼ਤਿਹਾਰ ਜ਼ਿਆਦਾ ਹੁੰਦੇ ਹਨ, ਕ੍ਰਿਪਾ ਕਰਕੇ ਖ਼ਬਰਾਂ ਨੂੰ ਪ੍ਰਮੁੱਖਤਾ ਦਿਉ।

— ਸਰਕਾਰ ਵੱਲੋਂ ਵਿਦਿਆਰਥੀਆਂ ਲਈ ਅਤੇ ਵੱਖ-ਵੱਖ ਕੋਰਸਾਂ ਲਈ ਵਜ਼ੀਫੇ ਸੰਬੰਧੀ ਜਾਣਕਾਰੀ ਦਿੱਤੀ ਜਾਵੇ।

— ਦੇਸੀ ਇਲਾਜ ਬਾਰੇ ਵੱਧ ਤੋਂ ਵੱਧ ਛਾਪਿਆ ਜਾਵੇ।

— ਖੇਤ ਮਜ਼ਦੂਰਾਂ ਦੀ ਹਾਲਤ ਸੁਧਾਰਨ ਬਾਰੇ ਵੱਧ ਤੋਂ ਵੱਧ ਲੇਖ ਛਾਪੇ ਜਾਣ।

— ਖੇਤੀਬਾੜੀ ਮਾਹਿਰਾਂ ਦੀਆਂ ਲਿਖਤਾਂ ਛਾਪੀਆਂ ਜਾਣ।


— ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਦੀਆਂ ਜੀਵਨੀਆਂ ਛਾਪੀਆਂ ਜਾਣ।

— ਸਕੂਲਾਂ ਦੀਆਂ ਸਰਗਰਮੀਆਂ ਨੂੰ ਛਾਪਿਆ ਜਾਵੇ।

— ਪੰਜਾਬੀ ਲੇਖਕਾਂ ਦੀਆਂ ਜੀਵਨੀਆਂ ਅਤੇ ਸਵੈ-ਜੀਵਨੀਆਂ ਛਾਪੀਆਂ ਜਾਣ।


— ਹਰੇਕ ਪਿੰਡਾਂ ਦੀ ਡਾਇਰੀ ਛਾਪੀ ਜਾਵੇ ਤਾਂ ਜੋ ਪਿੰਡਾਂ ਦੇ ਵਿਕਾਸ ਅਤੇ ਘਾਟੇ ਬਾਰੇ ਸਰਕਾਰ ਨੂੰ ਪਤਾ ਲੱਗ ਸਕੇ।

ਪੰਜਾਬ ਦੇ ਤਿੰਨਾਂ ਹੀ ਖੇਤਰਾਂ ਦੇ ਪਾਠਕਾਂ ਨੇ ਉਨ੍ਹਾਂ ਨੂੰ ਦਿੱਤੀ ਗਈ ਪ੍ਰਸ਼ਨਾਵਲੀ ਦੇ ਜੋ ਜਵਾਬ ਦਿੱਤੇ ਉਨ੍ਹਾਂ ਨੂੰ ਸੂਤਰਬੱਧ ਕਰਨ ਉਪਰੰਤ ਜੋ ਨਤੀਜੇ ਨਿਕਲੇ ਉਨ੍ਹਾਂ ਨੂੰ ਪ੍ਰਤੀਸ਼ਤ ਦੇ ਹਿਸਾਬ ਨਾਲ ਤਾਲਿਕਾਵਾਂ ਰਾਹੀਂ ਸਮਝਣ ਦੀ ਜ਼ਰੂਰਤ ਹੈ :-





ਤਾਲਿਕਾ : 1.1

ਤਾਲਿਕਾ 1.1 ਦਰਸਾਉਂਦੀ ਹੈ ਕਿ ਪਾਠਕਾਂ ਦੀ ਵਧੇਰੇ ਰੁਚੀ ਰਾਜਸੀ, ਮਨੋਰੰਜਨ, ਵਿਕਾਸ, ਖੇਡਾਂ, ਸਿੱਖਿਆ, ਸਿਹਤ ਅਤੇ ਸੱਭਿਆਚਾਰ ਨਾਲ ਸਬੰਧਿਤ ਖ਼ਬਰਾਂ ਪੜ੍ਹਨ ਵਿਚ ਹੈ।





ਤਾਲਿਕਾ : 1.2

ਤਾਲਿਕਾ 1.2 ਤੋਂ ਇਹ ਸਪੱਸ਼ਟ ਹੁੰਦਾ ਹੈ ਕਿ 53% ਪਾਠਕ ਸੰਪਾਦਕੀ ਪੰਨਾ ਰੋਜ਼ ਪੜ੍ਹਦੇ ਹਨ ਜਦ ਕਿ 43% ਲੋਕ ਕਦੇ ਕਦੇ ਸੰਪਾਦਕੀ ਪੰਨਾ ਪੜ੍ਹਦੇ ਹਨ। ਕੇਵਲ 4% ਲੋਕ ਅਜਿਹੇ ਹਨ ਜੋ ਕਿ ਸੰਪਾਦਕੀ ਪੰਨਾ ਨਹੀਂ ਪੜ੍ਹਦੇ। ਸੰਪਾਦਕੀ ਪੰਨਾ ਨਾ ਪੜ੍ਹਨ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਅਸੀਂ ਇਸ ਨੂੰ ਨਾ-ਮਾਤਰ ਮੰਨਦੇ ਹਾਂ। ਸੰਪਾਦਕੀ ਪੰਨਾ ਵਿਕਾਸ ਨਾਲ ਜੁੜੇ ਮਹੱਤਵਪੂਰਨ ਪਹਿਲੂਆਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਸੰਪਾਦਕੀ ਪੰਨੇ ਦਾ ਮੁੱਖ ਉਦੇਸ਼ ਇਕ ਸੋਚ ਨੂੰ ਉਜਾਗਰ ਕਰਦਾ ਹੈ। ਇਹ ਸੋਚ ਹੀ ਵਿਕਾਸ ਕਾਰਜਾਂ ਨੂੰ ਉਤਸਾਹਿਤ ਕਰਦੀ ਹੈ।





ਤਾਲਿਕਾ : 1.3

ਤਾਲਿਕਾ 1.3 ਤੋਂ ਇਹ ਗਿਆਤ ਹੁੰਦਾ ਹੈ, ਤਕਰੀਬਨ 40% ਪਾਠਕ ਵਿਕਾਸਮਈ ਸੰਪਾਦਕੀ ਪੜ੍ਹਨਾ ਪਸੰਦ ਕਰਦੇ ਹਨ। 28% ਪਾਠਕ ਰਾਜਸੀ ਸੰਪਾਦਕੀ ਪੜ੍ਹਨਾ ਪਸੰਦ ਕਰਦੇ ਹਨ ਅਤੇ 27% ਪਾਠਕ ਸਮਾਜਿਕ ਸੰਪਾਦਕੀ ਪੜ੍ਹਨਾ ਪਸੰਦ ਕਰਦੇ ਹਨ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪਿੰਡਾਂ ਵਿਚ ਲੋਕ ਵਿਕਾਸ ਦੇ ਨਾਲ-ਨਾਲ ਰਾਜਸੀ ਅਤੇ ਸਮਾਜਿਕ ਸੰਪਾਦਕੀ ਵਲ ਧਿਆਨ ਦਿੰਦੇ ਹਨ। ਵਿਕਾਸ ਸਿੱਧੇ ਅਤੇ ਅਸਿੱਧੇ ਤੌਰ 'ਤੇ ਰਾਜਸੀ ਅਤੇ ਸਮਾਜਿਕ ਮੁੱਦਿਆਂ ਨਾਲ ਜੁੜਿਆ ਹੁੰਦਾ ਹੈ।





ਤਾਲਿਕਾ : 1.4

ਤਾਲਿਕਾ 1.4 ਦਰਸਾਉਂਦੀ ਹੈ ਕਿ 96% ਪਾਠਕ ਸੰਪਾਦਕੀ ਰਾਹੀਂ ਸੁਝਾਏ ਗਏ ਵਿਕਾਸ ਨੁਕਤਿਆਂ ਤੋਂ ਸੰਤੁਸ਼ਟ ਹਨ। ਵਿਕਾਸ ਨੁਕਤੇ ਨੌਜਵਾਨਾਂ ਨੂੰ ਕਿਸ ਤਰ੍ਹਾਂ ਸਹਾਇਕ ਹੋ ਸਕਦੇ ਹਨ, ਪੰਜਾਬ ਵਿਚ ਨੌਜਵਾਨ ਪੀੜ੍ਹੀ ਦੀ ਸਥਿਤੀ ਕਿਸ ਤਰ੍ਹਾਂ ਦੀ ਹੈ, ਨੌਜਵਾਨਾਂ ਦਾ ਸਾਰਥਿਕ ਹੋਣਾ ਕੀ ਹੈ। ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਕਿਹੜੇ ਕਦਮ ਚੁਕਣੇ ਚਾਹੀਦੇ ਹਨ।





ਤਾਲਿਕਾ : 1.5

ਤਾਲਿਕਾ 1.5 ਤੋਂ ਇਹ ਉਜਾਗਰ ਹੁੰਦਾ ਹੈ ਕਿ 99% ਪਾਠਕ ਵਿਕਾਸਮਈ ਮੁੱਦਿਆਂ ਉੱਤੇ ਜ਼ਿਆਦਾ ਤੋਂ ਜ਼ਿਆਦਾ ਕਵਰੇਜ ਚਾਹੁੰਦੇ ਹਨ। ਖਾਸ ਕਰਕੇ ਪੰਜਾਬ ਦੇ ਪਿੰਡ ਵਧੇਰੇ ਵਿਕਾਸ ’ਤੇ ਧਿਆਨ ਦੇਣ ਲੱਗ ਪਏ ਹਨ। ਲੋਕ ਵੱਧ ਤੋਂ ਵੱਧ ਵਿਕਾਸ ਨਾਲ ਸਬੰਧਿਤ ਮੁੱਦੇ ਜਿਵੇਂ ਰੁਜ਼ਗਾਰ, ਸਿੱਖਿਆ, ਮੁੱਢਲੀਆਂ ਸਿਹਤ ਸਹੂਲਤਾਂ, ਆਵਾਜਾਈ ਦੇ ਸਾਧਨਾਂ ਦੇ ਵਿਸਤਾਰ ਸੰਬੰਧੀ, ਸਮਾਜਿਕ ਕੁਰੀਤੀਆਂ ਜਿਵੇਂ ਕਿ ਦਾਜ ਪ੍ਰਥਾ, ਭਰੂਣ ਹੱਤਿਆ ਆਦਿ ਸੰਬੰਧੀ ਜਾਣਕਾਰੀ ਚਾਹੁੰਦੇ ਹਨ।





ਤਾਲਿਕਾ : 1.6

ਤਾਲਿਕਾ 1.6 ਤੋਂ ਇਹ ਸਪੱਸ਼ਟ ਹੁੰਦਾ ਹੈ ਕਿ 95% ਪਾਠਕ ਪਿੰਡਾਂ ਦੇ ਵਿਕਾਸ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਨ 'ਚ 'ਅਜੀਤ' ਦੀ ਨਿਭਾਈ ਭੂਮਿਕਾ ਤੋਂ ਸੰਤੁਸ਼ਟ ਹਨ।




ਤਾਲਿਕਾ : 1.7

ਤਾਲਿਕਾ 1.7 ਦਰਸਾਉਂਦੀ ਹੈ ਕਿ 93% ਪਾਠਕ ਪਿੰਡਾਂ ਦੇ ਵਿਕਾਸ ਉੱਤੇ ਪਏ ਹਾਂ ਪੱਖੀ ਪ੍ਰਭਾਵ ਜਿਸ ਵਿਚ 'ਅਜੀਤ' ਦੀ ਭੂਮਿਕਾ ਹੈ, ਉਸ ਤੋਂ ਸੰਤੁਸ਼ਟ ਹਨ।





ਤਾਲਿਕਾ : 1.8

ਤਾਲਿਕਾ 1.8 ਦੇ ਅਨੁਸਾਰ 98% ਪਾਠਕਾਂ ਦੇ ਮੁਤਾਬਿਕ ਵਿਕਾਸਮਈ ਯੋਜਨਾਵਾਂ ਦਾ ਗਿਆਨ ਦੇਣ ਵਿਚ 'ਅਜੀਤ' ਦੀ ਭੂਮਿਕਾ ਸੰਤੁਸ਼ਟੀਜਨਕ ਹੈ। ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ ਪਿੰਡਾਂ ਦੇ ਵਿਕਾਸ ਸਬੰਧੀ ਯੋਜਨਾਵਾਂ ਜਿਵੇਂ ਕਿ ਇੰਦਰਾ ਆਵਾਸ ਯੋਜਨਾ, ਨੈਸ਼ਨਲ ਸ਼ੋਸ਼ਲ ਅਸਿਸਟੈਂਸ ਪ੍ਰੋਗਰਾਮ, ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ, ਸਰਵ ਸਿੱਖਿਆ ਅਭਿਆਨ, ਮਿਡ ਡੇ ਮੀਲ, ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਆਦਿ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਯੋਜਨਾਵਾਂ ਕੇਂਦਰ ਸਰਕਾਰ ਵੱਲੋਂ ਸਪਾਂਸਰ ਹੁੰਦੀਆਂ ਹਨ ਜੋ ਕਿ ਰਾਜ ਸਰਕਾਰ ਦੇ ਅਦਾਰਿਆਂ ਦੁਆਰਾ ਲਾਗੂ ਕੀਤੀਆਂ ਜਾਂਦੀਆਂ ਹਨ।

ਸਵਾਲ 10 : ਨਵੀਆਂ ਨੌਕਰੀਆਂ ਸਬੰਧੀ ਜਾਣਕਾਰੀ ਦੇਣ ਵਿਚ 'ਅਜੀਤ' ਦੀ ਭੂਮਿਕਾ ਤੋਂ ਸੰਤੁਸ਼ਟ ਹੋ?

| | |
|---|---|
| ਹਾਂ | 639 |
| ਨਹੀਂ | 23 |
| ਕੁੱਲ | 662 |





ਤਾਲਿਕਾ : 1.9

ਤਾਲਿਕਾ 1.9 ਦੇ ਮੁਤਾਬਿਕ 97% ਪਾਠਕ ਨਵੀਆਂ ਨੌਕਰੀਆਂ ਸੰਬੰਧੀ ਜਾਣਕਾਰੀ ਦੇਣ ਵਿਚ 'ਅਜੀਤ' ਦੀ ਭੂਮਿਕਾ ਤੋਂ ਸੰਤੁਸ਼ਟ ਹਨ। ਰੁਜ਼ਗਾਰ ਕਿਸੇ ਵੀ ਰਾਜ ਅਤੇ ਦੇਸ਼ ਦੀ ਤਰੱਕੀ ਅਤੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ।


ਸਵਾਲ 12 : 'ਸਾਡੇ ਪਿੰਡ ਸਾਡੇ ਖੇਤ' ਅੰਕ ਨੇ ਤੁਹਾਡੀ ਖੇਤੀਬਾੜੀ ਨੂੰ ਨਵੀਂ ਤਕਨਾਲੋਜੀ ਨਾਲ ਜੋੜਨ ਵਿਚ ਕੋਈ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ?

| | |
|---|---|
| ਹਾਂ | 600 |
| ਨਹੀਂ | 11 |
| ਕੁੱਲ | 611 |





ਤਾਲਿਕਾ : 1.10

ਤਾਲਿਕਾ 1.10 ਦੇ ਅਨੁਸਾਰ 98% ਪਾਠਕ 'ਅਜੀਤ' ਦੇ ਅੰਕ 'ਸਾਡੇ ਪਿੰਡ ਸਾਡੇ ਖੇਤ' ਦੁਆਰਾ ਦਿੱਤੀ ਗਈ ਨਵੀਂ ਤਕਨਾਲੋਜੀ ਨਾਲ ਜੋੜਨ ਵਿਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਪੰਜਾਬ ਨੂੰ ਹਿੰਦੁਸਤਾਨ ਦੀ ਬ੍ਰੈਡ ਬਾਸਕਿਟ ਕਿਹਾ ਜਾਂਦਾ ਹੈ। ਅਜੋਕੇ ਸਮੇਂ ਵਿਚ ਵੀ ਪੰਜਾਬ ਆਪਣੇ ਪਿੰਡਾਂ ਅਤੇ ਖੇਤੀਬਾੜੀ ਕਰਕੇ ਹੀ ਜਾਣਿਆ ਜਾਂਦਾ ਹੈ। ਖੇਤੀਬਾੜੀ ਪਿੰਡਾਂ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। 'ਸਾਡੇ ਪਿੰਡ ਸਾਡੇ ਖੇਤ' ਅੰਕ ਵਿਚ ਫਸਲਾਂ ਦੀ ਕਾਸ਼ਤ ਅਤੇ ਇਸ ਵਿਸ਼ੇ ਨਾਲ ਜੁੜੀ ਹਰ ਤਰ੍ਹਾਂ ਦੀ ਜਾਣਕਾਰੀ ਮਿਲਦੀ ਹੈ।





ਤਾਲਿਕਾ : 1.11

ਤਾਲਿਕਾ 1.11 ਦੇ ਵਰਨਣ ਮੁਤਾਬਿਕ 96% ਪਾਠਕ ਖੇਤੀ ਵਿਕਾਸ ਨਾਲ ਸੰਬੰਧਿਤ ਛਪਣ ਵਾਲੀ ਸਮੱਗਰੀ ਤੋਂ ਸੰਤੁਸ਼ਟ ਹਨ। 'ਅਜੀਤ' ਦਾ ਵਿਸ਼ੇਸ਼ ਅੰਕ 'ਸਾਡੇ ਪਿੰਡ ਸਾਡੇ ਖੇਤ' ਖਾਸ ਕਰਕੇ ਖੇਤੀ ਸੰਬੰਧੀ ਵਿਕਾਸ ਦੇ ਮੁੱਦਿਆਂ ਨੂੰ ਉਜਾਗਰ ਕਰਦਾ ਰਿਹਾ ਹੈ। ਇਸ ਅੰਕ ਦੀ ਸਹਾਇਤਾ ਨਾਲ ਨਵੀਆਂ ਜਿਣਸਾਂ, ਨਵੀਆਂ ਤਕਨੀਕਾਂ, ਨਵੀਆਂ ਸੋਧਾਂ ਬਾਰੇ ਪਤਾ ਲੱਗਦਾ ਹੈ।





ਤਾਲਿਕਾ : 1.12

ਤਾਲਿਕਾ 1.12 ਦਰਸਾਉਂਦੀ ਹੈ ਕਿ 92% ਪਾਠਕ 'ਅਜੀਤ' ਦੁਆਰਾ ਕੀਤੀ ਜਾ ਰਹੀ ਸਹਾਇਕ ਧੰਦਿਆਂ ਸੰਬੰਧੀ ਜਾਣਕਾਰੀ ਤੋਂ ਸੰਤੁਸ਼ਟ ਹਨ। 'ਸਾਡੇ ਪਿੰਡ ਸਾਡੇ ਖੇਤ' ਅੰਕ ਵਿਚ ਪ੍ਰਕਾਸ਼ਿਤ ਬਹੁਤ ਸਾਰੇ ਕਾਲਮ ਸਹਾਇਕ ਧੰਦਿਆਂ ਦੀ ਜਾਣਕਾਰੀ ਪ੍ਰਦਾਨ ਕਰਨ ਲਈ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ।





ਤਾਲਿਕਾ : 1.13

ਤਾਲਿਕਾ 1.13 ਦੇ ਅਨੁਸਾਰ 94% ਪਾਠਕ ਔਰਤਾਂ ਨੂੰ ਵਿਕਾਸ ਕਾਰਜਾਂ ਨਾਲ ਜੋੜਨ 'ਚ 'ਅਜੀਤ' ਦੀ ਭੂਮਿਕਾ ਤੋਂ ਸੰਤੁਸ਼ਟ ਹਨ।





ਤਾਲਿਕਾ : 1.14

ਤਾਲਿਕਾ 1.14 ਦੇ ਮੁਤਾਬਿਕ 98% ਪਾਠਕ ਸਿੱਖਿਆ ਸੁਧਾਰਾਂ ਲਈ 'ਅਜੀਤ' ਵੱਲੋਂ ਦਿੱਤੇ ਜਾ ਰਹੇ ਸੁਝਾਵਾਂ ਤੋਂ ਸੰਤੁਸ਼ਟ ਹਨ। 'ਅਜੀਤ' ਦਾ ਸਿੱਖਿਆ ਸੰਬੰਧੀ ਅੰਕ ਇਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।




ਤਾਲਿਕਾ : 1.15

ਤਾਲਿਕਾ 1.15 ਤੋਂ ਵਿਖਿਆਨ ਕੀਤਾ ਜਾ ਸਕਦਾ ਹੈ ਕਿ 99% ਲੋਕਾਂ ਦੇ ਅਨੁਸਾਰ ਉਹ 'ਅਜੀਤ' ਅਖ਼ਬਾਰ ਦੁਆਰਾ ਕੀਤੇ ਜਾ ਰਹੇ ਯਤਨਾਂ ਤੋਂ ਸੰਤੁਸ਼ਟ ਹਨ।




ਤਾਲਿਕਾ : 1.16

ਤਾਲਿਕਾ 1.16 ਦੇ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ 98% ਪਾਠਕ 'ਅਜੀਤ' ਵੱਲੋਂ ਪਿੰਡ ਦੇ ਸਮੁੱਚੇ ਵਿਕਾਸ ਵਿਚ ਪਾਏ ਜਾ ਰਹੇ ਯੋਗਦਾਨ ਤੋਂ ਸੰਤੁਸ਼ਟ ਹਨ।

## ਪਿੰਡਾਂ ਦੇ ਵਿਕਾਸ ਦੀ ਦਸ਼ਾ

**ਪਹਿਲਾਂ ਮਾਝਾ ਖੇਤਰ ਦੇ ਪਿੰਡਾਂ ਨੂੰ ਵੇਖ ਲਈਏ :-**

## ਸੇਖਵਾਂ

ਪਿਛਲੇ ਸਮੇਂ ਵਿਚ ਹੋਏ ਇਨ੍ਹਾਂ ਪਿੰਡਾਂ ਦੇ ਵਿਕਾਸ ਉੱਤੇ ਨਜ਼ਰ ਮਾਰੀਏ ਤਾਂ ਚਾਰ ਹਜ਼ਾਰ ਦੀ ਆਬਾਦੀ ਵਾਲਾ ਪਿੰਡ ਸੇਖਵਾਂ ਤਿੰਨ ਪੰਚਾਇਤੀ ਇਕਾਈਆਂ ਵਿਚ ਵੰਡਿਆ ਹੋਇਆ ਹੈ

1. ਗ੍ਰਾਮ ਪੰਚਾਇਤ ਸੇਖਵਾਂ
2. ਗ੍ਰਾਮ ਪੰਚਾਇਤ ਸੰਤ ਪੱਤੀ
3. ਗ੍ਰਾਮ ਪੰਚਾਇਤ ਨਾਗਰਾ ਪੱਤੀ

ਪੱਕੀਆਂ ਸੜਕਾਂ ਦੀ ਭਰਮਾਰ ਵਾਲਾ ਇਹ ਪਿੰਡ ਬੱਚਿਆਂ ਦੀ ਪੜ੍ਹਾਈ ਲਈ ਸਰਕਾਰੀ ਸਹੂਲਤਾਂ ਨਾਲ ਭਰਪੂਰ ਹੈ। ਪਰ ਮਾਝਾ ਖੇਤਰ ਦਾ ਹੀ ਪਿੰਡ ਸਰਹਾਲੀ ਕਲਾਂ ਵਿਕਾਸ ਦੀ ਦ੍ਰਿਸ਼ਟੀ ਤੋਂ ਵਧੇਰੇ ਪ੍ਰਫੁਲਤ ਪਿੰਡ ਹੈ। ਇਸ ਪਿੰਡ ਵਿਚ ਵਿਦਿਅਕ ਅਦਾਰਿਆਂ ਦੀ ਗਿਣਤੀ ਅੱਠ ਹੈ। ਇਸ ਤੋਂ ਬਿਨਾਂ ਵਿਕਾਸ ਦੇ ਸੂਚਕ ਹੋਰ ਅਦਾਰਿਆਂ ਨੇ ਵੀ ਪਿਛਲੇ ਦਹਾਕੇ ਵਿਚ ਇਸ ਦੀ ਨੁਹਾਰ ਬਦਲ ਦਿੱਤੀ ਹੈ।

## ਸਰਹਾਲੀ ਕਲਾਂ

**ਪਿੰਡ ਸਰਹਾਲੀ ਕਲਾਂ ਵਿਚਲੇ ਵਿਦਿਅਕ ਅਦਾਰੇ**

1. ਬਾਬਾ ਗੁਰਦਿੱਤ ਸਿੰਘ 'ਕਾਮਾਗਾਟਾਮਾਰੂ' ਉਦਯੋਗਿਕ ਸਿਖਲਾਈ ਸੰਸਥਾ
2. ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਸਰਹਾਲੀ
3. ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ (ਲੜਕੀਆਂ)
4. ਗੁਰੂ ਗੋਬਿੰਦ ਸਿੰਘ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ
5. ਸਰਕਾਰੀ ਐਲੀਮੈਂਟਰੀ ਸਕੂਲ (ਲੜਕੇ)
6. ਸਰਕਾਰੀ ਐਲੀਮੈਂਟਰੀ ਸਕੂਲ (ਲੜਕੀਆਂ)
7. ਸ਼ਹੀਦ ਸੁਖਚੈਨ ਸਿੰਘ ਸਰਕਾਰੀ ਹਾਈ ਸਕੂਲ (ਲੜਕੀਆਂ)
8. ਗੁਰੂ ਗੋਬਿੰਦ ਸਿੰਘ ਖ਼ਾਲਸਾ ਪ੍ਰਾਇਮਰੀ ਸਕੂਲ

## ਹੋਰ ਮਹੱਤਵਪੂਰਨ ਅਦਾਰੇ

ਸਮੂਹਿਕ ਸਿਹਤ ਕੇਂਦਰ ਸਰਹਾਲੀ, ਸਰਕਾਰੀ ਪਸ਼ੂਆਂ ਦਾ ਹਸਪਤਾਲ, ਪੰਜਾਬ ਪਾਵਰ ਕਾਰਪੋਰੇਸ਼ਨ ਲਿਮਟਿਡ ਦਾ 66 ਕੇ. ਵੀ. ਸਬ ਸਟੇਸ਼ਨ ਅਤੇ ਸਬ ਡਵੀਜ਼ਨ ਦਫ਼ਤਰ, ਪੁਲਿਸ ਥਾਣਾ ਸਰਹਾਲੀ, ਬਲਾਕ ਐਲੀਮੈਂਟਰੀ ਐਜੂਕੇਸ਼ਨ ਦਫ਼ਤਰ, ਪਟਵਾਰਖਾਨਾ, ਵਾਟਰ ਵਰਕਸ, ਦਾਣਾ ਮੰਡੀ,

ਪਿੰਡ ਵਿਚਲੀਆਂ ਪ੍ਰਾਈਵੇਟ ਸੰਸਥਾਵਾਂ ਤਸੱਲੀਬਖ਼ਸ਼ ਕੰਮ ਕਰ ਰਹੀਆਂ ਹਨ। ਆਰ. ਓ. ਸਿਸਟਮ ਦਾ ਪ੍ਰਬੰਧ ਹੈ। ਵਾਟਰ ਵਰਕਸ ਦਾ ਪੂਰਾ ਪ੍ਰਬੰਧ ਹੈ। ਗ੍ਰਾਂਟਾਂ ਦੀ ਘਾਟ ਕਾਰਨ ਗਲੀਆਂ-ਨਾਲੀਆਂ ਦਾ ਕੰਮ ਸਾਧਨਾਂ ਅਨੁਸਾਰ ਪੰਚਾਇਤ ਵੱਲੋਂ ਕੀਤਾ ਜਾ ਰਿਹਾ ਹੈ। ਸਭ ਤੋਂ ਵੱਡੀ ਘਾਟ ਗੰਦੇ ਪਾਣੀ ਦੇ ਨਿਕਾਸ ਦੀ ਹੈ। ਪਿੰਡ ਦੇ ਸਾਰੇ ਛੱਪੜ ਤਕਰੀਬਨ ਉੱਛਲ ਰਹੇ ਹਨ। ਗਲੀਆਂ-ਨਾਲੀਆਂ ਦੇ ਟੁੱਟਣ ਦਾ ਮੁੱਖ ਕਾਰਨ ਵੀ ਪਾਣੀ ਦਾ ਨਿਕਾਸ ਨਾ ਹੋਣਾ ਹੈ। ਇਸ ਬਾਰੇ 'ਅਜੀਤ' ਅਖ਼ਬਾਰ ਲਗਾਤਾਰ ਆਵਾਜ਼ ਬੁਲੰਦ ਕਰਦਾ ਰਿਹਾ ਹੈ। ਪਿੰਡ ਵਾਸੀਆਂ ਦਾ ਵਿਚਾਰ ਹੈ ਕਿ ਜੇਕਰ ਇਸ ਪਿੰਡ ਬਾਰੇ 'ਅਜੀਤ' ਵਿਚ ਲਗਾਤਾਰ ਲੇਖ ਨਾ ਛਪਦੇ ਅਤੇ 'ਅਜੀਤ' ਦੇ ਸਥਾਨਕ ਪੱਤਰਕਾਰ ਪਿੰਡ ਵਿਚ ਵਿਕਾਸ ਦੀ ਲੋੜ ਬਾਰੇ ਅਤੇ ਵਿਕਾਸ ਕਾਰਜਾਂ ਵਿਚ ਵਰਤੀ ਜਾਂਦੀ ਸਰਕਾਰੀ ਢਿੱਲ ਮੱਠ ਬਾਰੇ ਲਗਾਤਾਰ ਆਵਾਜ਼ ਨਾ ਉਠਾਉਂਦੇ ਤਾਂ ਕਿਸੇ ਵੀ ਹਾਲਤ ਵਿਚ ਇਹ ਪਿੰਡ ਏਨਾ ਵਿਕਾਸ ਨਾ ਕਰ ਪਾਉਂਦਾ।

## ਕਾਲਾ ਅਫ਼ਗਾਨਾ

ਬਲਾਕ ਫ਼ਤਹਿਗੜ੍ਹ ਚੂੜੀਆਂ ਅਧੀਨ ਪੈਂਦਾ ਨਗਰ ਕਾਲਾ ਅਫ਼ਗਾਨਾ ਜਿਸ ਵਿਚੋਂ ਵੱਡੀ ਪੱਧਰ 'ਤੇ ਵਿਦੇਸ਼ਾਂ 'ਚ ਰਹਿ ਰਹੇ ਭਰਾਵਾਂ ਦੀ ਸੋਚ ਸਦਕਾ ਇਥੇ ਸਾਲਾਨਾ ਇੰਟਰਨੈਸ਼ਨਲ ਲੈਵਲ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ। ਇਥੇ ਸਰਕਾਰੀ ਗੁਰੂ ਨਾਨਕ ਕਾਲਜ ਹੈ ਜਿਥੋਂ ਤਾਲੀਮ ਹਾਸਲ ਕਰਕੇ ਵੱਡੀ ਪੱਧਰ 'ਤੇ ਵੱਖ-ਵੱਖ ਅਹੁਦਿਆਂ 'ਤੇ ਬਿਰਾਜਮਾਨ ਹੋ ਕੇ ਕਸਬੇ ਦਾ ਨਾਂਅ ਰੌਸ਼ਨ ਕਰ ਚੁੱਕੇ ਹਨ। ਇਥੇ ਫੋਕਲ ਪੁਆਇੰਟ ਵੱਖ-ਵੱਖ ਬੈਂਕ, ਖੇਡ ਸਟੇਡੀਅਮ, ਮੌਜੀ ਯਾਦਗਾਰੀ ਫੁੱਟਬਾਲ ਅਕੈਡਮੀ ਹੈ ਅਤੇ ਇਥੋਂ ਦੇ ਇੰਟਰਨੈਸ਼ਨਲ ਖਿਡਾਰੀਆਂ ਨੇ ਵੀ ਬਹੁਤ ਨਾਮਣਾ ਖੱਟਿਆ ਹੈ। ਸਾਂਝੇ ਕੰਮਾਂ ਲਈ ਵੱਖ-ਵੱਖ ਪਾਰਟੀਆਂ ਦੇ ਲੋਕ ਇਕੱਠੇ ਹੋ ਕੇ ਤੁਰਦੇ ਹਨ। ਸਰਕਾਰੀ ਹਾਈ ਸਕੂਲ ਅਤੇ ਪ੍ਰਾਇਮਰੀ ਸਕੂਲਾਂ 'ਚ ਵੱਡੀ ਗਿਣਤੀ 'ਚ ਬੱਚੇ ਪੜ੍ਹਦੇ ਹਨ। 5 ਪ੍ਰਾਈਵੇਟ ਸਕੂਲ ਵੀ ਹਨ। ਹਰ ਪੱਖੋਂ ਇਸ ਕਸਬੇ ਦੀ ਵੱਡੀ ਪੱਧਰ 'ਤੇ ਤਰੱਕੀ ਹੋਣ ਕਰਕੇ ਇਸ ਦਾ ਨਾਂਅ ਕਾਲਾ ਅਫ਼ਗਾਨਾ ਦੁਨੀਆ ਅੰਦਰ ਇਕ ਵੱਖਰੀ ਪਹਿਚਾਣ ਬਣਾ ਚੁੱਕਾ ਹੈ।

ਪਿੰਡ ਵਿਚ ਬਾਲ ਅਕੈਡਮੀ, ਫੋਕਲ ਪੁਆਇੰਟ ਅਤੇ ਦਾਣਾ ਮੰਡੀ ਹੈ। ਪੰਜਾਬ ਐਂਡ ਸਿੰਧ ਬੈਂਕ, ਕੋ-ਆਪ੍ਰੇਟਿਵ ਬੈਂਕ, ਡਾਕਘਰ, ਮਾਝਾ ਇੰਟਰਨੈਸ਼ਨਲ ਸਪੋਰਟਸ ਕਲੱਬ, ਮਾਤਾ ਦਾਤਾਰ ਕੌਰ ਜਿਮਨੇਜ਼ੀਅਮ ਹਾਲ ਵਿਚ ਜਿਮ ਚਲਾਇਆ ਜਾ ਰਿਹਾ ਹੈ। ਏਨੀਆਂ ਸਾਰੀਆਂ ਸਹੂਲਤਾਂ ਵਾਲੇ ਇਸ ਪਿੰਡ ਦਾ ਸਰਕਾਰੀ ਕਾਲਜ ਹਮੇਸ਼ਾ ਹੀ ਸਟਾਫ਼ ਦੀ ਘਾਟ ਦਾ ਸ਼ਿਕਾਰ ਰਿਹਾ ਹੈ। ਇਸ ਬਾਰੇ 'ਅਜੀਤ' ਦੇ ਕਾਲਮਾਂ ਰਾਹੀਂ ਸਮੇਂ ਸਮੇਂ 'ਤੇ ਆਵਾਜ਼ ਉਠਾਈ ਜਾਂਦੀ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਇਸ ਪਾਸੇ ਵੱਲ ਹੋਰ ਧਿਆਨ ਦੇਣ ਦੀ ਜ਼ਰੂਰਤ ਹੈ।

## ਵੀਲਾ ਤੇਜਾ

ਬਲਾਕ ਫ਼ਤਹਿਗੜ੍ਹ ਚੂੜੀਆਂ ਅਧੀਨ ਪੈਂਦਾ ਪਿੰਡ ਵੀਲਾ ਤੇਜਾ ਇਤਿਹਾਸਕ ਮਹੱਤਤਾ ਰੱਖਦਾ ਹੈ। ਜ਼ਿਲ੍ਹਾ ਗੁਰਦਾਸਪੁਰ ਵਿਚ ਆਉਂਦੇ ਪਿੰਡਾਂ ਵਿਚ ਸਭ ਤੋਂ ਜ਼ਿਆਦਾ ਆਜ਼ਾਦੀ ਘੁਲਾਟੀਆਂ ਦੀ ਗਿਣਤੀ ਹੋਣ ਕਰਕੇ ਸਹੂਲਤਾਂ ਲਈ ਵਿਸ਼ੇਸ਼ ਕੇਂਦਰ ਰਿਹਾ ਹੈ। ਇਥੇ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲ ਹਨ ਜਿਥੇ ਵੱਡੀ ਗਿਣਤੀ ਵਿਚ ਬੱਚੇ ਤਾਲੀਮ ਹਾਸਲ ਕਰ ਰਹੇ ਹਨ। ਇਥੇ ਸਰਕਾਰੀ ਡਿਸਪੈਂਸਰੀ ਵੀ ਹੈ। ਪਾਣੀ ਦੇ ਨਿਕਾਸ ਅਤੇ ਪਿੰਡ ਦੀਆਂ ਗਲੀਆਂ/ਨਾਲੀਆਂ ਪੱਕੀਆਂ ਕਰਨ ਸੰਬੰਧੀ ਆਵਾਜ਼ ਲਗਾਤਾਰ ਉਠਾਈ ਜਾ ਰਹੀ ਹੈ। ਪਿੰਡ ਦੇ ਲੋਕਾਂ ਵਿਚ ਵਿਕਾਸ ਸੰਬੰਧੀ ਜਾਗ੍ਰਤੀ ਲਿਆਉਣ ਅਤੇ ਸਰਕਾਰੀ ਸੰਸਥਾਵਾਂ ਦਾ ਧਿਆਨ ਇਸ ਪਿੰਡ ਵਲ ਖਿੱਚਣ ਲਈ ਸਮੇਂ ਸਮੇਂ ਰਿਪੋਰਟਾਂ ਛਾਪੀਆਂ ਜਾਂਦੀਆਂ ਹਨ। ਇਨ੍ਹਾਂ ਦਾ ਅਸਰ ਹੋਣ ਨਾਲ ਇਸ ਪਿੰਡ ਨੂੰ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਸਮੇਂ ਸਿਰ ਪੁੱਜਣੀਆਂ ਸ਼ੁਰੂ ਹੋ ਜਾਂਦੀਆਂ ਹਨ।

**ਦੁਆਬਾ ਖੇਤਰ ਦੇ ਪਿੰਡ ਮਾਝਾ ਅਤੇ ਮਾਲਵਾ ਦੇ ਪਿੰਡਾਂ ਨਾਲੋਂ ਵਧੇਰੇ ਖ਼ੁਸ਼ਹਾਲ ਅਤੇ ਵਿਕਸਤ ਹਨ। ਆਓ ਵੇਖੀਏ ਇਥੇ ਵਿਕਾਸ ਦੀ ਦਸ਼ਾ ਕੀ ਹੈ ?**

## ਜੰਡਿਆਲਾ ਮੰਜਕੀ

ਦੁਆਬੇ ਦਾ ਕੇਂਦਰ ਕਿਹਾ ਜਾਣ ਵਾਲਾ ਪਿੰਡ ਜੰਡਿਆਲਾ ਮੰਜਕੀ ਵਿਕਾਸ ਭਰਪੂਰ ਪਿੰਡ ਹੈ। ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀ ਇਹ ਧਰਤੀ ਬੈਂਕਾਂ ਨਾਲ ਭਰੀ ਪਈ ਹੈ। ਪਿੰਡ ਵਿਚ ਜਿਨ੍ਹਾਂ ਬੈਂਕਾਂ ਦੀਆਂ ਬਰਾਂਚਾਂ ਹਨ ਉਹ ਇਸ ਪ੍ਰਕਾਰ ਹਨ : ਕੇਨਰਾ ਬੈਂਕ, ਸਟੇਟ ਬੈਂਕ ਆਫ਼ ਇੰਡੀਆ, ਓਰੀਐਂਟਲ ਬੈਂਕ ਆਫ਼ ਕਾਮਰਸ, ਆਈ. ਸੀ. ਆਈ. ਸੀ. ਆਈ. ਬੈਂਕ, ਐਚ. ਡੀ. ਐਫ. ਸੀ. ਬੈਂਕ, ਦੇਨਾ ਬੈਂਕ, ਯੂਕੋ ਬੈਂਕ, ਸਟੇਟ ਬੈਂਕ ਆਫ਼ ਪਟਿਆਲਾ, ਦੀ ਜਲੰਧਰ ਸਹਿਕਾਰੀ ਬੈਂਕ, ਯੂਨੀਅਨ ਬੈਂਕ, ਪੰਜਾਬ ਐਂਡ ਸਿੰਧ ਬੈਂਕ, ਪੰਜਾਬ ਨੈਸ਼ਨਲ ਬੈਂਕ, ਖੇਤੀਬਾੜੀ ਸਹਿਕਾਰੀ ਸਭਾ। ਇਸ ਤਰ੍ਹਾਂ ਇਸ ਪਿੰਡ ਵਿਚ ਸਕੂਲ ਅਤੇ ਕਾਲਜ ਵੀ ਇਸ ਇਲਾਕੇ ਦੇ ਹੋਰ ਪਿੰਡਾਂ ਦੇ ਮੁਕਾਬਲੇ ਕਾਫ਼ੀ ਗਿਣਤੀ ਵਿਚ ਹਨ ਜਿਵੇਂ ਗੁਰੂ ਗੋਬਿੰਦ ਸਿੰਘ ਸਰਕਾਰੀ ਕਾਲਜ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਦੋ ਪ੍ਰਾਇਮਰੀ ਹਾਈ ਸਕੂਲ ਆਦਿ।

ਪਰੰਤੂ ਇਸ ਪਿੰਡ ਵਿਚ ਸਥਾਪਿਤ ਸਰਕਾਰੀ ਹਸਪਤਾਲ (ਮੁੱਢਲਾ ਸਿਹਤ ਕੇਂਦਰ ਜੰਡਿਆਲਾ) ਦੀ ਬਿਲਡਿੰਗ ਵੱਡੀ ਅਤੇ ਸਹੂਲਤਾਂ ਛੋਟੀਆਂ ਹਨ। ਇੱਕਾ ਦੁੱਕਾ ਨਿੱਜੀ ਹਸਪਤਾਲਾਂ ਨੂੰ ਛੱਡ ਕੇ ਵਧੀਆ ਮਿਆਰੀ ਸਿਹਤ ਸਹੂਲਤਾਂ ਜਾਂ ਐਮਰਜੈਂਸੀ ਸਹੂਲਤਾਂ ਦੀ ਘਾਟ ਇਸ ਪਿੰਡ ਵਿਚ ਬਹੁਤ ਰੜਕਦੀ ਹੈ। ਇਸ ਬਾਰੇ ਪਿੰਡ ਵਾਸੀਆਂ ਦੀ ਰਾਏ ਹੈ ਕਿ 'ਅਜੀਤ' ਅਖ਼ਬਾਰ ਸਮੇਂ ਸਮੇਂ ਉਨ੍ਹਾਂ ਦੀ ਆਵਾਜ਼ ਸਰਕਾਰੇ-ਦਰਬਾਰੇ ਪਹੁੰਚਾਉਂਦਾ ਰਹਿੰਦਾ ਹੈ।

ਵੱਖ-ਵੱਖ ਸਮਾਜ ਸੇਵੀ ਮੋਹਰੀ ਸੰਸਥਾਵਾਂ : ਜੰਡਿਆਲਾ ਲੋਕ ਭਲਾਈ ਮੰਚ (ਰਜਿ:) ਜਿਸ ਵੱਲੋਂ ਮ੍ਰਿਤਕ ਦੇਹ ਸੰਭਾਲ ਘਰ, ਵਾਤਾਵਰਨ ਦੀ ਸ਼ੁੱਧਤਾ ਲਈ ਪੌਦੇ ਲਗਾਉਣੇ, ਅੱਖਾਂ ਦਾ ਸਾਲਾਨਾ ਵਿਸ਼ਾਲ ਕੈਂਪ, ਮੈਡੀਕਲ ਕੈਂਪ, ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ, ਬੂਟ, ਨਗਦੀ ਦਿੱਤੀ ਜਾਂਦੀ ਹੈ। ਲਾਇਨਜ਼ ਕਲੱਬ ਜੰਡਿਆਲਾ, ਦਸਮੇਸ਼ ਸਪੋਰਟਸ ਐਂਡ ਵੈੱਲਫੇਅਰ ਕਲੱਬ ਤੋਂ ਇਲਾਵਾ ਵੱਖ-ਵੱਖ ਨੌਜਵਾਨ ਜਥੇਬੰਦੀਆਂ ਵੱਲੋਂ ਹੈਲਥ ਕਲੱਬ ਚਲਾਏ ਜਾ ਰਹੇ ਹਨ। ਵੱਖ-ਵੱਖ ਧਾਰਮਿਕ ਸੰਸਥਾਵਾਂ ਵੀ ਧਰਮ ਪ੍ਰਚਾਰ ਅਤੇ ਸਮਾਜ ਸੇਵਾ ਦੇ ਖੇਤਰ ਲਈ ਕੰਮ ਕਰ ਰਹੀਆਂ ਹਨ। ਇਨ੍ਹਾਂ ਸੰਸਥਾਵਾਂ ਦੀਆਂ ਸਰਗਰਮੀਆਂ ਨੂੰ ਅਖ਼ਬਾਰ ਵਿਚ ਛਾਪ ਕੇ 'ਅਜੀਤ' ਅਖ਼ਬਾਰ ਵਿਕਾਸ ਲਈ ਇਨ੍ਹਾਂ ਨੂੰ ਪ੍ਰੇਰਣਾ ਦਿੰਦਾ ਰਹਿੰਦਾ ਹੈ।

## ਮਾਹਿਲ ਗਹਿਲਾ

ਦੁਆਬੇ ਦੇ ਹੀ ਪਿੰਡ ਮਾਹਿਲ ਗਹਿਲਾ ਵਿਚ ਵੀ ਵਿਕਾਸ ਕਾਰਜ ਪਿਛਲੇ ਦਹਾਕੇ ਵਿਚ ਪਹਿਲਾਂ ਨਾਲੋਂ ਕਾਫ਼ੀ ਤੇਜ਼ੀ ਨਾਲ ਹੋਇਆ ਹੈ। ਪਿੰਡ ਮਾਹਿਲ ਗਹਿਲਾ ਵਿਖੇ ਇਕ ਸਰਕਾਰੀ ਪ੍ਰਾਇਮਰੀ ਸਕੂਲ ਹੈ ਅਤੇ ਇਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੈ। ਪਿੰਡ ਵਿਚ ਬਣੇ ਫੋਕਲ ਪੁਆਇੰਟ ਵਿਚ ਜਿਥੇ ਪਿੰਡ ਵਿਚ ਮੰਡੀ ਹੈ ਉਥੇ ਮੁੱਢਲਾ ਸਿਹਤ ਕੇਂਦਰ, ਪਸ਼ੂ ਹਸਪਤਾਲ ਵੀ ਸਥਿਤ ਹੈ। ਸਭ ਤੋਂ ਖਾਸ ਗੱਲ ਇਹ ਹੈ ਕਿ ਇਸ ਪਿੰਡ ਵਿਚ ਏਸ਼ੀਆ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਸਹਿਕਾਰੀ ਸੇਵਾ ਸਭਾ ਹੈ, ਜਿਸ ਨੂੰ ਦੇਖਣ ਲਈ ਲੋਕ ਦੂਰੋਂ-ਦੂਰੋਂ ਚਲ ਕੇ ਆਉਂਦੇ ਹਨ। ਪਿੰਡ ਦੀ ਹੋਰ ਤਰੱਕੀ ਲਈ ਵੱਖ-ਵੱਖ ਰਿਪੋਰਟਾਂ 'ਅਜੀਤ' ਵੱਲੋਂ ਛਾਪੀਆਂ ਜਾਂਦੀਆਂ ਹਨ।

## ਲਧਾਣਾ ਉੱਚਾ

ਪਿੰਡ ਲਧਾਣਾ ਉੱਚਾ ਵਿਚ ਵੱਖ-ਵੱਖ ਵਿਕਾਸ ਕਾਰਜਾਂ ਲਈ 'ਅਜੀਤ' ਵੱਲੋਂ ਲਗਾਤਾਰ ਜਾਗਰੂਕਤਾ ਲਿਆਂਦੀ ਜਾਂਦੀ ਰਹੀ ਹੈ। ਇਸ ਪਿੰਡ ਵਿਚ ਇਕ ਪੰਚਾਇਤ ਘਰ ਅਤੇ ਦੋ ਜੰਞ ਘਰ ਸਥਿਤ ਹਨ। ਇਕ ਪਿੰਡ ਦੇ ਚੜ੍ਹਦੇ ਪਾਸੇ ਇਕ ਪਿੰਡ ਦੇ ਲਹਿੰਦੇ ਪਾਸੇ ਹੈ। ਸਰਕਾਰ ਵੱਲੋਂ ਇਸ ਪਿੰਡ ਵਿਚ ਡਾ: ਸਾਧੂ ਸਿੰਘ ਹਮਦਰਦ ਦੇ ਭੂਆ ਬੀਬੀ ਭਗਵਾਨ ਕੌਰ ਦੀ ਯਾਦ ਵਿਚ ਇਥੇ ਇਕ ਡਿਸਪੈਂਸਰੀ ਬਣਾਈ ਗਈ ਹੈ। 'ਅਜੀਤ' ਵੱਲੋਂ ਉਠਾਈ ਗਈ ਆਵਾਜ਼ ਉਪਰੰਤ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਹੁਣ ਸਰਕਾਰੀ ਮਿਡਲ ਸਕੂਲ ਵਜੋਂ ਅਪਗ੍ਰੇਡ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਲਧਾਣਾ ਉੱਚਾ ਸਹਿਕਾਰੀ ਅਤੇ ਖੇਤੀਬਾੜੀ ਸੇਵਾ ਸਭਾ ਸਥਾਪਿਤ ਹੈ।

ਮਾਲਵਾ ਖੇਤਰ ਭਾਵੇਂ ਪਹਿਲਾਂ ਕਾਫ਼ੀ ਅਣਗੌਲਿਆ ਰਿਹਾ ਹੈ ਪਰ ਹੁਣ ਕਿਉਂਕਿ ਸਿਆਸੀ ਤਵਾਜ਼ਨ ਵਿਚ ਮੁੱਖ ਸੰਘਰਸ਼ ਇਸੇ ਖੇਤਰ ਵਿਚ ਹੁੰਦਾ ਹੈ। ਇਸ ਕਰਕੇ ਇਸ ਖੇਤਰ ਵਲ ਸਰਕਾਰਾਂ ਦਾ ਵਧੇਰੇ ਧਿਆਨ ਗਿਆ ਹੈ। ਇਨ੍ਹਾਂ ਪਿੰਡਾਂ ਦੀ ਵਰਤਮਾਨ ਦਸ਼ਾ ਕੀ ਹੈ ?

## ਲੌਂਗੋਵਾਲ

ਲੌਂਗੋਵਾਲ ਵਿਖੇ ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਵੱਲੋਂ ਸੰਚਾਲਿਤ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਅਤੇ ਜਵਾਹਰ ਨਵੋਦਿਆ ਵਿਦਿਆਲਿਆ ਤੋਂ ਇਲਾਵਾ ਲੜਕੇ-ਲੜਕੀਆਂ ਲਈ ਵੱਖੋ-ਵੱਖਰੇ ਸਰਕਾਰੀ ਸਕੂਲ ਅਤੇ ਦਰਜਨ ਦੇ ਕਰੀਬ ਨਿੱਜੀ ਵਿਦਿਅਕ ਅਦਾਰੇ ਹਨ। ਸਟੇਡੀਅਮ ਤੋਂ ਸੱਖਣੇ ਲੌਂਗੋਵਾਲ ਵਿਖੇ ਖੇਡ ਦੇ ਮੈਦਾਨ ਵਜੋਂ ਸ਼ਹੀਦ ਭਾਈ ਮਤੀ ਦਾਸ ਸੀਨੀਅਰ ਸੈਕੰਡਰੀ ਸਕੂਲ ਨੂੰ ਹੀ ਵਰਤਿਆ ਜਾ ਰਿਹਾ ਹੈ।

ਇਥੇ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਕਸਬੇ ਦੇ ਅਗਾਂਹਵਧੂ ਨੌਜਵਾਨਾਂ ਵੱਲੋਂ ਨਿਰਸਵਾਰਥ ਭਾਵਨਾ ਨਾਲ ਚਲਾਈ ਜਾ ਰਹੀ ਹੈ। ਇਥੇ ਨਗਰ ਕੌਂਸਲ, ਉੱਪ ਤਹਿਸੀਲ, ਥਾਣਾ ਅਤੇ ਪਾਵਰਕਾਮ ਦਾ ਉਪ ਮੰਡਲ ਦਫ਼ਤਰ ਹੈ। ਮਾਤਾ ਧਰਮ ਕੌਰ ਸੁਤੰਤਰਤਾ ਸੈਨਾਨੀ ਸਰਕਾਰੀ ਹਸਪਤਾਲ ਉੱਪ ਮੰਡਲ ਪੱਧਰ 'ਤੇ ਸਥਾਪਿਤ ਹੈ। ਪਸ਼ੂਆਂ ਦਾ ਹਸਪਤਾਲ ਵੀ ਹੈ। ਇਥੇ ਡਾਕਘਰ ਤੋਂ ਇਲਾਵਾ ਸਟੇਟ ਬੈਂਕ ਆਫ਼ ਪਟਿਆਲਾ, ਸੈਂਟਰਲ ਬੈਂਕ, ਓਰੀਐਂਟਲ ਬੈਂਕ ਆਫ਼ ਕਾਮਰਸ, ਆਈ. ਸੀ. ਆਈ. ਸੀ. ਬੈਂਕ ਅਤੇ ਸਹਿਕਾਰੀ ਬੈਂਕ ਸਥਾਪਿਤ ਹਨ। ਕਿਸਾਨਾਂ ਲਈ ਸਹਿਕਾਰੀ ਸਭਾ ਹੈ। ਜਿਣਸਾਂ ਵੇਚਣ ਲਈ ਵਿਸ਼ਾਲ ਸ਼ੈੱਡਾਂ ਵਾਲੀ ਅਨਾਜ ਮੰਡੀ ਵੀ ਹੈ। ਇਥੇ ਵਾਟਰ ਵਰਕਸ ਦੀ ਟੈਂਕੀ ਤਾਂ ਇਕੋ ਹੈ ਪ੍ਰੰਤੂ ਮੋਟਰਾਂ 3 ਲੱਗੀਆਂ ਹੋਈਆਂ ਹਨ ਜੋ ਕਿ ਪਾਣੀ ਦੀ ਸਪਲਾਈ ਲਈ ਨਾਕਾਫੀ ਹਨ। ਲੌਂਗੋਵਾਲ ਵਿਖੇ ਉੱਪ ਮੰਡਲ ਪੱਧਰ ਦੀ ਟੈਲੀਫੋਨ ਐਕਸਚੇਂਜ ਵੀ ਸਥਾਪਿਤ ਹੈ। ਸਬ ਤਹਿਸੀਲ ਵਿਖੇ ਸੁਵਿਧਾ ਕੇਂਦਰ ਬਣਾਇਆ ਗਿਆ ਹੈ। ਇਹ ਸਭ ਕੁਝ ਇਸ ਪਿੰਡ ਦੀ ਇਤਿਹਾਸਕ ਵਿਰਾਸਤ ਪ੍ਰਤੀ ਲੋਕਾਂ ਦੀ ਜਾਗ੍ਰਿਤੀ ਕਰਕੇ ਅਤੇ ਅਖ਼ਬਾਰਾਂ ਵੱਲੋਂ ਅਤੇ ਖ਼ਾਸ ਕਰਕੇ 'ਅਜੀਤ' ਵੱਲੋਂ ਸਮੇਂ-ਸਮੇਂ ਨਿਭਾਏ ਯੋਗਦਾਨ ਕਰਕੇ ਹੈ।

## ਪਿੰਡ ਝੂੰਦਾਂ (ਅਮਰਗੜ੍ਹ)

ਉੱਘੇ ਸਾਹਿਤਕਾਰ ਹਰਿੰਦਰ ਮਹਿਬੂਬ ਦੇ ਪਿੰਡ ਝੂੰਦਾਂ ਵਿਖੇ ਉਨ੍ਹਾਂ ਦੀ ਯਾਦ ਵਿਚ ਹਲਕਾ ਵਿਧਾਇਕ ਇਕਬਾਲ ਸਿੰਘ ਝੂੰਦਾਂ ਦੀ ਰਹਿਨੁਮਾਈ ਹੇਠ ਯਾਦਗਾਰੀ ਹਾਲ ਤੇ ਲਾਇਬਰੇਰੀ ਬਣਾਈ ਗਈ ਹੈ। ਪਿੰਡ ਦੇ ਪ੍ਰਾਇਮਰੀ ਸਕੂਲ ਦੀ ਸ਼ਾਨਦਾਰ ਇਮਾਰਤ ਹੈ। ਪਿੰਡ ਵਿਚ ਪਾਣੀ ਦੀ ਟੈਂਕੀ ਅਤੇ ਪਿੰਡ ਦੇ ਗਰੀਬ ਪਰਿਵਾਰਾਂ ਲਈ ਕਲੋਨੀ ਬਣਾਈ ਗਈ ਹੈ। ਪਿੰਡ ਦੇ ਉੱਪਰ ਦੀ ਪੱਕੀ ਸੜਕ ਹੈ। ਪਿੰਡ ਦੀਆਂ ਗਲੀਆਂ ਨਾਲੀਆਂ ਪੱਕੀਆਂ ਅਤੇ ਪਾਣੀ ਨਿਕਾਸੀ ਦਾ ਯੋਗ ਪ੍ਰਬੰਧ ਹੈ। ਪਿੰਡ ਝੂੰਦਾਂ ਨੂੰ ਵੇਖ ਕੇ ਉਹ ਪਿੰਡ ਨਹੀਂ ਲੱਗਦਾ ਸਗੋਂ ਪਿੰਡ ਦੀਆਂ ਕੋਠੀਆਂ ਕਿਸੇ ਵਧੀਆ ਕਾਲੋਨੀ ਦੀ ਤਰਜਮਾਨੀ ਕਰਦੀਆਂ ਹਨ।

## ਫੱਤਾ ਮਾਲੋਕਾ

ਪਿੰਡ ਫੱਤਾ ਮਾਲੋਕਾ ਵਿਚ ਫੋਕਲ ਪੁਆਇੰਟ, ਸਟੇਟ ਬੈਂਕ ਆਫ਼ ਪਟਿਆਲਾ, ਸਹਿਕਾਰੀ ਬੈਂਕ, ਸਹਿਕਾਰੀ ਸਭਾ, ਸੰਤ ਬਾਬਾ ਮਹੇਸ਼ ਮੁਨੀ ਪੋਲੀਟੈਕਨਿਕ ਕਾਲਜ, ਪ੍ਰਾਇਮਰੀ ਸਿਹਤ ਕੇਂਦਰ, ਪਸ਼ੂ ਹਸਪਤਾਲ, ਜਿੰਮ, ਆਰ. ਓ. ਪਲਾਂਟ, 10+2 ਤੱਕ ਸਕੂਲ ਐਲੀਮੈਂਟਰੀ ਸਕੂਲ, ਦੋ ਨਿੱਜੀ ਸਕੂਲ, ਦੋ ਆਜ਼ਾਦੀ ਘੁਲਾਟੀਏ ਕੇਹਰ ਸਿੰਘ ਅਤੇ ਮੀਹਾਂ ਸਿੰਘ ਹੋਏ ਹਨ। ਇਸ ਪਿੰਡ ਤੋਂ ਕੌਮੀ ਪੱਧਰ ਦੀ ਹੈਂਡਬਾਲ ਖਿਡਾਰਨ ਗੁਰਮੀਤ ਕੌਰ ਅਤੇ ਲਖਵਿੰਦਰ ਸਿੰਘ

ਲੱਖੀ ਪਹਿਲਵਾਨ ਹੋਏ ਹਨ। ਇਸੇ ਹੀ ਪਿੰਡ ਦੇ 125 ਦੇ ਕਰੀਬ ਨੌਜਵਾਨ ਫੌਜ ਦੀ ਸੇਵਾ ਕਰ ਰਹੇ ਹਨ। ਦੋ ਖੇਡ ਕਲੱਬਾਂ ਸਮਾਜਿਕ ਗਤੀਵਿਧੀਆਂ ਵਿਚ ਯੋਗਦਾਨ ਪਾ ਰਹੀਆਂ ਹਨ। ਧਾਰਮਿਕ ਡੇਰਿਆਂ ਨਾਲ ਭਰਪੂਰ ਇਸ ਪਿੰਡ ਦੇ ਵਿਕਾਸ ਲਈ ਜਾਗਰੂਕਤਾ ਪੈਦਾ ਕਰਨ ਵਿਚ ਅਤੇ ਸਰਕਾਰ ਤੱਕ ਇਸ ਪਿੰਡ ਦੇ ਲੋਕਾਂ ਦੀ ਆਵਾਜ਼ ਪਹੁੰਚਾਉਣ ਵਿਚ 'ਅਜੀਤ' ਅਖ਼ਬਾਰ ਲਗਾਤਾਰ ਯਤਨਸ਼ੀਲ ਹੈ। ਪਿੰਡ ਦੇ ਲੋਕ ਅਤੇ 'ਅਜੀਤ' ਦੇ ਪਾਠਕ ਇਸ ਬਾਰੇ ਤਸੱਲੀ ਦਾ ਪ੍ਰਗਟਾਵਾ ਕਰਦੇ ਹਨ।

## ਹਵਾਲੇ ਤੇ ਟਿੱਪਣੀਆਂ


- ਤਵਾਰੀਖ਼ ਗੁਰੂ ਖ਼ਾਲਸਾ, ਗਿਆਨੀ ਗਿਆਨ ਸਿੰਘ, ਪੰਨਾ-673.
- ਤਵਾਰੀਖ਼ ਗੁਰੂ ਖ਼ਾਲਸਾ, ਗਿਆਨੀ ਗਿਆਨ ਸਿੰਘ, ਪੰਨਾ-127.
- ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ, ਪੰਨਾ-950-51.

# ਸਥਾਪਨਾਵਾਂ ਅਤੇ ਨਿਸ਼ਕਰਸ਼

ਪੰਜਾਬ ਦੇ ਤਿੰਨਾਂ ਮੁੱਖ ਖੇਤਰਾਂ, ਮਾਝਾ, ਦੁਆਬਾ ਅਤੇ ਮਾਲਵਾ ਦੇ ਪ੍ਰਤੀਨਿਧ ਦਸ ਪਿੰਡਾਂ ਨੂੰ ਆਧਾਰ ਮੰਨ ਕੇ ਕਰਵਾਇਆ ਗਿਆ ਸਰਵੇਖਣ ਅਤੇ ਇਸ ਸਰਵੇਖਣ ਨਾਲ ਉਜਾਗਰ ਹੋਏ ਨੁਕਤਿਆਂ ਦੇ ਵਿਸ਼ਲੇਸ਼ਣ ਤੋਂ ਸਾਹਮਣੇ ਆਇਆ ਹੈ ਕਿ ਸੋਸ਼ਲ ਮੀਡੀਆ ਅਤੇ ਇਲੈਕਟ੍ਰੌਨਿਕ ਮੀਡੀਆ ਦੇ ਜ਼ਮਾਨੇ ਵਿਚ ਵੀ ਪ੍ਰਿੰਟ ਮੀਡੀਆ ਦੀ ਮਹੱਤਤਾ ਮੱਠੀ ਨਹੀਂ ਪਈ। ਅਖ਼ਬਾਰ ਨੂੰ ਅਜੇ ਵੀ ਓਨੀ ਹੀ ਉਤਸੁਕਤਾ ਨਾਲ ਉਡੀਕਿਆ ਜਾਂਦਾ ਹੈ ਜਿੰਨੀ ਉਤਸੁਕਤਾ ਨਾਲ ਇਸ ਨੂੰ ਵੀਹ-ਪੱਚੀ ਸਾਲ ਪਹਿਲਾਂ ਉਡੀਕਿਆ ਜਾਂਦਾ ਸੀ। ਅਖ਼ਬਾਰ ਵਿਚ ਛਪੀ ਹੋਈ ਖ਼ਬਰ, ਟਿੱਪਣੀ ਜਾਂ ਕਿਸੇ ਤਸਵੀਰ ਨੂੰ ਰੇਡੀਓ, ਟੀ. ਵੀ. ਉੱਤੇ ਸੁਣੀ ਜਾਂ ਵੇਖੀ ਗਈ ਖ਼ਬਰ ਜਾਂ ਤਸਵੀਰ ਨਾਲੋਂ ਵਧੇਰੇ ਸ਼ਿੱਦਤ ਨਾਲ ਵੇਖਿਆ/ਪੜ੍ਹਿਆ ਜਾਂਦਾ ਹੈ। ਅਜਿਹਾ ਇਸ ਦੇ ਸਾਂਭਣਯੋਗ ਸੁਭਾਅ ਕਰਕੇ, ਇਸ ਦੀ ਦਸਤਾਵੇਜ਼ੀ ਪ੍ਰਕਿਰਤੀ ਕਰਕੇ ਵੀ ਹੈ ਅਤੇ ਇਸ ਦੀ ਤਿੱਖੀ ਅਤੇ ਵਿਵੇਕੀ ਸੁਰ ਕਰਕੇ ਵੀ। ਸਰਵੇਖਣ ਦੌਰਾਨ ਇਹ ਤੱਥ ਸਾਹਮਣੇ ਆਇਆ ਹੈ ਕਿ ਜਿਨ੍ਹਾਂ ਪਿੰਡਾਂ ਵਿਚ ਪੱਤਰਕਾਰਾਂ ਨੇ ਕਿਸੇ ਵੀ ਕਾਰਜ ਸੰਬੰਧੀ ਲਗਾਤਾਰ ਰੀਪੋਰਟਿੰਗ ਕੀਤੀ ਉਹ ਕਾਰਜ ਵਧੇਰੇ ਤੇਜ਼ੀ ਨਾਲ ਨੇਪਰੇ ਚੜ੍ਹੇ ਅਤੇ ਸਰਕਾਰਾਂ ਦਾ ਧਿਆਨ ਉਨ੍ਹਾਂ ਕਾਰਜਾਂ ਵਲ ਵਧੇਰੇ ਗਿਆ। ਅਖ਼ਬਾਰ ਵਿਚ ਨਿੱਕੀ ਤੋਂ ਨਿੱਕੀ ਖ਼ਬਰ ਵੀ ਵੱਡੇ ਤੋਂ ਵੱਡੇ ਦਫ਼ਤਰਾਂ ਨੂੰ ਝੰਜੋੜਨ ਅਤੇ ਅਧਿਕਾਰੀਆਂ ਦਾ ਧਿਆਨ ਖਿੱਚਣ ਵਿਚ ਤੁਰੰਤ ਸਫ਼ਲ ਹੋ ਜਾਂਦੀ ਹੈ। ਇਹ ਸਥਿਤੀ ਦਰਸਾਉਂਦੀ ਹੈ ਕਿ ਅਖ਼ਬਾਰ ਅਤੇ ਵਿਕਾਸ ਇਕ ਦੂਸਰੇ ਨਾਲ ਕਿਵੇਂ ਗਹਿਰੀ ਤਰ੍ਹਾਂ ਜੁੜੇ ਹੋਏ ਹਨ। ਸਰਕਾਰੀ ਗ੍ਰਾਂਟਾਂ ਦੇ ਸਦਉਪਯੋਗ, ਪਿੰਡਾਂ ਦੇ ਸਾਵੇਂ ਵਿਕਾਸ, ਗ਼ੈਰ-ਸਰਕਾਰੀ ਸੰਸਥਾਵਾਂ ਅਤੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਵੱਲੋਂ ਪੰਜਾਬ ਦੇ ਪਿੰਡਾਂ ਨਾਲ ਜੁੜੇ ਰਹਿਣ ਦੀ ਤਮੰਨਾ ਤਹਿਤ ਆਪਣੇ-ਆਪਣੇ ਅਤੇ ਆਪਣੇ ਆਸ-ਪਾਸ ਦੇ ਪਿੰਡਾਂ ਦੀ ਪ੍ਰਫੁੱਲਤਾ ਲਈ ਪਾਏ ਜਾਣ ਵਾਲੇ ਮਾਲੀ ਯੋਗਦਾਨ ਦੀਆਂ ਤੰਦਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਅਖ਼ਬਾਰ ਦੇ ਪੰਨਿਆਂ ਨਾਲ ਜੁੜੀਆਂ ਰਹਿੰਦੀਆਂ ਹਨ।

ਅਖ਼ਬਾਰ, ਪਿੰਡਾਂ ਵਿਚ ਵਾਪਰਨ ਵਾਲੀ ਹਰ ਘਟਨਾ, ਪਿੰਡਾਂ ਵਿਚ ਹੋਣ ਵਾਲੀ ਹਰ ਸਰਗਰਮੀ ਭਾਵੇਂ ਉਹ ਸਮਾਜਿਕ ਜਾਂ ਧਾਰਮਿਕ ਹੋਵੇ ਭਾਵੇਂ ਉਹ ਸੱਭਿਆਚਾਰਕ ਜਾਂ ਰਾਜਸੀ ਹੋਵੇ ਭਾਵੇਂ ਉਹ ਖੇਡਾਂ ਜਾਂ ਸਾਹਿਤ ਨਾਲ ਸੰਬੰਧ ਰੱਖਦੀ ਹੋਵੇ ਦਾ ਗਵਾਹ ਬਣਦਾ ਹੈ। ਅਖ਼ਬਾਰ ਜਨ-ਸਧਾਰਨ ਦੀ ਮਾਨਸਿਕਤਾ ਵਿਚ ਬਹੁਤ ਗਹਿਰੀ ਤਰ੍ਹਾਂ ਵਸ ਚੁੱਕਾ ਹੈ। ਅਖ਼ਬਾਰ ਵਿਚ ਆਪਣੀਆਂ ਸਰਗਰਮੀਆਂ ਦਾ ਅਕਸ ਲੱਭਣ ਦੀ ਫਿਤਰਤ, ਪਾਠਕਾਂ ਦੀ ਸਰਗਰਮੀ ਬਣ ਚੁੱਕੀ ਹੈ। ਅਖ਼ਬਾਰ ਦੀ ਉਡੀਕ ਵਿਚ ਬੈਠੇ ਪਾਠਕ ਆਪਣੀ ਦਿਨ ਭਰ ਦੀ ਸਰਗਰਮੀ ਨੂੰ ਅਖ਼ਬਾਰ ਦੀ ਆਮਦ ਨਾਲ ਮੇਚ ਕੇ ਹੀ ਉਲੀਕਦੇ ਹਨ।

ਪੰਜਾਬੀਆਂ ਵਿਚ ਪਨਪੀ ਅਜਿਹੀ ਮਾਨਸਿਕਤਾ ਦੀ ਤੰਦ ਨੂੰ ਜਿਸ ਬਾਰੀਕੀ ਅਤੇ ਕਾਮਯਾਬੀ ਨਾਲ 'ਅਜੀਤ' ਅਖ਼ਬਾਰ ਨੇ ਸਮਝਿਆ ਅਤੇ ਪਕੜਿਆ ਹੈ, ਉਸ ਨੂੰ ਨਿਹਾਰਨ ਅਤੇ ਵਿਸਤਾਰਨ ਵਿਚ ਇਸ ਸ਼ੋਧ ਪ੍ਰਬੰਧ ਨੇ ਨਿਵੇਕਲੀ ਲੀਹ ਪਾਈ ਹੈ। ਸਰਵੇਖਣ ਅਤੇ ਵਿਸ਼ਲੇਸ਼ਣ ਦੀ ਇਹ ਪ੍ਰਕਿਰਿਆ ਆਪਣੇ ਆਪ ਵਿਚ ਗੁੰਝਲਦਾਰ ਵੀ ਸੀ ਅਤੇ ਬਹੁਤ ਸਪੱਸ਼ਟ ਵੀ। ਗੁੰਝਲਦਾਰ ਇਸ ਕਰਕੇ ਕਿ 'ਅਜੀਤ' ਦੇ ਪਾਠਕਾਂ ਨੂੰ ਇਸ ਸਾਰੀ ਪ੍ਰਕਿਰਿਆ ਦਾ

ਮਕਸਦ ਦੱਸਿਆ ਨਹੀਂ ਗਿਆ ਸੀ। ਇਸ ਕਰਕੇ ਉਹ ਆਪਣੇ ਹਿਸਾਬ ਨਾਲ ਅਖ਼ਬਾਰ ਦੀ ਸਥਿਤੀ ਅਤੇ ਆਪਣੇ ਪਿੰਡ ਦੇ ਵਿਕਾਸ ਨਾਲ ਇਸ ਦੀ ਇਕਸੁਰਤਾ ਨੂੰ ਬਿਆਨ ਰਹੇ ਸਨ ਅਤੇ ਸਵਾਲਾਂ ਦੇ ਜਵਾਬ ਦੇ ਰਹੇ ਸਨ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੀ ਪੜ੍ਹਤ ਵਿਚ ਨਿਰਛੱਲਤਾ ਦਾ ਆਉਣਾ ਸੁਭਾਵਿਕ ਸੀ। ਇਸ ਸਾਰੀ ਪ੍ਰਕਿਰਿਆ ਨੂੰ ਬਹੁਤ ਸਪੱਸ਼ਟ ਇਸ ਕਰਕੇ ਕਿਹਾ ਜਾ ਸਕਦਾ ਹੈ ਕਿ ਜਿਨ੍ਹਾਂ ਪਾਠਕਾਂ ਨੂੰ, ਉਨ੍ਹਾਂ ਦੇ ਪਿੰਡਾਂ ਦੇ ਵਿਕਾਸ ਦੀ ਸਥਿਤੀ ਬਾਰੇ, ਆਪਣੀ ਰਾਏ ਦੇਣ ਜਾਂ ਲਿਖਣ ਬਾਰੇ ਕਿਹਾ ਗਿਆ, ਉਨ੍ਹਾਂ ਦੀ ਮੂਲ ਚਿੰਤਾ ਪਿੰਡ ਦੇ ਵਿਕਾਸ ਦੀ ਤਮੰਨਾ ਨਾਲ ਜੁੜੀ ਹੋਈ ਸੀ। ਵਿਕਾਸ ਨੂੰ ਵੇਖਣ ਅਤੇ ਇਸ ਨਾਲ ਜੁੜੇ ਹੋਏ ਆਪਣੇ ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੀ ਤਮੰਨਾ ਹਰ ਵਿਅਕਤੀ ਦੀ ਮੂਲ ਬਿਰਤੀ ਹੈ। ਇਸ ਬਿਰਤੀ ਨੂੰ ਸਾਕਾਰ ਕਰਨ ਦੀ ਚਾਹ ਉਨ੍ਹਾਂ ਨੂੰ ਅਜਿਹੇ ਮਾਧਿਅਮਾਂ ਨਾਲ ਜੋੜ ਦਿੰਦੀ ਹੈ ਜਿਹੜੇ ਉਨ੍ਹਾਂ ਦੀ ਇਸ ਚਾਹ ਨੂੰ ਜ਼ੁਬਾਨ ਦਿੰਦੇ ਹਨ। ਜਦੋਂ ਉਹ ਕਿਸੇ ਅਖ਼ਬਾਰ ਨੂੰ ਇਸ ਕਾਰਜ ਵਿਚ ਯਤਨਸ਼ੀਲ ਹੋਏ ਵੇਖਦੇ ਹਨ ਤਾਂ ਸੁਭਾਵਿਕ ਹੀ ਉਨ੍ਹਾਂ ਦੀ ਮਾਨਸਿਕਤਾ ਉਸ ਨਾਲ ਇਕਸੁਰ ਹੋ ਜਾਂਦੀ ਹੈ। ਅਜਿਹੇ ਸਮੀਕਰਨ ਨੂੰ 'ਅਜੀਤ' ਅਖ਼ਬਾਰ ਬਹੁਤ ਸਹਿਜ ਰੂਪ ਵਿਚ ਸਮਝਿਆ ਪ੍ਰਤੀਤ ਹੋਇਆ ਹੈ। 'ਅਜੀਤ' ਦੀ ਅਜਿਹੀ ਸਮਝ ਹੀ ਇਸ ਨੂੰ ਪੰਜਾਬੀਆਂ ਦੀ ਆਵਾਜ਼ ਬਣਾਉਣ ਵਿਚ ਸਹਾਈ ਹੁੰਦੀ ਪ੍ਰਤੀਤ ਹੋਈ ਹੈ।

ਇਸ ਸਾਰੀ ਸਥਿਤੀ ਦਾ ਕਾਰਨ 'ਅਜੀਤ' ਦਾ ਇਤਿਹਾਸਕ ਅਤੇ ਵਿਚਾਰਧਾਰਕ ਪਿਛੋਕੜ ਵੀ ਹੈ। ਲੋਕਾਂ ਦੀ ਆਵਾਜ਼ ਬਣਨ ਦੀ ਲੰਮੀ ਦਾਸਤਾਨ 'ਅਜੀਤ' ਦੇ ਨਾਲ-ਨਾਲ ਚਲਦੀ ਆਈ ਹੈ—ਇਸ ਦੀ ਵਿਚਾਰਧਾਰਕ ਪਰੰਪਰਾ ਨਾਲ ਜੁੜੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸਰੋਕਾਰਾਂ ਨੇ 'ਅਜੀਤ' ਨੂੰ ਆਪਣੇ ਪਾਠਕਾਂ ਦੀਆਂ ਭਾਵਨਾਵਾਂ ਨਾਲ ਇਸ ਤਰ੍ਹਾਂ ਓਤਪੋਤ ਕੀਤਾ ਹੋਇਆ ਹੈ ਕਿ ਉਹ ਇਸ ਦੇ ਪੰਨਿਆਂ ਵਿਚ ਆਪਣੇ ਜਜ਼ਬਿਆਂ ਨੂੰ ਜਜ਼ਬ ਹੋਏ ਵੇਖਦੇ ਹਨ। ਉਨ੍ਹਾਂ ਦੀਆਂ ਧਾਰਮਿਕ ਅਤੇ ਸੱਭਿਆਚਾਰਕ ਅਕਾਂਖਿਆਵਾਂ 'ਅਜੀਤ' ਦੇ ਸਫ਼ਿਆਂ ਉੱਤੇ ਫੈਲੀ ਉਸ ਸਮੱਗਰੀ ਨਾਲ ਹਮੇਸ਼ਾ ਇਕਸੁਰ ਰਹਿੰਦੀਆਂ ਹਨ ਜਿਹੜੀ ਪੰਜਾਬ ਦੀ ਮਿੱਟੀ ਅਤੇ ਸਮਾਜਿਕ ਆਬੋ-ਹਵਾ ਵਿਚੋਂ ਉਦੈ ਹੋ ਕੇ ਪੰਜਾਬ ਦੇ ਕੋਨੇ ਕੋਨੇ ਤੱਕ ਫੈਲੇ ਪੱਤਰਕਾਰਾਂ ਦੀਆਂ ਕਲਮਾਂ ਰਾਹੀਂ 'ਅਜੀਤ' ਦੇ ਸਫ਼ਿਆਂ ਤੱਕ ਪਹੁੰਚਦੀ ਹੈ।

ਇਸ ਨਾਲ ਪੰਜਾਬ ਦੇ ਪਿੰਡਾਂ ਦੀ ਹੋਣੀ ਜੁੜੀ ਹੋਈ ਹੈ। ਪੰਜਾਬ ਦੇ ਜਨ-ਜਨ ਦੀ ਆਵਾਜ਼ ਬਣਿਆ ਹੋਇਆ ਇਹ ਅਖ਼ਬਾਰ, ਪੰਜਾਬੀਆਂ ਦੇ ਸੁਭਾਅ ਦੀਆਂ ਗਹਿਰੀਆਂ ਪਰਤਾਂ ਤੱਕ ਉਤਰ ਕੇ, ਉਨ੍ਹਾਂ ਦੀ ਮਾਨਸਿਕਤਾ ਵਿਚ ਪਈਆਂ, ਉਨ੍ਹਾਂ ਦੀਆਂ ਅਕਾਂਖਿਆਵਾਂ ਨੂੰ ਕਿਵੇਂ ਪੜ੍ਹਦਾ ਹੈ ਅਤੇ ਉਨ੍ਹਾਂ ਦੀਆਂ ਲੋੜਾਂ ਦੇ ਅਨੁਕੂਲ ਸਮੱਗਰੀ ਪ੍ਰਕਾਸ਼ਿਤ ਕਰਕੇ, ਪੰਜਾਬ ਦੇ ਅਸਲੀ ਮੁੱਦਿਆਂ ਨੂੰ ਲੋਕ ਲਹਿਰਾਂ ਵਿਚ ਕਿਵੇਂ ਤਬਦੀਲ ਕਰ ਦਿੰਦਾ ਹੈ? ਇਸ ਅਧਿਐਨ ਨੇ ਉਨ੍ਹਾਂ ਸਾਰੇ ਪੱਖਾਂ ਨੂੰ ਘੋਖਿਆ ਹੈ ਜਿਨ੍ਹਾਂ ਕਰਕੇ ਸਮੇਂ ਦੀਆਂ ਸਰਕਾਰਾਂ ਵੀ 'ਅਜੀਤ' ਦੀ ਆਵਾਜ਼ ਨੂੰ ਅਣਗੌਲਿਆਂ ਨਹੀਂ ਕਰ ਪਾਉਂਦੀਆਂ।

ਪੰਜਾਬ ਦੇ ਸਹਿਜ ਵਿਕਾਸ ਦਾ ਵਾਹਨ ਬਣਨ ਵਾਲਾ ਇਹ ਅਖ਼ਬਾਰ ਜਿਵੇਂ ਪੰਜਾਬ ਦੇ ਪਿੰਡੇ ਨੂੰ ਵਲੂੰਧਰ ਰਹੀਆਂ ਨਿੱਤ ਨਵੀਆਂ ਆਫ਼ਤਾਂ ਸਮੇਂ ਵੀ ਆਪਣੀ ਅਗਵਾਈ ਦੀ ਭੂਮਿਕਾ ਨਿਭਾਉਣ ਵਿਚ ਹਮੇਸ਼ਾ ਪੇਸ਼ ਪੇਸ਼

ਰਹਿੰਦਾ ਹੈ। ਕਦੇ ਹੜ੍ਹ ਪੀੜਤਾਂ ਲਈ ਮਾਲੀ ਮਦਦ ਜੁਟਾਉਣ ਦਾ ਬੀੜਾ ਚੁੱਕ ਕੇ ਅਤੇ ਕਦੇ 'ਹਰਿਆਵਲ ਲਹਿਰ' ਅਧੀਨ ਪੰਜਾਬ ਦੇ ਵਿਗੜ ਰਹੇ ਕੁਦਰਤੀ ਤਵਾਜ਼ਨ ਨੂੰ ਸੰਤੁਲਿਤ ਕਰਨ ਦੀਆਂ ਮੁਹਿੰਮਾਂ ਚਲਾ ਕੇ 'ਅਜੀਤ' ਨੇ ਇਨਕਲਾਬੀ ਕਾਰਜ ਕੀਤੇ ਹਨ। ਸ਼ੁਰੂ ਸ਼ੁਰੂ ਵਿਚ ਬਹੁਤ ਨਿਗੂਣੀਆਂ ਸਮਝੀਆਂ ਜਾਣ ਵਾਲੀਆਂ ਅਜਿਹੀਆਂ ਸਮੱਸਿਆਵਾਂ ਨੂੰ ਸਮਝ ਕੇ ਜਦੋਂ ਜਦੋਂ ਵੀ 'ਅਜੀਤ' ਨੇ ਉਨ੍ਹਾਂ ਦੀ ਗਹਿਰਾਈ ਅਤੇ ਗੰਭੀਰਤਾ ਨੂੰ ਉਜਾਗਰ ਕਰਕੇ, ਉਨ੍ਹਾਂ ਵਲ ਧਿਆਨ ਦੇਣ ਦਾ ਬੀੜਾ ਚੁੱਕਿਆ ਉਦੋਂ ਉਦੋਂ ਹੀ ਇਹ ਕਾਰਜ ਵੱਡੀਆਂ ਅਤੇ ਵੰਗਾਰ ਭਰੀਆਂ ਲਹਿਰਾਂ ਵਿਚ ਤਬਦੀਲ ਹੋ ਗਏ ਅਤੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਸਰਕਾਰਾਂ ਨੂੰ ਵੀ ਮਜਬੂਰ ਹੋਣਾ ਪਿਆ ਕਿ ਉਹ ਇਨ੍ਹਾਂ ਦੀ ਗਹਿਰਾਈ ਅਤੇ ਗੰਭੀਰਤਾ ਨੂੰ ਸਮਝ ਕੇ ਇਸ ਵਲ ਧਿਆਨ ਦੇਵੇ।

ਇਹ ਤੱਥ ਨਾ ਸਿਰਫ਼ 'ਅਜੀਤ' ਵਿਚ ਛਪਣ ਵਾਲੀ ਸਮੱਗਰੀ ਤੋਂ ਜ਼ਾਹਿਰ ਹੁੰਦਾ ਹੈ ਸਗੋਂ 'ਅਜੀਤ' ਵੱਲੋਂ ਲਿਖੇ ਗਏ ਸੰਪਾਦਕੀਆਂ ਵਿਚੋਂ ਵੀ ਉਜਾਗਰ ਹੁੰਦਾ ਹੈ। ਪੰਜਾਬ ਦੀ ਹੋਣੀ ਨਾਲ ਅਤੇ ਦੇਸ਼ ਦੇ ਸਰੋਕਾਰਾਂ ਨਾਲ ਜੁੜਿਆ ਹੋਇਆ ਕੋਈ ਅਜਿਹਾ ਮਸਲਾ ਨਹੀਂ ਹੈ ਜਿਸ ਬਾਰੇ 'ਅਜੀਤ' ਨੇ ਆਪਣੇ ਕਾਲਮਾਂ ਵਿਚ ਆਵਾਜ਼ ਨਾ ਉਠਾਈ ਹੋਵੇ। ਚਾਹੇ ਉਹ ਪੰਜਾਬ ਦੇ ਸਮੁੱਚੇ ਵਿਕਾਸ ਨਾਲ ਜੁੜੇ ਹੋਏ ਸਰੋਕਾਰ ਹੋਣ, ਚਾਹੇ ਦੇਸ਼ ਦੀ ਹੋਣੀ ਨਾਲ ਜੁੜੇ ਹੋਏ ਕਾਰਗਿਲ ਵਰਗੇ ਯੁੱਧ ਹੋਣ, ਚਾਹੇ ਹੜ੍ਹਾਂ ਦੀ ਮਾਰ ਹੇਠ ਆਏ ਲੋਕ ਹੋਣ ਅਤੇ ਚਾਹੇ ਸਮੁੱਚੀ ਧਰਤੀ ਦੇ ਵਿਗੜ ਰਹੇ ਵਾਤਾਵਰਨ ਨੂੰ ਬਚਾਉਣ ਵਿਚ 'ਹਰਿਆਵਲ ਲਹਿਰ' ਰਾਹੀਂ ਪਾਏ ਜਾ ਰਹੇ ਵਡੇਰੇ ਯੋਗਦਾਨ ਦੀ ਗੱਲ ਹੋਵੇ। 'ਅਜੀਤ' ਅਖ਼ਬਾਰ ਮਾਨਵਤਾ ਦੀਆਂ ਚਿੰਤਾਵਾਂ ਨਾਲ ਆਪਣੇ ਆਪ ਨੂੰ ਓਤਪੋਤ ਕਰਕੇ ਇਨ੍ਹਾਂ ਚਿੰਤਾਵਾਂ ਤੋਂ ਮੁਕਤੀ ਦਾ ਰਾਹ ਸੁਝਾਉਣ ਵਲ ਤੁਰਦਾ ਹੈ। ਸਮਾਜ ਅਤੇ ਲੋਕਾਈ ਪ੍ਰਤੀ ਅਜਿਹੀ ਸੁਜੱਗਤਾ 'ਅਜੀਤ' ਦਾ ਸਹਿਜ ਸੁਭਾਅ ਬਣ ਗਿਆ ਹੈ। ਪੰਜਾਬ ਦੇ ਵਿਕਾਸ ਲਈ ਸੁਚੱਜੀ ਯੋਜਨਾਬੰਦੀ ਬਾਰੇ ਜਿਹੜੀ ਆਮ ਰਾਏ 'ਅਜੀਤ' ਨੇ ਆਪਣੇ ਸੰਪਾਦਕੀਆਂ ਅਤੇ ਹੋਰ ਲੇਖਾਂ ਨਾਲ ਬਣਾਈ ਹੈ ਉਸ ਨੇ ਸਰਕਾਰਾਂ ਨੂੰ ਇਸ ਪਾਸੇ ਵਲ ਸੋਚਣ ਲਈ ਮਜਬੂਰ ਕੀਤਾ ਹੈ। ਲੋਕਾਂ ਨੂੰ ਯਾਨੀ ਜਨ ਸਾਧਾਰਨ ਨੂੰ ਇਹ ਸਮਝ ਬਣਾਉਣ ਲਈ ਪ੍ਰੇਰਿਆ ਹੈ ਕਿ ਜਿੰਨੀ ਜ਼ਿੰਮੇਵਾਰੀ ਸਰਕਾਰਾਂ ਅਤੇ ਅਖ਼ਬਾਰਾਂ ਦੀ ਹੈ, ਓਨੀ ਹੀ ਜ਼ਿੰਮੇਵਾਰੀ ਹਰ ਵਿਅਕਤੀ ਦੀ ਵੀ ਹੈ ਕਿ ਉਹ ਆਪਣੇ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਅਤੇ ਵਰਤਾਰਿਆਂ ਬਾਰੇ ਸੁਚੇਤ ਵੀ ਹੋਵੇ। ਇਨ੍ਹਾਂ ਵਰਤਾਰਿਆਂ ਅਤੇ ਘਟਨਾਵਾਂ ਦਾ ਰੁਖ ਮਾਨਵੀ ਕਲਿਆਣ ਦੀ ਦਿਸ਼ਾ ਵਲ ਮੋੜਨ ਲਈ ਯਤਨਸ਼ੀਲ ਵੀ ਹੋਵੇ।

ਅਜਿਹੀ ਸਥਿਤੀ ਦਾ ਪ੍ਰਗਟਾਵਾ ਨਾ ਸਿਰਫ਼ ਪ੍ਰਸ਼ਨਾਵਲੀ ਵਿਚ ਭਰੇ ਗਏ ਪਾਠਕਾਂ ਦੇ ਜਵਾਬਾਂ ਤੋਂ ਹੋਇਆ ਸਗੋਂ ਉਨ੍ਹਾਂ ਵੱਲੋਂ ਦਿੱਤੇ ਗਏ ਸੁਝਾਵਾਂ ਤੋਂ ਵੀ ਜ਼ਾਹਿਰ ਹੈ ਕਿ ਉਹ 'ਅਜੀਤ' ਤੋਂ ਕਿਸ ਤਰ੍ਹਾਂ ਦੀ ਤਵਕੋਂ ਰੱਖਦੇ ਹਨ। ਕਿਵੇਂ ਉਹ ਆਪਣਾ ਭਵਿੱਖ ਇਸ ਅਖ਼ਬਾਰ ਦੇ ਭਵਿੱਖ ਵਿਚ ਵੇਖਦੇ ਹਨ। 'ਅਜੀਤ' ਦੇ ਪੰਨੇ ਉਨ੍ਹਾਂ ਦੀ ਸਮਾਜਿਕਤਾ, ਉਨ੍ਹਾਂ ਦਾ ਸੱਭਿਆਚਾਰ, ਉਨ੍ਹਾਂ ਦਾ ਧਰਮ, ਉਨ੍ਹਾਂ ਦੀ ਰਾਜਨੀਤੀ ਅਤੇ ਉਨ੍ਹਾਂ ਦਾ ਕੱਲ੍ਹ-ਵਰਤਮਾਨ ਅਤੇ ਭਵਿੱਖ ਹਨ।

ਦੂਰ-ਦੁਰਾਡੇ ਦੇ ਪਿੰਡਾਂ ਤੱਕ ਫੈਲੇ ਹੋਏ 'ਅਜੀਤ' ਦੇ ਪਾਠਕਾਂ ਨੂੰ ਦਿੱਤੀ ਗਈ ਪ੍ਰਸ਼ਨਾਵਲੀ ਇਨ੍ਹਾਂ ਸਾਰੇ ਰੱਹਸਾਂ ਤੋਂ ਪਰਦਾ ਉਠਾਉਣ ਵਿਚ ਕਾਮਯਾਬ ਹੋਈ ਹੈ। ਇਸ ਨਾਲ ਇਕ ਅਜਿਹਾ ਸੱਚ ਸਾਹਮਣੇ ਆਇਆ ਹੈ,

ਜਿਹੜਾ ਇਕ ਨਿਰਪੱਖ ਸਰਵੇਖਣ ਦਾ ਅਦੁੱਤੀ ਪ੍ਰਯੋਗ ਹੋਣ ਦੇ ਨਾਲ-ਨਾਲ ਖੋਜ ਕਾਰਜ ਦੀ ਨਿਵੇਕਲੀ ਵਿਧੀ ਵੀ ਹੈ। ਇਸੇ ਕਰਕੇ ਜਿਹੜੇ ਪਿੰਡਾਂ ਨੂੰ ਇਸ ਸਰਵੇਖਣ ਲਈ ਆਧਾਰ ਬਣਾਇਆ ਗਿਆ ਹੈ, ਉਨ੍ਹਾਂ ਵਿਚ ਸਾਰੇ ਇਲਾਕਿਆਂ ਅਤੇ ਸਾਰੇ ਤਬਕਿਆਂ ਨੂੰ ਤਰਜੀਹ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਮੇਂ ਅਤੇ ਸਾਧਨਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਤਰ੍ਹਾਂ ਦੀ ਖੋਜ-ਵਿਧੀ (Research methodology) ਇਸ ਕਾਰਜ ਲਈ ਵਧੇਰੇ ਢੁੱਕਵੀਂ ਪ੍ਰਤੀਤ ਹੋਈ ਹੈ। ਅਜਿਹੀ ਪਰਿਕਲਪਨਾ (hypothesis) ਨੂੰ ਸ਼ੋਧ ਪੱਤਰ (Thesis) ਵਿਚ ਬਦਲਣ ਲਈ ਵਧੇਰੇ ਸਹਾਈ ਹੋ ਸਕੀ ਹੈ।

'ਅਜੀਤ' ਅਖ਼ਬਾਰ ਦੀ ਜਾਣ-ਪਛਾਣ, ਇਸ ਦੇ ਇਤਿਹਾਸਕ ਅਤੇ ਵਿਚਾਰਧਾਰਕ ਪਿਛੋਕੜ ਤੋਂ ਸ਼ੁਰੂ ਹੋਇਆ, ਇਹ ਸ਼ੋਧ ਸਫ਼ਰ ਇਨ੍ਹਾਂ ਸਥਾਪਨਾਵਾਂ ਤੱਕ ਪਹੁੰਚਿਆ ਹੈ ਕਿ 'ਅਜੀਤ' ਅਖ਼ਬਾਰ ਰਾਹੀਂ ਆਪਣੀਆਂ ਬੁਲੰਦੀਆਂ ਉੱਤੇ ਪਹੁੰਚਿਆ, ਪੰਜਾਬੀ ਪੱਤਰਕਾਰੀ ਦਾ ਇਹ ਗੌਰਵਮਈ ਸਫ਼ਰ ਪਿੰਡਾਂ ਦੇ ਵਿਕਾਸ ਵਿਚ ਨਿਭਾਈ ਗਈ ਭੂਮਿਕਾ ਦੀ ਇਕ ਅਜਿਹੀ ਦਾਸਤਾਨ ਹੈ, ਜਿਸ ਦਾ ਪਹਿਲਾ ਅਧਿਆਏ ਇਸ ਦੇ ਬਾਨੀ-ਸੰਪਾਦਕ ਡਾ: ਸਾਧੂ ਸਿੰਘ ਹਮਦਰਦ ਨੇ ਸਰਬ ਸਾਂਝੀਵਾਲਤਾ ਦੇ ਫਲਸਫ਼ੇ ਨੂੰ ਅਪਣਾ ਕੇ ਅਤੇ ਗੁਰਮਤਿ ਸਿਧਾਂਤਾਂ ਨੂੰ ਪੰਜਾਬੀਅਤ ਦੀ ਪਛਾਣ ਨਾਲ ਓਤਪੋਤ ਕਰਕੇ ਅੱਧੀ ਸਦੀ ਤੋਂ ਵੀ ਪਹਿਲਾਂ ਲਿਖ ਦਿੱਤਾ ਸੀ। ਇਸ ਇਤਿਹਾਸਕ ਅਤੇ ਵਿਚਾਰਧਾਰਕ ਪਹਿਲੂ ਨੇ ਇਸ ਅਖ਼ਬਾਰ ਦੇ ਅਜਿਹੀਆਂ ਬੁਲੰਦੀਆਂ ਉੱਤੇ ਪਹੁੰਚਣ ਦਾ ਰਾਹ ਇਸ ਕਦਰ ਪੱਧਰਾ ਕਰ ਦਿੱਤਾ ਕਿ ਅੱਜ ਦਾ 'ਅਜੀਤ' ਸ਼ਬਦ 'ਅਖ਼ਬਾਰ' ਦਾ ਪ੍ਰਆਇਵਾਦੀ ਬਣ ਗਿਆ ਹੈ। ਅੱਜ ਭਾਰਤ ਭੂਮੀ ਦੇ ਇਸ ਉੱਤਰੀ ਪੱਛਮੀ ਹਿੱਸੇ ਯਾਨੀ ਪੰਜਾਬ ਦਾ ਕੋਈ ਵੀ ਵਾਸੀ, ਓਨਾ ਚਿਰ ਆਪਣੀ ਆਵਾਜ਼ ਨੂੰ ਮੁਕੰਮਲ ਨਹੀਂ ਸਮਝਦਾ, ਜਿੰਨਾ ਚਿਰ ਇਹ ਆਵਾਜ਼ 'ਅਜੀਤ' ਨਾਲ ਇਕਸੁਰ ਨਹੀਂ ਹੋ ਜਾਂਦੀ। 'ਅਜੀਤ' ਵਿਚ ਛਪੀ ਸਮੱਗਰੀ ਪੰਜਾਬੀਅਤ ਦੀ ਪਛਾਣ ਵਾਂਗ ਹੈ ਅਤੇ ਪੰਜਾਬੀਅਤ ਦੀ ਪਛਾਣ 'ਅਜੀਤ' ਵਿਚ ਛਪੇ ਕਾਲਮਾਂ ਵਿਚ ਜਿਊਂਦੀ ਹੈ। ਪਿੰਡ-ਪਿੰਡ, ਸ਼ਹਿਰ-ਸ਼ਹਿਰ, ਗਲੀ-ਗਲੀ, ਘਰ-ਘਰ ਜੋ ਕੁਝ ਵਾਪਰਦਾ ਹੈ, ਜੋ ਕੁਝ ਵਾਪਰਨਾ ਚਾਹੀਦਾ ਹੈ, ਜੋ ਕੁਝ ਵਾਪਰ ਚੁੱਕੇ ਦਾ ਪਰਤੌ ਹੈ, ਇਹ ਸਭ ਕੁਝ 'ਅਜੀਤ' ਵਿਚ ਛਪੇ ਸ਼ਬਦਾਂ ਤੋਂ ਸਾਕਾਰ ਹੁੰਦਾ ਹੈ। ਸਰਕਾਰੇ-ਦਰਬਾਰੇ, ਹੱਟੀ-ਭੱਠੀ ਹਰ ਜਗ੍ਹਾ 'ਅਜੀਤ' ਦੀ ਆਵਾਜ਼ ਗੂੰਜਦੀ ਹੈ। ਇਹ ਗੂੰਜ ਪੰਜਾਬ ਦੇ ਵਿਕਾਸ ਦੀ ਰਫ਼ਤਾਰ ਦੱਸਦੀ ਹੈ। ਅਗਰ ਇਹ ਰਫ਼ਤਾਰ ਧੀਮੀ ਹੈ ਤਾਂ ਇਸ ਵਿਚੋਂ ਇਸ ਨੂੰ ਤੇਜ਼ ਕਰਨ ਦੀ ਤੜਫ਼ ਸੁਣਦੀ ਹੈ। ਅਗਰ ਇਹ ਰਫ਼ਤਾਰ ਤੇਜ਼ ਹੈ ਤਾਂ ਇਸ ਵਿਚੋਂ ਹੁਲਾਸ ਝਲਕਦਾ ਹੈ।

ਇਸ ਸ਼ੋਧ-ਪ੍ਰਬੰਧ ਵਿਚ ਪੇਸ਼ ਕੀਤਾ ਗਿਆ ਸਰਵੇਖਣ ਇਸ ਸ਼ੋਧ ਕਾਰਜ ਦੀ ਪ੍ਰਕਿਰਤੀ ਅਤੇ ਪ੍ਰਕਾਰਜ ਨੂੰ ਅਜਿਹੀ ਪ੍ਰਮਾਣਿਕ ਅਕਾਦਮਿਕ ਸਮੀਖਿਆ ਤੱਕ ਵਿਸਤਾਰਦਾ ਹੋਇਆ ਪਿੰਡਾਂ ਦੇ ਵਿਕਾਸ ਵਿਚ ਨਿਭਾਈ ਗਈ 'ਅਜੀਤ' ਦੀ ਭੂਮਿਕਾ ਦੀ ਸਹੀ ਤਸਵੀਰ ਉਜਾਗਰ ਕਰਨ ਦੇ ਨਾਲ-ਨਾਲ ਪ੍ਰਮਾਣਿਕ ਸ਼ੋਧ-ਕਾਰਜ ਦੇ ਠੋਸ ਪਹਿਲੂਆਂ ਨੂੰ ਵੀ ਸਥਾਪਤ ਕਰਦਾ ਹੈ। ਸਰਵੇਖਣ ਅਤੇ ਸਮੀਖਿਆ ਦੀਆਂ ਇਹ ਨਵੀਆਂ ਸਿਖ਼ਰਾਂ ਇਸ ਸ਼ੋਧ ਪ੍ਰਬੰਧ ਦਾ ਹਾਸਲ ਹਨ।

# ਪੁਸਤਕ ਸੂਚੀ

## ਪੰਜਾਬੀ


- ਸਿੰਘ, ਅਮਰਜੀਤ (੨੦੧੦), 'ਪੰਜਾਬੀਅਤ ਦਾ ਆਲਮ ਬਰਦਾਰ', ਬਰਜਿੰਦਰ ਸਿੰਘ ਹਮਦਰਦ, ਵਰਤਮਾਨ ਪ੍ਰਕਾਸ਼ਨ, ਨਵੀਂ ਦਿੱਲੀ
- ਹਮਦਰਦ, ਸਾਧੂ ਸਿੰਘ (੨੦੧੦), 'ਯਾਦ ਬਣੀ ਇਤਿਹਾਸ', 'ਅਜੀਤ' ਪ੍ਰਕਾਸ਼ਨ, ਜਲੰਧਰ
- ਹਮਦਰਦ, ਬਰਜਿੰਦਰ ਸਿੰਘ (੨੦੦੪), 'ਤਰਕਸ਼ੀਲਤਾ ਦਾ ਚਾਨਣ', ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ
- ਹਮਦਰਦ, ਬਰਜਿੰਦਰ ਸਿੰਘ (੨੦੦੨), 'ਵਿਰਸੇ ਦਾ ਗੌਰਵ', ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ
- ਹਮਦਰਦ, ਬਰਜਿੰਦਰ ਸਿੰਘ (੨੦੦੨), 'ਜੋਤ ਜਗਦੀ ਰਹੇਗੀ', ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ
- ਹਮਦਰਦ, ਬਰਜਿੰਦਰ ਸਿੰਘ (੨੦੦੩), 'ਪੈਂਡਾ ਬਾਕੀ ਹੈ', ਪ੍ਰਕਾਸ਼ਕ ਕੁਲਬੀਰ ਸਿੰਘ ਸੂਰੀ
- ਹਮਦਰਦ, ਬਰਜਿੰਦਰ ਸਿੰਘ (੧੯੯੯), 'ਛੋਟੇ-ਛੋਟੇ ਦਾਇਰੇ' ਪ੍ਰਕਾਸ਼ਕ ਕੁਲਬੀਰ ਸਿੰਘ ਸੂਰੀ.
- ਹਮਦਰਦ, ਬਰਜਿੰਦਰ ਸਿੰਘ (੨੦੦੪), 'ਮਿੱਟੀ ਦਾ ਮੋਹ' ,ਪ੍ਰਕਾਸ਼ਕ ਕੁਲਬੀਰ ਸਿੰਘ ਸੂਰੀ
- ਹਮਦਰਦ, ਬਰਜਿੰਦਰ ਸਿੰਘ (੨੦੦੩), 'ਮੋਮਬੱਤੀਆਂ ਦੀ ਲੋਅ' ਪ੍ਰਕਾਸ਼ਕ ਕੁਲਬੀਰ ਸਿੰਘ ਸੂਰੀ
- ਕਪੂਰ, ਨਰਿੰਦਰ ਸਿੰਘ (੧੯੮੮), 'ਪੰਜਾਬੀ ਪੱਤਰਕਾਰੀ ਦਾ ਵਿਕਾਸ' ਭਾਸ਼ਾ ਵਿਭਾਗ, ਪੰਜਾਬ
- ਦੁੱਗਲ, ਕਮਲੇਸ਼ ਸਿੰਘ (੧੯੯੮), 'ਪੰਜਾਬੀ ਪੱਤਰਕਾਰੀ ਤੇ ਮਿਡਲ ਲੇਖ', ਸੋਕੀ ਪਬਲਿਸ਼ਰ, ਜਲੰਧਰ
- 'ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ-ਕੁਝ ਦ੍ਰਿਸ਼ਟੀਕੋਣ' ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1989.
- ਹਮਦਰਦ, ਸਾਧੂ ਸਿੰਘ (੨੦੦੪), 'ਯਾਦ ਬਣੀ ਇਤਿਹਾਸ', ਅਜੀਤ ਪ੍ਰਕਾਸ਼ਨ ਸਮੂਹ, ਜਲੰਧਰ
- ਸੰਧੂ, ਗੁਲਜ਼ਾਰ ਸਿੰਘ ਅਤੇ ਜੌਹਲ, ਨਵਜੀਤ ਸਿੰਘ (੧੯੯੫), 'ਪੰਜਾਬੀ ਪੱਤਰਕਾਰੀ, ਨਿਕਾਸ, ਵਿਕਾਸ ਅਤੇ ਸਮੱਸਿਆਵਾਂ', ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਦੁੱਗਲ, ਕਮਲੇਸ਼ ਸਿੰਘ 'ਮਿਡਲ ਲੇਖ'
- ਕਪੂਰ, ਨਰਿੰਦਰ ਸਿੰਘ (੧੯੮੮), 'ਪੰਜਾਬੀ ਪੱਤਰਕਾਰੀ ਦਾ ਵਿਕਾਸ', ਪੰਜਾਬੀ ਯੂਨੀਵਰਸਿਟੀ ਪਟਿਆਲਾ

## ਅੰਗਰੇਜ਼ੀ


1. Abraham Francis (1980),”Perspectives on Modernization Toward a General Theory of Third World Development”, Washington, D. C. University Press of America.

2. Adams M. E. (1982), “Agricultural Extension in Developing Countries.”, Longman group limited, Longman house. Essex. UK.

3. Adams W.M. (1995), “Green Development Theory?” In J. Crush (Ed.) Power of Development. London: Routledge PP. 87-99.

4. Adelman, I and C.T. Marris (1973), “Economic Growth and Social Equity in Developing Countries”, *Palo Alto, CA*: *Stanford University Press*.

5. Alamgir Mohiuddin (1988), “Poverty Alleviation Through Participatory Development.” Development Encyclopedia.

6. Alvaus, C (1992), “Science”. In W. Sachqs (Ed.) Development Dictionary. London. Zed Book.

7. Adisehiah. Hegde, R., Das Gupta, A & Fernandes, G (1994), “Decentralized Planning and Panchayati Raj”, New Delhi, Institute of Social Sciences and Concept Publishing Company.

8. Ascrogt, J. and R. Agung, (1994), “Diffusion Theory and Pacticipastory Decision- Making In S.A. White KS, Nair, and J, Ascorft (Eds) Paitiapatory Communication.” Working for change and development. New Delhi. India : Sage.

9. Ascorft, Joseph and Gay Gleason (1980),Communication Support in Knowledge Utilization and Rural Development in Conference on Communication, Human Evolution and Devleopment of International Communication Association. Acapureo, Maxico

10. Aggarwal, Virbala (2002), “Media And Society New Delhi”, Concept Publishing Company

11. Belbase, Subhadra (1987), “Development communication A Nepati Experience”, Nepal, Asian may communication Research and Information Centre

12. Behor, Deniel and James Harison (1977), “Agricultural Extension. The Training and Practice System”, Washington, DC : World Bank

13. Berlo, David K (1960), “The Process Of Communication An Introduction To Theory And Practice, Sam Francisco Rinehart Press

14. Bose, Joel S. G.R. (2003), “NGO’s And Rural Development New Delhi. Concept Publishing Company.

15. Blummer, J. and E. Katz (1974), “The uses of Mars Communication : Current Perspectives on Gratifications research”, Beverly Hills, LA : Sage

16. Brundilana, Gro Haclem (1989), “Sustainable Development : An Overview”, Development, 2(3). pp. 13-14.

17. Chambers, Robert (1983), “Rural Development : Putting the Last First”, New York : Longman.

18. Coleman. James. Elihu Katz and Herbert Menzel (1957). "The Diffusion of an Innovation Among Physicians." SociometrY, 20 (December). 253-27022.

19. Cowen, M and R. Sherton(1995), “The Imention of Development” In J Gush (Ed.) Power of Development. London : Rothedge. pp. 27-43.

20. Kothari, Gulab (1995), “Newspaper Management in India”, Intercultural Open University Foundation.

21. McMichael Philip (2000), “Development and Social Change: A Global Perspective”, *SAGE Publications.*

22. Mcphail L. Thomal (2009), “Development Communication : Reforming the Role of the Media”, United Kingdom. Blackwell Publishing.

23. Moseley, Malcolm J. (2003), “Rural Development; Principle and Practice”, Sage Publications.

24. Servers Jan (2008), “Communication For Development And Social Change”, Sage Publications India Pvt. Ltd.

25. Parsad, Kiran (2009), “Communication For Development : Reinventing Theory & Action”,Volume II. Delhi. B.R. Publishing Corporation

26. Pati, Jagannath (2004), “Media And Tirbal Development”, New Delhi, Concept Publishing Company

27. Rai, Anil K. (2006), “Issues & Challenges or Mass Media”, New Delhi. Shri Publishers & Distributers.

28. Padhy K. S., Sahu R. N (1997), “The Press in India – Perspective in Development and Relevance”, New Delhi: Kanishka Publishers.

**ਹਿੰਦੀ**

1. गौतम सुरेश, गौतम वीणा (२००१), भारतीय पत्रकारिता कल, आज और कल, सत्साहित्य प्रकाशन, दिल्ली

2. चोपड़ा लक्ष्मेंद (२००२), जनसंचार का समाजशाज़, आधार प्रकाशन, पंचकूला (हरियाणा)

3. द्विवेदी मनीशा, शर्मा शशीप्रभा (२००६), पत्रकारिता के सिद्धांत एवं मूल तत्व, कनिष्क पब्लिशर्स, डिस्ट्रीब्यूटर्स, नई दिल्ली

4. शर्मा अशोक कुमार (डॉ.)(१९९७), संचार क्रांति और हिन्दी पत्रकारिता, विश्वविद्यालय प्रकाशन, वाराणसी